INTERNATIONAL MAGAZINE
RNI No. 61816/95

Date of Publishing : 25/12/2015
Page No. From 1 to 68
Date of Posting 31/12/2015
Last Date of Every Month
Posted by MBU

30/-

Postal Regd. No. CHD/0081/2015-17



# ਆਤਮ ਮਾਰਗ

ਸਾਲ ਇੱਕੀਵਾਂ, ਮਹੀਨਾ ਜਨਵਰੀ, 2016

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ
ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ
ਬਾਨੀ
ਸਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

ਐਡੀਟਰ-ਇਨ-ਚੀਫ
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ


## ਆਤਮ ਮਾਰਗ ਸਬੰਧੀ ਪੁੱਛਗਿਛ

9417214391, 9592009106

Postal Address for any Enquiry, Money Order, Cheque and drafts :

**VISHAV GURMAT ROOHANI MISSION CHARITABLE TRUST**
**Gurdwara Ishar Parkash, Ratwara Sahib**
(Near Chandigarh) P.o. Mullanpur Garibdas, Teh.
Kharar, Distt. S.A.S Nagar (MOHALI) - 140901, Pb. India

Registration Under Foreign Contribution (Regulation) Act 1976 R.No.115320023

Exemption U/S 80-G vide Cir. No. 7/2010 [F.No. 197/21/2010-ITA-II]

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| ਸਾਲਾਨਾ | ਜੀਵਨ ਕਾਲ |
|---|---|
| $ 60/- | $ 600/- |

Please visit us on internet at :-
For Atam Marg Email : atammarg1@yahoo.co.in,
Website - www.ratwarasahib.in
for other information :
Email :sratwarasahib.in@gmail.com

**ਹੋਰ ਸੰਪਰਕ ਨੰਬਰ** :- 94172-14391, 94172-14381,9417214379 96461-01996, 98889-10777


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## ਮੈਗਜ਼ੀਨ ਨਾ ਪਹੁੰਚਣ ਸਬੰਧੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਰੀਕ ਤੱਕ ਮੈਗਜੀਨ ਨਹੀਂ ਪਹੁੰਚਦਾ ਤਾਂ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 6.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 9417214391, 9592009106, 9417214379
Email : atammarg1@yahoo.co.in

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ** - ਬਾਬਾ ਸਤਨਾਮ ਸਿੰਘ ਅਟਵਾਲ
ਫੋਨ ਅਤੇ ਫੈਕਸ : 001-408-263-1844

**ਕਨੇਡਾ** - ਭਾਈ ਸਰਮੁਖ ਸਿੰਘ ਪੰਨੂੰ, ਵੈਨਕੂਵਰ
ਫੋਨ : 001-604-433-0408
ਭਾਈ ਤਰਸੇਮ ਸਿੰਘ ਬੈਂਸ - ਮੋਬਾਇਲ : 001-604-862-9525
ਫੋਨ : 001-604-599-5000
ਭਾਈ ਜਸਬੀਰ ਸਿੰਘ ਰਾਣੂ ਫੋਨ : 001-604-589-9189

**ਇੰਗਲੈਂਡ**- ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
ਫੋਨ : 0044-121-200-2818
ਫੈਕਸ : 0044-121-200-2879
ਭਾਈ ਅਰਵਿੰਦਰ ਸਿੰਘ (ਰਾਜ) ਮੋਬਾਇਲ : 0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ : ਮੋਬਾਇਲ - 0061-406619858

## ਸੰਸਥਾ ਦੇ ਅਦਾਰੇ - ਸੰਪਰਕ ਨੰਬਰ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ, ਹਿੰਦੀ, ਅੰਗ੍ਰੇਜ਼ੀ)
   9417214391, 9417214379, 9814612900
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ (CBSE) ਫੋਨ: 0160-2255003
3. ਮਾਤਾ ਸਾਹਿਬ ਕੌਰ ਫਰੀ ਸਿਲਾਈ ਸੈਂਟਰ
   ਮੋਬਾਇਲ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ (PSEB)
   ਫੋਨ : 95920-55581, 01602255004
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ
   ਮੋਬਾਇਲ : 98786-95178
6. ਮਾਤਾ ਰਣਜੀਤ ਕੌਰ ਕਾਲਜ ਆਫ ਨਰਸਿੰਗ
   ਮੋਬਾਇਲ : 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ (ਬੀ.ਐੱਡ) ਮੋਬਾਇਲ : 94172-14382
8. ਅਕਾਲ ਬਿਰਧ ਆਸ਼ਰਮ (ਫਰੀ)
   ਮੋਬਾਇਲ : 98157-28220

### ਵਿਸ਼ੇਸ਼ ਜਾਣਕਾਰੀ ਲਈ

ਸ੍ਰੀ ਮਾਨ ਜੀ - 98551-32009
ਸ੍ਰੀ ਅਖੰਡਪਾਠ ਸਾਹਿਬ ਸੇਵਾ - 96532-18294
ਆਡੀਓ-ਵੀਡੀਓ ਲਾਇਬ੍ਰੇਰੀ - 98728-14385
98555-28517, 94172-14385

**ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਦੇ ਵੀਡੀਓ ਪ੍ਰਵਚਨ ਹਰ ਰੋਜ਼ ਸਵੇਰੇ F/W (ਫਾਸਟ ਵੇਅ) ਚੈਨਲ ਤੇ ਸਵੇਰੇ 6.30 ਤੋਂ 7.30 ਤੱਕ ਵੇਖਣ ਦੀ ਕ੍ਰਿਪਾਲਤਾ ਕਰੋ ਜੀ।**

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *ਭਾਈ ਸੁਖਵਿੰਦਰ ਸਿੰਘ* | |
| 2. | ਬਾਰਹਮਾਹਾ | 7 |
| | *ਸੰਤ ਬਾਬਾ ਵਰਿਆਮ ਸਿੰਘ ਜੀ* | |
| 3. | ਬਾਬਾ ਏਹੁ ਲੇਖਾ ਲਿਖਿ ਜਾਣੁ | 11 |
| | *ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਬਾਂਧੈ ਭਗਤੁ ਨ ਛੂਟੈ ਮੋਹਿ | 20 |
| | *ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਜਨਮੁ ਪਦਾਰਥੁ ਸਫਲੁ ਹੋਇ | 25 |
| | *ਸੰਤ ਬਾਬਾ ਲਖਬੀਰ ਸਿੰਘ ਜੀ* | |
| 6. | ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ | 30 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 7. | ਹਮ ਇਹ ਕਾਜ ਜਗਤ ਮੋ ਆਏ | 31 |
| | *ਸੰਤ ਬਾਬਾ ਵਰਿਆਮ ਸਿੰਘ ਜੀ* | |
| 8. | ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ | 48 |
| | *ਡਾ. ਜਗਜੀਤ ਸਿੰਘ* | |
| 9. | ਗੁਰਬਾਣੀ ਅਰਥ-ਭੰਡਾਰ | 50 |
| | *ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ* | |
| 10. | ਗੁਰੂ ਨਾਨਕ ਆਗਮਨ | 53 |
| | *ਡਾ. ਭਾਈ ਵੀਰ ਸਿੰਘ ਜੀ* | |
| 11. | ਸੱਤਵੇਂ ਰਤਨ - ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ | 58 |
| | *ਗਿਆਨੀ ਮੇਹਰ ਸਿੰਘ* | |
| 12. | ਪੂਰਨ ਤੰਦਰੁਸਤੀ ਲਈ ਅਨੁਭਵੀ ਮਾਰਗ | 61 |
| | *ਡਾ. ਸਵਾਮੀ ਰਾਮ ਜੀ* | |
| 13. | ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਦੇ ਦੀਵਾਨ, ਬੈਂਕ ਅਕਾਊਂਟ, ਮੈਂਬਰਸ਼ਿਪ ਫਾਰਮ, ਹਸਪਤਾਲ ਅਤੇ ਪੁਸਤਕ ਸੂਚੀ | 63 |

# ਸੰਪਾਦਕੀ

ਦਸੰਬਰ ਦਾ ਮਹੀਨਾ ਸਿੱਖੀ ਦੇ ਮਹਾਨ ਵਿਰਸੇ ਦੀਆਂ ਸ਼ਹੀਦੀਆਂ ਨਾਲ ਭਰਪੂਰ ਗਾਥਾਵਾਂ ਨਾਲ ਸੰਬੰਧਿਤ ਹੈ। ਇਸ ਮਹੀਨੇ ਦੀਆਂ ਘਟਨਾਵਾਂ ਨੇ ਜ਼ੋਰ, ਜ਼ੁਲਮ, ਅਨਿਆਂ ਦੇ ਵਿਰੁੱਧ ਜੂਝ ਕੇ ਸ਼ਹੀਦੀਆਂ ਪਾਉਣ ਦਾ ਸਬਕ ਸਿਖਾਇਆ। ਧਰਮ ਦੇ ਬੁਨਿਆਦੀ ਅਸੂਲਾਂ ਅਤੇ ਧਰਮ ਦੀ ਸੁਤੰਤਰਤਾ ਦੀ ਕਾਇਮੀ ਵਾਸਤੇ ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦਿਤੀ। ਅਸਲ ਵਿਚ ਇਹ ਸ਼ਹਾਦਤ ਹੈ ਹੀ ਮਨੁੱਖੀ ਅਧਿਕਾਰਾਂ ਦੀ ਰੱਖਿਆ ਹਿਤ ਸੀ। ਅੱਜ ਦੇ ਗਲੋਬਲੀ ਦੌਰ ਵਿਚ ਮਨੁੱਖੀ ਅਧਿਕਾਰਾਂ ਦਾ ਘਾਣ ਵਧਦਾ ਜਾ ਰਿਹਾ ਹੈ। ਜ਼ੋਰ-ਜ਼ੁਲਮ ਅਤੇ ਕੂੜ ਭਰਪੂਰ ਇਸ ਜੁੱਗ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਅਵਾਜ਼ ਬੁਲੰਦ ਕਰਨ ਲਈ ਬਹੁਤ ਉਪਰਾਲੇ ਹੋ ਰਹੇ ਹਨ। ਪਰ ਅਸਲ ਮਾਅਨਿਆਂ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਦੇ ਸਬਕ ਦੀ ਪੂਰਨਤਾ ਧੰਨ ਗੁਰੂ ਤੇਗ ਬਹਾਦਰ ਜੀ ਵਲੋਂ ਅਤੇ ਉਨ੍ਹਾਂ ਦੇ ਸਿਦਕੀ ਸਿੱਖਾਂ ਵਲੋਂ ਸ਼ਹਾਦਤ ਦੇ ਕੇ ਕੀਤੀ ਗਈ। ਅੱਜ ਲੋੜ ਹੈ ਇਨ੍ਹਾਂ ਮਹਾਨ ਸ਼ਹਾਦਤਾਂ ਦੇ ਸੰਕਲਪ ਨੂੰ ਸੰਸਾਰ ਪੱਧਰ ਤੇ ਪ੍ਰਸਾਰਣ ਦੀ। ਸਾਡੇ ਦੇਸ਼ ਨੂੰ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਵਾਲੇ ਦਿਨ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਦਿਨ ਵਜੋਂ ਯਾਦ ਕਰਨਾ ਚਾਹੀਦਾ ਹੈ। ਦਸੰਬਰ ਮਹੀਨੇ ਵਿਚ ਹੋਈਆਂ ਸ਼ਹਾਦਤਾਂ ਇਕ ਨਿਵੇਕਲਾ ਪ੍ਰਸੰਗ ਸਥਾਪਿਤ ਕਰਦੀਆਂ ਹਨ। ਦੂਸਰੇ ਦੇ ਸੱਚ ਨੂੰ ਸੱਚ ਮੰਨਦੇ ਹੋਏ ਉਸਦਾ ਸਤਿਕਾਰ ਕਰਨਾ ਧਰਮ ਦੀ ਦੁਨੀਆਂ ਵਿਚ ਵਸਣ ਵਾਲੇ ਸਤਿਪੁਰਸ਼ਾਂ ਦਾ ਮੁੱਢਲਾ ਫਰਜ਼ ਬਣਦਾ ਹੈ। ਇਸ ਫਰਜ਼ ਨੂੰ ਨਿਭਾਉਂਦਿਆਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਕੁਰਾਨ ਤੇ ਗੀਤਾ ਦੀ ਜਾਮਨੀ ਤੇ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿਤਾ। ਭਾਵੇਂ ਬਾਅਦ ਵਿਚ ਉਨ੍ਹਾਂ ਬੇਈਮਾਨਾਂ ਨੇ ਕਸਮਾਂ ਖਾ ਕੇ ਤੋੜ ਦਿਤੀਆਂ ਪਰ ਸਤਿਗੁਰੂ ਜੀ ਨੇ ਦੂਜੇ ਧਰਮ ਗ੍ਰੰਥਾਂ ਦੀ ਆਨ ਸ਼ਾਨ ਨੂੰ ਬਰਕਰਾਰ ਰੱਖਿਆ। ਉਸ ਤੋਂ ਬਾਅਦ ਸ੍ਰੀ ਚਮਕੌਰ ਸਾਹਿਬ ਦੀ ਜੰਗ ਵਿਚ 'ਸਵਾ ਲਾਖ ਸੇ ਏਕ ਲੜਾਊਂ' ਦੇ ਸਿਧਾਂਤ 'ਤੇ ਚਲਦਿਆਂ ਕੁਝ ਗਿਣਤੀ ਦੇ ਸਿੰਘਾਂ ਨੇ ਲੱਖਾਂ ਫੌਜਾਂ ਦਾ ਟਾਕਰਾ ਕੀਤਾ। ਸੱਚੇ ਪਾਤਸ਼ਾਹ ਨੇ ਆਪਣੇ ਪੁੱਤਰਾਂ ਤੋਂ ਵਧ ਕੇ ਖਾਲਸੇ ਨੂੰ ਪਿਆਰ ਬਖਸ਼ਿਆ। ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਇਸ ਜੰਗ ਵਿਚ ਤਿੰਨ ਪਿਆਰਿਆਂ ਸਮੇਤ ਹੋਰ ਅਨੇਕਾਂ ਸਿੰਘ ਸ਼ਹੀਦ ਹੋਏ। ਛੋਟੇ ਸਾਹਿਬਜ਼ਾਦਿਆਂ ਦੀ ਸਰਹੰਦ ਦੀਆਂ ਨੀਹਾਂ ਵਿਚ ਸ਼ਹੀਦੀ ਅਤੇ ਜਗਤ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਰਹਿੰਦੀ ਦੁਨੀਆਂ ਤੱਕ ਨਿਵੇਕਲਾ ਪ੍ਰਸੰਗ ਸਥਾਪਿਤ ਕਰਦੀਆਂ ਰਹਿਣਗੀਆਂ। ਅਧਰਮੀ ਔਰੰਗਜ਼ੇਬ ਵਲੋਂ ਧਰਮ ਦਾ ਨਾਹਰਾ ਲਾ ਕੇ ਦਰਉਲ-ਇਸਲਾਮ ਕਰਨਾ ਕਿਸੇ ਵੀ ਤਰ੍ਹਾਂ ਧਰਮ ਨਾਲ ਸਬੰਧਿਤ ਨਹੀਂ ਸੀ। ਇਸ ਦੀ ਪੁਸ਼ਟੀ ਜ਼ਫਰਨਾਮੇ ਵਿਚੋਂ ਭਲੀ-ਭਾਂਤ ਦ੍ਰਿਸ਼ਟਮਾਨ ਹੁੰਦੀ ਹੈ। ਅਸਲੀ ਧਰਮੀ ਤਾਂ ਸਾਹਿਬਜ਼ਾਦੇ ਸਨ ਜਿਨ੍ਹਾਂ ਨੇ ਨਿੱਕੀਆਂ ਉਮਰਾਂ ਵਿਚ ਵੱਡੇ ਸਾਕੇ ਕਰਦੇ ਵਿਖਾਏ। ਧਰਮ ਦੇ ਇਤਿਹਾਸ ਵਿਚ ਸਰੀਰ ਕਰਕੇ ਛੋਟੀ ਉਮਰੇ ਸਾਹਿਬਜ਼ਾਦਿਆਂ ਦੀ ਅਤੇ ਸਰੀਰਕ ਵੱਡੀ ਉਮਰੇ ਜਗਤ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਇਕ ਨਿਵੇਕਲੀ ਸ਼ਹਾਦਤ ਹੈ ਜੋ ਕਿ ਸਦੀਵ ਕਾਲ ਤਕ ਸੱਚ ਧਰਮ ਦਾ ਸੁਨੇਹਾ ਦਿੰਦੀ ਰਹੇਗੀ।

ਜਨਵਰੀ ਮਹੀਨੇ ਵਿਚ ਦਸ਼ਮੇਸ਼ ਪਿਤਾ ਦੇ ਪ੍ਰਕਾਸ਼ ਹੁੰਦੇ ਹਨ। ਆਪ ਜੀ ਧਰਮ ਦੇ ਪ੍ਰਕਾਸ਼ ਨੂੰ ਹਨ੍ਹੇਰੀਆਂ ਨੁਕਰਾਂ ਵਿਚ ਪਹੁੰਚਾਉਣ ਲਈ ਪ੍ਰਗਟ ਹੋਏ। ਆਪ ਜੀ ਸਨਮੁੱਖ ਤਿੰਨ ਕਾਰਜ ਪ੍ਰਮੁੱਖ ਸਨ - ਧਰਮ ਚਲਾਉਣਾ, ਸੰਤਾਂ ਦੀ ਰਾਖੀ ਕਰਨੀ ਅਤੇ ਦੁਸ਼ਟਾਂ ਦਾ ਨਾਸ਼ ਕਰਨਾ। ਇਨ੍ਹਾਂ ਤਿੰਨਾਂ ਕਾਰਜਾਂ ਦੀ ਪ੍ਰਫੁਲਤਾ ਲਈ ਆਪ ਜੀਆਂ ਨੇ ਸਰਬੰਸ ਵਾਰ ਕੇ ਇਸ ਦੇਸ਼ ਨੂੰ ਸਦੀਆਂ ਤੋਂ ਗੁਲਾਮੀ ਦੀਆਂ ਪਈਆਂ ਜੰਜ਼ੀਰਾਂ ਤੋਂ ਆਜ਼ਾਦ ਕਰਵਾਇਆ। ਦੁਨੀਆਂ ਦੇ ਇਤਿਹਾਸ ਤੇ ਨਜ਼ਰਸਾਨੀ ਕਰਿਆਂ ਪਤਾ ਚਲਦਾ ਹੈ ਕਿ ਆਪਣੇ ਆਪ ਨੂੰ ਵੱਡੇ-ਵੱਡੇ ਕਹਾਉਣ ਵਾਲੇ ਵੀ ਕਿਸੇ ਸਮੇਂ ਤੇ ਆ ਕੇ ਡੋਲਦੇ ਵੇਖੇ ਹਨ। ਸਮੇਂ ਦੇ ਹਾਲਾਤਾਂ ਨੇ ਉਨ੍ਹਾਂ ਨੂੰ ਇਤਨਾ ਜ਼ਿਆਦਾ ਮਜ਼ਬੂਰ ਕਰ ਦਿਤਾ ਕਿ ਉਹ ਆਪਣੇ ਸਾਹਸ ਤੇ ਬਲ ਹਾਰ ਗਏ ਅਤੇ ਢਹਿੰਦੀ ਕਲਾ ਵਿਚ ਜਾ ਕੇ ਦੁਸ਼ਮਣ ਅੱਗੇ ਹਥਿਆਰ ਸੁੱਟ ਕੇ ਉਸ ਦੀ ਅਧੀਨਗੀ ਪ੍ਰਵਾਨ ਕਰ ਲਈ। ਅਖੀਰ ਉਨ੍ਹਾਂ ਨੂੰ ਗੁਲਾਮੀ ਵਾਲਾ ਜੀਵਨ ਜੀਉਣਾ ਪਿਆ।

ਦੁਨੀਆਂ ਭਰ ਦੇ ਡਿਕਟੇਟਰਾਂ ਦੀਆਂ ਉਦਾਹਰਣਾਂ ਸਾਮ੍ਹਣੇ ਹਨ ਕਿ ਉਨ੍ਹਾਂ ਨੇ ਬੇਸ਼ੱਕ ਥੋੜ੍ਹੇ ਸਮੇਂ ਵਿਚ ਵੱਡੇ ਯੁੱਧ ਜਿੱਤੇ ਪਰ ਆਖਿਰ ਨੂੰ ਹਥਿਆਰ ਸੁੱਟ ਕੇ ਦੁਸ਼ਮਣ ਦੀ ਅਧੀਨਗੀ ਪ੍ਰਾਪਤ ਕਰ ਲਈ। ਸਿੱਖ ਇਤਿਹਾਸ ਵਿਚ ਇੱਕ ਵੀ ਘਟਨਾ ਇਹੋ ਜਿਹੀ ਨਹੀਂ ਸੀ। ਭਾਈ ਗਰਜਾ ਸਿੰਘ, ਭਾਈ ਬੋਤਾ ਸਿੰਘ, ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ, ਚਮਕੌਰ ਸਾਹਿਬ ਦੀ ਜੰਗ ਦੇ ਸ਼ਹੀਦ, ਚਾਲੀ ਮੁਕਤੇ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਸ਼ਹੀਦੀਆਂ ਚੜ੍ਹਦੀ ਕਲਾ ਦੀਆਂ ਪ੍ਰਤੱਖ ਮਿਸਾਲਾਂ ਹਨ।

ਧਾਰਮਿਕ ਦੁਨੀਆਂ ਵਿਚ ਵੀ ਵੱਡਿਆਂ-ਵੱਡਿਆਂ ਨੇ ਪੁੱਤਰਾਂ ਦੇ ਵਿਛੋੜੇ ਸਹਿਨ ਨਹੀਂ ਕੀਤੇ। ਪਰ ਧੰਨ ਹਨ ਦਸ਼ਮੇਸ਼ ਪਿਤਾ ਜੀ ਜਿਨ੍ਹਾਂ ਨੇ ਔਖੇ ਤੋਂ ਔਖੇ ਸਮੇਂ ਵੀ ਸਾਹਸ ਤੇ ਬਲ ਨਹੀਂ ਹਾਰਿਆ। ਸਭ ਕੁਝ ਦੇਸ਼ ਕੌਮ 'ਤੇ ਵਾਰਨ ਤੋਂ ਬਾਅਦ ਮਾਛੀਵਾੜੇ ਦੇ ਜੰਗਲਾਂ ਵਿਚ -

*ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ॥*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,*
*ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ ਖੰਜਰੁ ਪਿਆਲਾ,*
*ਬਿੰਗ ਕਸਾਈਆਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸਥਰੁ ਚੰਗਾ,*

*ਭਠ ਖੇੜਿਆਂ ਦਾ ਰਹਣਾ॥ ਖਿਆਲ ਪਾਤਸ਼ਾਹੀ ੧੦*

ਦਾ ਸ਼ਬਦ ਉਚਾਰਨ ਕਰਦੇ ਹੋਏ ਚੜ੍ਹਦੀ ਕਲਾ ਦਾ ਸੁਨੇਹਾ ਦਿਤਾ। ਆਪ ਜੀਆਂ ਨੇ ਅੱਖਾਂ ਦੇ ਸਾਮ੍ਹਣੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਹੁੰਦੇ ਦੇਖਿਆ। ਚੜ੍ਹਦੀ ਕਲਾ ਦੇ ਜੈਕਾਰੇ ਲਾਏ। ਫੁਰਮਾਨ ਕੀਤਾ ਕਿ ਪ੍ਰਮੇਸ਼ਰ ਦੀ ਅਮਾਨਤ ਪ੍ਰਮੇਸ਼ਰ ਨੂੰ ਅਦਾ ਹੋ ਗਈ।

*ਟੂਟੀ ਗਾਢਨਹਾਰ ਗੋੁਪਾਲ ॥ ਸਰਬ ਜੀਆ ਆਪੇ ਪ੍ਰਤਿਪਾਲ ॥*
*ਅੰਗ - ੨੮੨*

ਦੇ ਸਿਧਾਂਤ 'ਤੇ ਚਲਦਿਆਂ ਗੁਰੂ ਦਸ਼ਮੇਸ਼ ਪਿਤਾ ਨੇ ਮਾਘੀ ਵਾਲੇ ਦਿਨ ਟੁੱਟੀ ਗੰਢੀ। ਜਿਸ ਦਿਨ ਚਾਲੀ ਸਿੰਘਾਂ ਨੂੰ ਆਤਮਿਕ ਤੌਰ 'ਤੇ ਜੋੜ ਕੇ ਚਾਲੀ ਮੁਕਤਿਆਂ ਦਾ ਵਰ ਦਿਤਾ। ਅਸੀਂ ਵੀ ਆਪਣੀ ਪਿਆਰ ਵਾਲੀ ਗੰਢ ਨੂੰ ਮਜ਼ਬੂਤ ਕਰਦੇ ਹੋਏ ਅਰਦਾਸ ਕਰੀਏ -

*ਸਤਿਗੁਰ ਆਇਓ ਸਰਣਿ ਤੁਹਾਰੀ ॥*
*ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥ ੧ ॥ ਰਹਾਉ ॥*
*ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥*
*ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥ ੧ ॥*
*ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥*
*ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥*
*ਅੰਗ - ੭੧੩*

ਅੱਜ ਲੋੜ ਹੈ ਮਾੜੀਆਂ ਅਲਾਮਤਾਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਇਤਿਆਦਿ ਨੂੰ ਬੇਦਾਵੇ ਦੇਣ ਦੀ। ਇਨ੍ਹਾਂ ਦੀ ਜਗ੍ਹਾਂ ਧਰਮ ਦੇ ਸਦਗੁਣਾਂ - ਸਤਿ, ਸੰਤੋਖ, ਧੀਰਜ, ਦਇਆ, ਖਿਮਾ, ਮਿੱਠਾ ਬੋਲਣਾ, ਪਰਉਪਕਾਰੀ ਜੀਵਨ ਆਦਿਕ ਸਦਗੁਣਾਂ ਨਾਲ ਸਾਂਝ ਪਾ ਕੇ, ਗੁਰਬਾਣੀ ਦੇ ਦਰਸਾਏ ਸਿਧਾਂਤਾਂ ਨੂੰ ਜੀਵਨ ਵਿਚ ਧਾਰਨ ਕਰੀਏ।

ਇਸ ਸੰਕਲਪ ਦੀ ਸਦੀਵੀ ਕਾਇਮੀ ਲਈ ਖਾਲਸਾ ਆਦਰਸ਼ ਪ੍ਰਗਟ ਹੋਇਆ। ਖਾਲਸਾ ਇਕ ਪੂਰਨ ਮਨੁੱਖ ਦੀ ਘਾੜਤ ਸੀ। ਇਹ ਪੂਰਨ ਮਨੁੱਖ ਖਾਲਸਾ ਸਰਬ ਸਾਂਝੀਵਾਲ ਸਭ ਨੂੰ ਪਿਆਰ ਕਰਨ ਵਾਲਾ ਆਦਰਸ਼ ਸੀ । ਇਸ ਖਾਲਸੇ ਦੇ ਆਚਾਰ, ਵਿਉਹਾਰ ਨਾਲ ਹੀ ਸੰਸਾਰ ਨੂੰ ਸੁੱਖ-ਸ਼ਾਂਤੀ ਪ੍ਰਦਾਨ ਹੋ ਸਕਦੀ ਹੈ। ਇਹ ਇਕ ਉੱਚਾ ਸੁੱਚਾ ਆਚਰਣ ਹੈ ਜੋ ਸਾਰੀ ਸ੍ਰਿਸ਼ਟੀ ਦੀ ਸੇਵਾ ਸੰਭਾਲ ਕਰਨੀ ਆਪਣਾ ਮੁੱਢਲਾ ਫਰਜ਼ ਸਮਝਦਾ ਹੋਇਆ ਆਪਣੀ ਜਾਨ ਤੱਕ ਵੀ ਕੁਰਬਾਨ ਕਰਦਾ ਹੈ। ਇਹ ਆਦਰਸ਼ ਸੀ ਅਸਲ ਵਿਚ ਗਲੋਬਲੀ (ਵਿਸ਼ਵ ਵਿਆਪੀ) ਸੰਕਲਪ ਦੀ ਪੂਰਨਤਾ। ਇਸ ਸੰਕਲਪ ਵਿਚ ਰਹਿਣ ਵਾਲੇ ਦਾ ਦੇਸ਼, ਬੇਗਮ ਪੁਰਾ ਬਣ ਜਾਂਦਾ ਹੈ ਜਿੱਥੇ ਸਾਰੇ ਬਿਨਾਂ ਕਿਸੇ ਭੇਦ ਭਾਵ, ਊਚ-ਨੀਚ, ਜਾਤ-ਪਾਤ ਦੇ ਬੰਧਨਾਂ ਤੋਂ ਉਪਰ ਉਠ ਕੇ ਬਰਾਬਰੀ ਨਾਲ ਰਹਿੰਦੇ ਹਨ। ਪਰਸਪਰ ਪਿਆਰ, ਸਦ ਭਾਵਨਾ, ਭਾਈਚਾਰਕ ਬਰਾਬਰੀ, ਧਾਰਮਿਕ ਸੁਤੰਤਰਤਾ ਮਨੁੱਖੀ ਅਧਿਕਾਰਾਂ ਦਾ ਰਖਾਵਾਲਾ, ਸਤ, ਸੰਤੋਖ, ਧੀਰਜ, ਖਿਮਾ, ਦਇਆ, ਮਿੱਠਾ ਬੋਲਣਾ ਆਦਿਕ ਸ਼ੁੱਭ ਗੁਣਾਂ ਦਾ ਧਾਰਨੀ ਬੇਗਮਪੁਰੇ ਦਾ ਵਾਸੀ ਹੈ।

ਅੱਜ ਲੋੜ ਹੈ ਜਿਉਂ-ਜਿਉਂ ਸਮਾਂ ਆਪਣੀ ਚਾਲ ਅੱਗੇ ਵੱਧ ਰਿਹਾ ਹੈ ਇਨ੍ਹਾਂ ਉਪਰੋਕਤ ਸਿਧਾਂਤਾਂ ਨੂੰ ਅਪਨਾਉਣ ਦੀ। ਅੱਜ ਵਿਸ਼ਵ ਸ਼ਾਂਤੀ ਸੰਸਾਰ ਵਾਸਤੇ ਵੱਡੀ ਸਮੱਸਿਆ ਬਣ ਕੇ ਸਾਮ੍ਹਣੇ ਆਈ ਹੋਈ ਹੈ। ਇਸ ਦਾ ਕੋਈ ਹੱਲ ਕਿਸੇ ਨੂੰ ਨਹੀਂ ਲੱਭ ਰਿਹਾ। ਗੁਰੂ ਨਾਨਕ ਦੇ ਘਰ ਵਿਚ ਇਸ ਦਾ ਸਦੀਵੀ ਹੱਲ ਹੈ। ਸਿੱਖ ਇਤਿਹਾਸ ਇਸ ਸੰਕਲਪ ਦੀ ਸੁਚੱਜੀ ਉਦਾਹਰਣ ਹੈ।

ਈਸਵੀ, ਸੰਨ ਦੇ ਹਿਸਾਬ ਨਾਲ ਨਵਾਂ ਸਾਲ 2016 ਸੰਸਾਰ ਨੂੰ ਦਸਤਕ ਦਿੰਦਾ ਪਹੁੰਚ ਰਿਹਾ ਹੈ। ਭਾਵੇਂ ਗੁਰਬਾਣੀ ਅਨੁਸਾਰ ਨਵਾਂ ਸਾਲ 'ਚੇਤ' ਮਹੀਨੇ ਤੋਂ ਦਰਸਾਇਆ ਗਿਆ ਹੈ। ਕਿਸਾਨ ਵੀ ਵਿਸਾਖੀ ਤੋਂ ਨਵਾਂ ਸਾਲ ਚੜ੍ਹਨਾ ਮੰਨਦੇ ਹਨ। ਮਹੀਨਾ ਕੋਈ ਵੀ ਹੋਵੇ ਸਮਾਂ ਆਪਣੀ ਚਾਲ ਚਲਦਾ ਬੀਤ ਰਿਹਾ ਹੈ। ਚਲਦੇ ਰਹਿਣਾ ਇਸ ਦਾ ਸੁਭਾਅ ਹੈ। ਡਾ. ਭਾਈ ਵੀਰ ਸਿੰਘ ਅਨੁਸਾਰ -

***ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ।***
***ਫੜ ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ।***
***ਕਿਵੇਂ ਨ ਸੱਕੀ ਰੋਕ ਅਟਕ ਜੋ ਪਾਈ ਭੰਨੀ।***
***ਤ੍ਰਿਖੇ ਅਪਣੇ ਵੇਗ ਗਿਆ ਟਪ ਬੰਨੇ ਬੰਨੀ।***
***ਹੋਸ਼! ਅਜੇ ਸੰਭਾਲ ਇਸ ਸਮੇਂ ਨੂੰ,***
***ਕਰ ਸਫਲ ਉਡੰਦਾ ਜਾਂਵਦਾ,***
***ਇਹ ਠਹਿਰਨ ਜਾਚ ਨ ਜਾਣਦਾ***
***ਲੰਘ ਗਿਆ ਨ ਮੁੜ ਕੇ ਆਂਵਦਾ।***

ਪਰ ਲੰਘ ਚੁੱਕਾ ਸਮਾਂ ਕੁਝ ਆਪਣੀਆਂ ਪੈੜਾਂ ਛੱਡ ਕੇ ਜਾਂਦਾ ਹੈ। ਉਨ੍ਹਾਂ ਪੈੜਾਂ ਨੂੰ ਸਨਮੁਖ ਰੱਖ ਕੇ ਨਵੇਂ ਰਸਤੇ ਤਲਾਸ਼ਣ ਦੀ ਲੋੜ ਹੈ। ਆਉਣ ਵਾਲੇ ਸਮੇਂ ਨੂੰ ਸੁਚੱਜਾ ਬਣਾਉਣ ਦੀ ਲੋੜ ਹੈ। ਲੰਘ ਚੁੱਕੇ ਤੋਂ ਸਬਕ ਲੈਣਾ ਅਤੇ ਆਉਣ ਵਾਲੇ ਸਮੇਂ ਲਈ ਸੁਚੱਜੀ ਅਗਵਾਈ ਲੈਣੀ ਇਹ ਜਾਗਦੀਆਂ ਰੂਹਾਂ ਦੀ ਨਿਸ਼ਾਨੀ ਹੁੰਦੀ ਹੈ।

*ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥*
*ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥*
*ਅੰਗ - ੬੯੨*

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥*
*ਅੰਗ - ੧੫੬*

ਸਮੇਂ ਨੂੰ ਲੇਖੇ ਵਿਚ ਲਾਉਣ ਲਈ ਰਤਵਾੜਾ ਸਾਹਿਬ ਵਿਖੇ ਮੂਲਮੰਤ੍ਰ ਅਤੇ ਗੁਰਮੰਤ੍ਰ ਦੇ ਅਖੰਡ ਜਾਪ ਆਰੰਭ ਹੋਣ ਜਾ ਰਹੇ ਹਨ। ਪਿਆਰੇ ਮਹਾਂਪੁਰਸ਼ਾਂ ਅਤੇ ਸਤਿਕਾਰਯੋਗ ਬੀਜੀ ਦੇ ਯਾਦਗਾਰੀ ਭਵਨਾਂ ਵਿਚ ਬੈਠ ਕੇ ਭਾਈ ਅਤੇ ਬੀਬੀਆਂ ਅਖੰਡ ਜਾਪ ਕਰਨਗੀਆਂ।

ਲੋੜ ਹੈ ਸਮੇਂ ਨੂੰ ਕੀਮਤੀ ਬਣਾਉਣ ਦੀ। ਸਮੇਂ ਦੀ ਕੀਮਤ ਪਾਉਣ ਵਾਲਾ ਹੀ ਆਪਣੇ ਸਵਾਸਾਂ ਨੂੰ ਸਫਲ ਕਰ

*(ਬਾਕੀ ਪੰਨਾ 63 'ਤੇ)*

# ਮਾਘਿ

**ਮਾਘ ਦੀ ਸੰਗਰਾਂਦ - 14 ਜਨਵਰੀ, ਵੀਰਵਾਰ**

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥*
*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥*
*ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥*
*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥*
*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥*
*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥*
*ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥*
*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥*

*ਅੰਗ - 136*

ਸਾਡੇ ਭਾਰਤ ਵਰਸ਼ ਵਿਚ ਅਠਾਹਠ ਤੀਰਥ ਗਿਣੇ ਜਾਂਦੇ ਹਨ ਅਤੇ ਉਨ੍ਹਾਂ ਦੇ ਇਸ਼ਨਾਨ ਦਾ ਬਹੁਤ ਹੀ ਅਧਿਕ ਫਲ ਦੱਸਿਆ ਜਾਂਦਾ ਰਿਹਾ ਹੈ। ਇਨ੍ਹਾਂ ਤੀਰਥਾਂ ਉਤੇ ਕੀਤੇ ਹੋਏ ਪਾਪ ਲਹਿ ਜਾਂਦੇ ਸਨ। ਭਾਰਤ ਵਰਸ਼ ਦੇ ਦਰਿਆਵਾਂ ਦਾ ਪਾਣੀ ਬਹੁਤ ਹੀ ਪਵਿੱਤਰ ਸੀ। ਇਨ੍ਹਾਂ ਸਾਰੇ ਦਰਿਆਵਾਂ ਦੀ ਆਦਿ ਸਰੋਤ ਨੇੜੇ ਵੱਡੇ-ਵੱਡੇ ਰਿਸ਼ੀਆਂ ਮੁਨੀਆਂ, ਅਵਤਾਰਾਂ ਨੇ ਤਪ ਕੀਤੇ ਹੋਏ ਹਨ ਜਿਸ ਕਰਕੇ ਇਨ੍ਹਾਂ ਦਰਿਆਵਾਂ ਦੀ ਪਵਿਤਰਤਾ ਹੋਰ ਵੀ ਵਧ ਜਾਂਦੀ ਹੈ। ਪਾਣੀ ਬਹੁਤ ਨਿਖਰਿਆ ਹੋਇਆ ਚਲਦਾ ਸੀ ਅਤੇ ਕਿੰਨੇ ਰੋਗਾਂ ਦਾ ਨਾਸ਼ ਇਸ਼ਨਾਨ ਕਰਕੇ ਹੋ ਜਾਇਆ ਕਰਦਾ ਸੀ। ਇਨ੍ਹਾਂ ਦੇ ਕਿਨਾਰੇ ਉਪਰ ਬਹੁਤ ਸਾਰੇ ਤੀਰਥ ਸਥਾਪਤ ਹਨ ਜਿਵੇਂ ਗੰਗਾ ਦੇ ਕਿਨਾਰੇ ਤੇ ਰਿਸ਼ੀਕੇਸ਼, ਹਰਿਦੁਆਰ, ਇਲਾਹਬਾਦ ਆਦਿ ਤੀਰਥ ਹਨ। ਇਨ੍ਹਾਂ ਵਿਚ ਇਸ਼ਨਾਨ ਦੇ ਦਿਨ ਮੁਕੱਰਰ ਹੋਏ ਸਨ ਉਨ੍ਹਾਂ ਦਿਨਾਂ ਵਿਚ ਇਸ਼ਨਾਨ ਕਰਨ ਲਈ ਹੁੰਮ-ਹੁਮਾ ਕੇ ਗ੍ਰਿਹਸਤੀ ਅਤੇ ਸਾਧੂ ਪਹੁੰਚਦੇ ਸਨ। ਗ੍ਰਿਹਸਤੀ ਲੋਕ ਇਸ਼ਨਾਨ ਕਰਦੇ ਸਨ, ਦਾਨ ਦਿੰਦੇ ਸਨ, ਸ਼ੇਤਰਾਂ (ਲੰਗਰਾਂ) ਵਾਸਤੇ ਮਾਇਆ ਅਰਪਣ ਕਰਦੇ ਸਨ, ਅਤੇ ਇਨ੍ਹਾਂ ਦੀ ਪਵਿੱਤਰਤਾ ਦਾ ਕਾਰਨ ਦੇਵਤਿਆਂ ਦੇ ਨਾਲ ਜੁੜਿਆ ਹੋਇਆ ਸੀ ਜਿਵੇਂ ਕਿ ਗੰਗਾ ਦਾ ਮੁੱਖ ਸ੍ਰੋਤ ਸ਼ਿਵ ਜੀ ਮਹਾਰਾਜ ਨੂੰ ਮੰਨਿਆ ਜਾਂਦਾ ਹੈ। ਦਰਿਆਵਾਂ ਨੂੰ ਸਾਫ-ਸੁਥਰਾ ਰੱਖਿਆ ਜਾਂਦਾ ਸੀ। ਕਿਸੇ ਕਿਸਮ ਦੀ ਸਿੱਧੀ ਮੈਲ ਇਸ ਵਿਚ ਬਰਦਾਸ਼ਤ ਨਹੀਂ ਕੀਤੀ ਜਾਂਦੀ ਸੀ। ਸੋ ਲੋਕਾਂ ਦੇ ਨਿਸ਼ਚੇ ਬਹੁਤ ਗਹਿਰੇ ਸਨ ਅਤੇ ਬਹੁਤ ਸ਼ਰਧਾ ਭਾਵਨਾ ਨਾਲ ਤੀਰਥਾਂ ਨਾਲ ਜੁੜੇ ਹੋਏ ਸਨ। ਆਪਣੇ ਕਾਰੋਬਾਰ ਸੰਕੋਚਦੇ ਹੋਏ ਬਹੁਤ ਸਾਰੇ ਪ੍ਰੇਮੀ ਤਾਂ ਹਰ ਸਾਲ ਹੀ ਇਸ਼ਨਾਨ ਕਰਨ ਵਾਸਤੇ ਜਾਇਆ ਕਰਦੇ ਸਨ। ਉਨ੍ਹਾਂ ਤੀਰਥਾਂ ਉਤੇ ਜੋ ਮਹਾਨ ਫਲਦਾਇਕ, ਫਲਦਾਤੀ ਸਾਧੂ ਦੀ ਸੰਗਤ ਹੋਇਆ ਕਰਦੀ ਸੀ, ਤੱਤ ਬੇਤੇ ਮਹਾਂਪੁਰਸ਼ ਆਪਣੀਆਂ ਸਾਰੀਆਂ ਜਮਾਤਾਂ ਸਮੇਤ ਆਪਣੇ ਸੰਪਰਦਾਇਕ ਪ੍ਰੇਮੀਆਂ ਸਹਿਤ ਹੁੰਮ-ਹੁਮਾ ਕੇ ਤੀਰਥਾਂ ਉਪਰ ਜਾਂਦੇ ਸਨ ਅਤੇ ਇਕਾਂਤ ਥਾਂ ਵੇਖ ਕੇ ਸਤਿਸੰਗ ਕਰਿਆ ਕਰਦੇ ਸਨ ਅਤੇ ਦੇਸ਼ ਵਾਸੀਆਂ ਨੂੰ 'ਆਤਮ ਮਾਰਗ' ਅਤੇ ਵਿਵਹਾਰਿਕ ਸਿਖਿਆਵਾਂ ਦਿਆ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਹੀ ਬਹੁਤ ਸਾਰੇ ਜਗਿਆਸੂਆਂ ਨੂੰ ਨਾਮ ਦੀ ਦਾਤ ਵੰਡਿਆ ਕਰਦੇ ਸਨ। ਇਸੇ ਤਰ੍ਹਾਂ ਦੇ ਨਾਲ ਇਕ ਫਲ ਤਾਂ ਤੀਰਥ ਦੇ ਇਸ਼ਨਾਨ ਕਰਨ ਕਰਕੇ ਮਿਲਿਆ ਕਰਦਾ ਸੀ ਅਤੇ ਚਾਰ ਫਲ ਮਹਾਂਪੁਰਸ਼ਾਂ ਦੇ ਬਚਨ ਸੁਣਨ ਕਰਕੇ ਪ੍ਰਾਪਤ ਹੋਇਆ ਕਰਦੇ ਸਨ ਜਿਨ੍ਹਾਂ ਵਿਚ ਦਲਿੱਦਰ ਦੂਰ ਹੋ ਕੇ ਵਾਹਿਗੁਰੂ ਦੀ ਬਖਸ਼ਿਸ਼ ਹੋਣ ਨਾਲ ਪੈਸੇ ਟਕੇ ਦੀ ਸੁਖਾਲ ਹੋ ਜਾਇਆ ਕਰਦੀ ਸੀ ਅਤੇ ਵਾਸ਼ਨਾਵਾਂ ਪੂਰੀਆਂ ਹੋ ਜਾਂਦੀਆਂ ਸਨ। ਜੀਵਨ ਵਿਚ ਪ੍ਰਵਿਰਤੀ ਹੋ ਜਾਇਆ ਕਰਦੀ ਸੀ ਅਤੇ ਧਾਰਮਿਕ ਗੁਣ - ਖਿਮਾ, ਅਹਿੰਸਾ, ਦਇਆ, ਮ੍ਰਿਦ (ਮਿੱਠੇ ਬਚਨ), ਸਤਿ ਬਚਨ, ਤਪ, ਦਾਨ, ਸੀਲ, ਸੌਚ, ਸੰਤੋਖ, ਈਰਖਾ ਰਹਿਤ ਅਤੇ ਵੈਰ ਭਾਵ ਰਹਿਤ ਜੀਵਨ ਪ੍ਰਾਪਤ ਹੋ ਕੇ ਧਰਮ ਦੀ ਪ੍ਰਾਪਤੀ ਹੋ ਜਾਇਆ ਕਰਦੀ ਸੀ। ਬੰਦਗੀ ਕਰਨ ਲਈ ਬਹੁਤ ਉਤਸ਼ਾਹ ਮਿਲਿਆ ਕਰਦਾ ਸੀ। ਸਤਿ ਦਾ ਜੀਵਨ ਜਿਉਂ ਕੇ ਮਹਾਂਪੁਰਸ਼ਾਂ ਦੇ ਤੱਤ ਬਚਨ ਕਮਾ ਕੇ ਮੋਖਸ਼ ਦੀ ਪ੍ਰਾਪਤੀ ਦਾ ਸਾਧਨ ਤੀਰਥਾਂ ਤੇ ਕੀਤੇ ਸਤਿਸੰਗ ਹੋਇਆ ਕਰਦੇ ਸਨ। ਇਸ ਕਰਕੇ ਸਤਿਜੁਗ, ਤ੍ਰੇਤਾ, ਦੁਆਪਰ ਦੇ ਲੰਮੇ ਸਮੇਂ ਲਈ ਇਨ੍ਹਾਂ ਤੀਰਥਾਂ ਦੀ ਮਹਾਨਤਾ ਬਣੀ ਰਹੀ ਪਰ ਕਲਜੁਗ ਆਉਂਦੇ ਸਾਰ ਆਦਮੀ ਦੀ ਬੁੱਧੀ, ਸੋਚ, ਵਰਤ-ਵਿਹਾਰ ਆਪਣੀ ਉਚਤਾ ਤੋਂ ਤਿਲ੍ਹਕ ਕੇ ਰਸਾਤਲ ਵਲ ਨੂੰ ਰਿੜ੍ਹ ਪਿਆ। ਆਦਮੀ ਦੇ ਜੀਵਨ ਵਿਚ ਬੇਅੰਤ ਔਗੁਣ ਪ੍ਰਵੇਸ਼ ਕਰ ਗਏ, ਨਾਸਤਿਕਤਾ ਫੈਲ ਗਈ। ਕਈ ਨਾਸਤਿਕ ਮਤਿ ਉਭਰ ਕੇ ਸਮਾਜ ਵਿਚ

ਪ੍ਰਵਿਰਤ ਹੋ ਗਏ। ਜਗਿਆਸੂ ਡਾਵਾਂਡੋਲ ਹੋ ਗਿਆ ਪਰ ਫੇਰ ਵੀ ਲੰਮੇ-ਸਮੇਂ ਤੱਕ ਤੀਰਥਾਂ ਦੇ ਇਸ਼ਨਾਨ ਭਾਰਤ ਵਾਸੀਆਂ ਨੂੰ ਆਕਰਸ਼ਤ ਕਰਦੇ ਰਹੇ।

ਸਮੇਂ ਬਦਲੇ, ਤੀਰਥਾਂ ਉਪਰ ਪਾਖੰਡ ਦਾ ਜਾਲ ਫੈਲ ਗਿਆ ਅਤੇ ਤੀਰਥ ਮਨੁੱਖਾਂ ਦੀ ਮਨੋਵਿਰਤੀ ਨਾਲ ਮੈਲੇ ਹੋ ਗਏ। ਪ੍ਰਭੂ ਪਾਸ ਪੁਕਾਰ ਕਰਨ ਲੱਗੇ ਕਿ ਹੇ ਪ੍ਰਭੂ! ਸਾਡੇ ਉਤੇ ਕ੍ਰਿਪਾ ਕਰ, ਅਸਾਡੇ ਵਿਚ ਐਨੀ ਮੈਲ ਭਰ ਗਈ ਹੈ ਕਿ ਅਸਾਡਾ ਲਿਆ ਹੋਇਆ ਵਰਦਾਨ ਦਿਲ ਦੀ ਮੈਲ ਨਹੀਂ ਉਤਾਰ ਸਕਦਾ। ਆਪਣਾ ਬਖਸ਼ਿਆ ਹੋਇਆ, ਪ੍ਰਵਾਨ ਕੀਤਾ ਹੋਇਆ ਸਾਧੂ ਭੇਜ ਜੋ ਅਸਾਡੇ ਵਿਚ ਇਸ਼ਨਾਨ ਕਰੇ ਅਤੇ ਅਸਾਡੀ ਮੈਲ ਦੂਰ ਕਰਕੇ ਅਸਾਨੂੰ ਫੇਰ ਜੀਵਨ ਬਖਸ਼ੇ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥***
***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥***
***ਤੀਰਥਿ ਅਠਸਠਿ ਮਜਨੁ ਨਾਈ॥***
***ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ***
***ਸਭ ਦੁਰਮਤਿ ਮੈਲੁ ਗਵਾਈ॥ ਅੰਗ - 1263***

ਸਮੇਂ ਬਦਲੇ, ਕਲਜੁਗ ਦੇ ਵੇਗ ਨੇ ਸ਼੍ਰੇਸ਼ਟ ਬੁੱਧੀ ਦੀ ਥਾਂ ਕਬੁੱਧੀ ਨੂੰ ਜਨਮ ਦਿਤਾ। ਹਰ ਜੀਵਨ ਵਿਚ ਕੂੜ ਦਾ ਵਰਤਾਰਾ ਹੋ ਗਿਆ। ਜੀਵਨ ਦੇ ਹਰ ਪੱਖ ਵਿਚ; ਕੀ ਸਮਾਜਿਕ, ਕੀ ਧਾਰਮਿਕ, ਕੀ ਆਰਥਿਕ, ਕੀ ਕਰਮ ਕਰਾਉਣ ਵਾਲਾ ਪੰਡਤ ਵਰਗ, ਸਭਨਾਂ ਵਿਚ ਕੂੜ ਦਾ ਵਰਤਾਰਾ ਹੋ ਗਿਆ-

***ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥***
***ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥***
***ਅੰਗ - 468***

ਮਹਾਤਮਾਵਾਂ ਵਿਚ ਪਾਖੰਡ ਪ੍ਰਧਾਨ ਹੋ ਗਿਆ। ਵਾਹਿਗੁਰੂ ਜੀ ਦੀ ਲਿਵ ਵਿਚੋਂ ਨਿਕਲ ਕੇ ਮਾਇਆ ਦਾ ਪਿਆਰ ਅਧਿਕ ਦਿਖਾਈ ਦੇਣ ਲੱਗਿਆ। ਤੀਰਥ ਵੀ ਵਿਰਲਾਪ ਕਰ ਰਹੇ ਸਨ, ਸਾਧੂ ਦੀ ਚਰਨ ਛੋਹ ਦੀ ਮੰਗ ਕਰ ਰਹੇ ਸਨ। ਅਜਕੱਲ ਤਾਂ ਇਥੋਂ ਤੱਕ ਹਾਲਤ ਨਿਘਾਰ ਵਿਚ ਆ ਗਿਆ ਕਿ ਤੀਰਥਾਂ ਦੇ ਦੇਵਤੇ ਆਪਣੇ ਅਸਥਾਨ ਛੱਡ ਕੇ ਦੇਵ ਲੋਕਾਂ ਨੂੰ ਪਧਾਰ ਗਏ ਅਤੇ ਭ੍ਰਿਸ਼ਟ ਬੁੱਧੀ ਵਾਲਿਆਂ ਨੇ ਭਾਵਨਾਵਾਂ ਦੀ ਕਦਰ ਨਾ ਕਰਦੇ ਹੋਏ ਸ਼ਹਿਰਾਂ ਦਾ ਗੰਦ-ਮੰਦ ਇਨ੍ਹਾਂ ਪਵਿੱਤਰ ਦਰਿਆਵਾਂ ਵਿਚ ਪਾ ਦਿਤਾ। ਹੁਣ ਤੀਰਥ ਨਾਮ ਦੀ ਕੋਈ ਚੀਜ਼ ਨਹੀਂ ਰਹੀ। ਗੁਰੂ ਮਹਾਰਾਜ ਜੀ ਨੇ ਇਸ ਭਵਿੱਖ ਵਿਚ ਆਉਣ ਵਾਲੇ ਪਤਨ ਨੂੰ ਵਾਚਿਆ, ਸਾਰੇ ਹਾਲਾਤ ਨੂੰ ਵਾਚਿਆ ਅਤੇ ਜੀਵਾਂ ਦੇ ਉਧਾਰ ਵਾਸਤੇ ਫੁਰਮਾਨ ਕੀਤਾ ਕਿ ਸਭ ਤੋਂ ਵੱਡਾ ਤੀਰਥ ਪ੍ਰਭੂ ਦਾ ਨਾਮ ਜਪਣਾ, ਨੌਧਾ ਭਗਤੀ ਕਰਨੀ, ਕੀਰਤਨ ਕਰਨਾ, ਗੁਰੂ ਦੀ ਸੇਵਾ ਕਰਨੀ ਹੈ ਅਤੇ ਸੱਚਾ ਇਸ਼ਨਾਨ ਕਰਨ ਦੀ ਜਾਂਚ ਦਸਦਿਆਂ ਫੁਰਮਾਇਆ ਕਿ ਜਦੋਂ ਤੱਕ ਮਨ ਮੈਲਾ ਹੈ ਕੇਵਲ ਤਨ ਦੇ ਧੋਣ ਨਾਲ ਮਨ ਦੀ ਮੈਲ ਨਹੀਂ ਲਹਿ ਸਕਦੀ।

***ਮਨਿ ਮੈਲੈ ਸਭੁ ਕਿਛੁ ਮੈਲਾ***
***ਤਨਿ ਧੋਤੈ ਮਨੁ ਹਛਾ ਨ ਹੋਇ॥ ਅੰਗ - 558***

ਜਿੰਨੀ ਦੇਰ ਤੱਕ ਮਨ ਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਪੰਜ ਚੋਰ ਖੁੜਦੁੱਮ ਮਚਾ ਰਹੇ ਹਨ; ਪੰਜ ਵਿਸ਼ੇ, ਇਸ ਜੀਵ ਨੂੰ ਮੂਰਛਤ ਕਰ ਰਹੇ ਹਨ; ਸ਼ਬਦ, ਸਪਰਸ਼, ਰੂਪ, ਰਸ, ਗੰਧ ਆਪਣੇ ਪ੍ਰਭਾਵ ਪਾ ਰਹੇ ਹਨ ਅਤੇ ਰਾਜ, ਮਾਲ, ਰੂਪ, ਜਾਤ, ਜੋਬਨ, ਠੱਗ ਇਸ ਜੀਵ ਨੂੰ ਠੱਗ ਕੇ ਨਾਮ ਵਲੋਂ ਭੁਲਾ ਰਹੇ ਹਨ, ਉਸ ਸਮੇਂ ਤੱਕ ਈਰਖਾ, ਨਿੰਦਿਆ, ਚੁਗਲੀ, ਵਿਭਚਾਰ, ਲਾਲਚ, ਅਭਿਮਾਨ ਤੇ ਅਨੇਕ ਵਾਸ਼ਨਾਵਾਂ ਦੀ ਮੈਲ ਤਹਿ ਦਰ ਤਹਿ ਮਨ ਉਤੇ ਲਗਦੀ ਹੀ ਚਲੀ ਜਾਂਦੀ ਹੈ। ਕੇਵਲ ਸਰੀਰ ਧੋਣ ਨਾਲ ਕਿਵੇਂ ਪਵਿੱਤਰਤਾ ਆਵੇਗੀ, ਫੁਰਮਾਨ ਹੈ-

***ਮਨਿ ਮੈਲੈ ਸਭੁ ਕਿਛੁ ਮੈਲਾ***
***ਤਨਿ ਧੋਤੈ ਮਨੁ ਹਛਾ ਨ ਹੋਇ॥***
***ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥***
***ਅੰਗ - 558***

ਗੁਰੂ ਮਹਾਰਾਜ ਜੀ ਨੇ ਅੱਗੇ ਫੁਰਮਾਨ ਕੀਤਾ ਕਿ ਹੇ ਮੇਰੇ ਮਨ! ਤੂੰ ਪ੍ਰਭੂ ਦਾ ਨਾਮ ਜਪ ਕਿਉਂਕਿ ਪ੍ਰਭੂ ਦਾ ਨਾਮ ਸਾਰੀਆਂ ਮੈਲਾਂ ਨੂੰ ਕੱਟਣ ਨੂੰ ਸਮਰੱਥ ਹੈ -

***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥ ਅੰਗ - 4***

ਨਾਮ ਦੀ ਪ੍ਰਾਪਤੀ ਪੂਰੇ ਸਤਿਗੁਰੂ ਤੋਂ ਹੁੰਦੀ ਹੈ -

***ਜਪਿ ਮਨਿ ਮੇਰੇ ਤੂ ਏਕੋ ਨਾਮੁ॥***
***ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ॥***
***ਅੰਗ - 558***

ਸਿੱਧਾਂ ਦੇ 84 ਆਸਣਾਂ ਦਾ ਅਭਿਆਸ ਕਰਨ ਨਾਲ ਮਨ ਦੀ ਮੈਲ ਨਹੀਂ ਉਤਰਦੀ। ਇਸ ਮਨ ਨੂੰ ਖਰਾਬੀਆਂ ਤੋਂ ਬਚਾਉਣ ਦਾ ਜੇ ਇਕੋ ਇਕ ਸਾਧਨ ਹੈ ਤਾਂ ਉਹ ਹੈ ਕਿ ਸਤਿਗੁਰੂ ਦੀ ਸ਼ਰਨ ਵਿਚ ਤਨ ਮਨ ਧਨ ਅਰਪਣ ਕਰਕੇ ਆ ਜਾਵੇ। ਸਤਿਗੁਰੂ ਨੂੰ ਮਿਲ ਕੇ ਉਨ੍ਹਾਂ ਦੇ ਉਪਦੇਸ਼ ਦੀ ਕਮਾਈ ਕਰਕੇ, ਉਨ੍ਹਾਂ ਦੀ ਦਿਆਲਤਾ ਭਰੀ ਦ੍ਰਿਸ਼ਟੀ ਅਤੇ ਦਰਸ਼ਨ ਦਾ ਭਾਗੀ ਬਣਦਾ ਹੋਇਆ ਆਪਣੀ ਬਿਰਤੀ ਨੂੰ ਸੰਸਾਰ ਵਲੋਂ ਉਲਟੀ ਕਰ ਲਵੇਗਾ ਅਤੇ ਸੁਭਾਅ ਬਦਲ ਜਾਵੇਗਾ। ਨੇਕੀ ਦਾ ਚਸ਼ਮਾ ਆਪ ਮੁਹਾਰੇ ਸਹਿਜ ਸੁਭਾਅ ਅੰਦਰੋਂ ਵਗ ਤੁਰੇਗਾ। ਜਦੋਂ ਸਤਿਗੁਰੂ ਨੂੰ ਮਿਲ ਕੇ ਆਪਣੀ ਹਉਮੈ ਦੇ ਜਾਲ ਵਿਚੋਂ ਛੁੱਟ ਕੇ ਗੁਰੂ ਦੇ ਘਰ ਆਤਮ ਰੂਪ ਹੋ ਕੇ ਜੀਵੇਗਾ ਤਾਂ ਸਾਰੀਆਂ ਮੈਲਾਂ ਕਿਤੇ ਦੂਰ ਹੀ ਰਹਿ ਜਾਣਗੀਆਂ। ਸੋ ਮਨ ਦੀ ਮੈਲ ਦੂਰ ਕਰਨ ਲਈ ਤੀਰਥਾਂ ਦਾ ਇਸ਼ਨਾਨ ਕਿਸੇ ਤਰ੍ਹਾਂ ਵੀ ਸਮਰੱਥ ਨਹੀਂ ਹੈ -

***ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ॥***
***ਅੰਗ - 558***

ਆਪ ਸੰਕੇਤ ਕਰਦੇ ਹਨ -

***ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥***

*ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥*
*ਗੁਰ ਗਿਆਨੁ ਸਾਚਾ ਥਾਨੁ ਤੀਰਥੁ*
*ਦਸ ਪੁਰਬ ਸਦਾ ਦਸਾਹਰਾ॥*
*ਹਉ ਨਾਮੁ ਹਰਿ ਕਾ ਸਦਾ ਜਾਚਉ*
*ਦੇਹੁ ਪ੍ਰਭ ਧਰਣੀਧਰਾ॥*
*ਸੰਸਾਰੁ ਰੋਗੀ ਨਾਮੁ ਦਾਰੂ*
*ਮੈਲੁ ਲਾਗੈ ਸਚ ਬਿਨਾ॥*
*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤ ਸਾਚੁ ਤੀਰਥੁ ਮਜਨਾ॥ ਅੰਗ - 687*

ਜਦੋਂ ਇਹ ਜੀਵ ਨੂੰ ਅੰਦਰਲੇ ਤੀਰਥ ਦੀ ਸੋਝੀ ਹੋ ਜਾਂਦੀ ਹੈ, ਸਤਿਗੁਰੂ ਇਸਨੂੰ ਆਤਮ ਤੀਰਥ ਵਿਚ ਇਸ਼ਨਾਨ ਕਰਨ ਦੀ ਸੋਝੀ ਦੇ ਦਿੰਦੇ ਹਨ ਤਾਂ ਇਹ ਮਹਾਂ ਪਵਿੱਤਰ ਹੋ ਜਾਂਦਾ ਹੈ ਅਤੇ ਵਾਹਿਗੁਰੂ ਜੀ ਦੀ ਪ੍ਰਾਪਤੀ, ਅੰਦਰਲੀ ਸੁੱਚ ਹੋਣ ਤੇ ਮਿਲਦੀ ਹੈ -

*ਸੁਚਿ ਹੋਵੈ ਤਾ ਸਚੁ ਪਾਈਐ॥ ਅੰਗ - 472*

ਗੁਰੂ ਮਹਾਰਾਜ ਜੀ ਅੰਦਰਲੇ ਤੀਰਥ ਦਾ ਗਿਆਨ ਦਿੰਦੇ ਹਨ ਅਤੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਦੀ ਜਾਂਚ ਸਿਖਾ ਦਿੰਦੇ ਹਨ। ਸੋ ਇਹ ਅੰਮ੍ਰਿਤਸਰ ਤੀਰਥ ਸਭ ਤੋਂ ਸ੍ਰੇਸ਼ਟ ਤੀਰਥ ਹੈ ਜੋ ਹਰ ਪ੍ਰਾਣੀ ਨੂੰ ਪ੍ਰਾਪਤ ਹੋ ਸਕਦਾ ਹੈ -

*ਅੰਤਰਿ ਤੀਰਥੁ ਗਿਆਨੁ ਹੈ*
*ਸਤਿਗੁਰਿ ਦੀਆ ਬੁਝਾਇ॥*
*ਮੈਲੁ ਗਈ ਮਨੁ ਨਿਰਮਲੁ ਹੋਆ*
*ਅੰਮ੍ਰਿਤ ਸਰਿ ਤੀਰਥਿ ਨਾਇ॥ ਅੰਗ - 587*

ਇਹ ਅੰਮ੍ਰਿਤਸਰ ਤੀਰਥ ਆਤਮ ਸ਼ਾਖਸ਼ਾਤ ਦੀ ਅਵਸਥਾ ਹੈ ਜਿਸ ਵਿਚ ਇਸ਼ਨਾਨ ਕਰਨਾ ਗੁਰਸਿਖਾਂ ਲਈ ਜ਼ਰੂਰੀ ਕਰ ਦਿਤਾ ਗਿਆ ਹੈ-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥ ਅੰਗ - 305*

ਸੋ ਤੀਰਥ, ਜਿਥੇ ਸਾਧੂ ਚਰਨ ਰੱਖ ਦਿੰਦੇ ਹਨ ਉਥੇ ਹੀ ਬਣ ਜਾਇਆ ਕਰਦਾ ਹੈ ਅਤੇ ਬੈਕੁੰਠ ਉਸ ਥਾਂ ਦੇ ਉਤੇ ਪ੍ਰਗਟ ਹੋ ਜਾਇਆ ਕਰਦਾ ਹੈ -

*ਅਠਸਠਿ ਤੀਰਥ ਜਹ ਸਾਧ ਪਗ ਧਰਹਿ॥*
*ਤਹ ਬੈਕੁੰਠੁ ਜਹ ਨਾਮੁ ਉਚਰਹਿ॥ ਅੰਗ- 890*

ਕਬੀਰ ਸਾਹਿਬ ਜੀ ਨੇ ਇਨ੍ਹਾਂ ਮਹਾਨ ਸਿਧਾਂਤਾਂ ਨੂੰ ਇਕ ਜੁਗਤ ਨਾਲ ਪ੍ਰਗਟ ਕੀਤਾ। ਜਦੋਂ ਬਹੁਤ ਸਾਰੇ ਸ਼ਰਧਾਲੂਆਂ ਅਤੇ ਸਾਧੂਆਂ ਨੇ ਆ ਕੇ ਕਬੀਰ ਸਾਹਿਬ ਨੂੰ ਕਿਹਾ ਕਿ ਮਹਾਰਾਜ! ਆਪ ਤੀਰਥਾਂ ਦਾ ਇਸ਼ਨਾਨ ਨਹੀਂ ਕਰਦੇ? ਤਾਂ ਸਹਿਜ ਸੁਭਾਅ ਕਬੀਰ ਸਾਹਿਬ ਜੀ ਨੇ ਕਿਹਾ ਕਿ ਤੀਰਥ ਉਪਰ ਕੇਵਲ ਮਜਨ ਕਰਨ ਨਾਲ ਮੇਰੇ ਉਤੇ ਕੀ ਅਸਰ ਹੋਵੇਗਾ। ਉਨ੍ਹਾਂ ਨੇ ਕਿਹਾ, "ਮਹਾਰਾਜ! ਤੀਰਥ ਦੇ ਜਲ ਵਿਚ ਇਸ਼ਨਾਨ ਕਰਨ ਨਾਲ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਵਿਕਾਰ ਖਤਮ ਹੋ ਜਾਂਦੇ ਹਨ ਅਤੇ ਬਹੁਤ ਪੁੰਨ ਫਲ ਪ੍ਰਾਪਤ ਹੁੰਦਾ ਹੈ। ਤਾਂ ਕਬੀਰ ਜੀ ਨੇ ਇਕ ਕੌੜੀ ਤੂੰਬੀ ਦੇ ਕੇ ਕਿਹਾ ਕਿ ਤੁਸੀਂ ਇਸ ਤੂੰਬੀ ਦਾ ਇਸ਼ਨਾਨ ਚੰਗੀ ਤਰ੍ਹਾਂ ਮਲ-ਮਲ ਕੇ ਹਰ ਤੀਰਥ ਵਿਚ ਕਰਾਉਣਾ, ਤੁਹਾਡੇ ਕਹਿਣ ਦੇ ਮੁਤਾਬਿਕ ਇਸ ਜਲ ਦਾ ਸੁਭਾਅ ਇਹਦੇ ਉਪਰ ਹੋਵੇਗਾ, ਇਸਦਾ ਕੌੜਾ ਸੁਭਾਅ ਬਦਲ ਜਾਵੇਗਾ, ਇਹ ਮੈਨੂੰ ਚਾਹੀਦੀ ਹੈ ਮੈਂ ਇਸ ਦੀ ਤੂੰਬੀ ਬਣਾਵਾਂਗਾ। ਸਾਧੂਆਂ ਨੇ ਤੂੰਬੀ ਲੈ ਕੇ ਇਸ਼ਨਾਨ ਕਰਾਇਆ। ਸਾਰੇ ਤੀਰਥਾਂ ਤੇ ਇਸ਼ਨਾਨ ਕਰਾ ਕੇ ਜਦੋਂ ਵਾਪਸ ਆਏ ਤਾਂ ਉਨ੍ਹਾਂ ਨੇ ਤੂੰਬੀ ਕਬੀਰ ਸਾਹਿਬ ਜੀ ਨੂੰ ਦਿਤੀ ਤਾਂ ਕਬੀਰ ਸਾਹਿਬ ਜੀ ਨੇ ਕਿਹਾ ਕਿ ਭਾਈ! ਇਹਦੀ ਕੁੜੱਤਣ ਦੂਰ ਹੋ ਗਈ ਹੋਵੇਗੀ, ਚਲੋ ਇਸਦਾ ਪ੍ਰਸ਼ਾਦ ਬਣਾ ਕੇ ਇਹੀ ਵੰਡ ਲੈਂਦੇ ਹਾਂ। ਜਦੋਂ ਪ੍ਰਸ਼ਾਦ ਦੇ ਰੂਪ ਵਿਚ ਛੋਟਾ-ਛੋਟਾ ਟੁਕੜਾ ਹਰੇਕ ਨੂੰ ਮਿਲਿਆ ਤਾਂ ਉਨ੍ਹਾਂ ਨੇ ਕਿਹਾ, "ਛਕੋ ਭਾਈ!" ਜਦੋਂ ਮੂੰਹ ਲਾਇਆ ਤਾਂ ਉਹ ਬਹੁਤ ਹੀ ਕੌੜੀ ਜ਼ਹਿਰ ਵਰਗੀ ਹੈ, ਕੋਈ ਖਾਵੇ ਨਾ। ਕਹਿਣ ਲੱਗੇ, "ਆਪ ਪ੍ਰਸ਼ਾਦ ਨਹੀਂ ਛਕਦੇ।" ਉਹ ਕਹਿਣ ਲੱਗੇ, ਮਹਾਰਾਜ! ਇਹ ਤਾਂ ਕੌੜੀ ਹੈ। ਕਬੀਰ ਸਾਹਿਬ ਨੇ ਕਿਹਾ, ਜਿਵੇਂ ਇਹ ਕੌੜੀ ਰਹਿ ਗਈ ਹੈ ਇਸੇ ਤਰ੍ਹਾਂ ਜਿਨ੍ਹਾਂ ਦੇ ਅੰਦਰ ਨਾਸਤਿਕਤਾ, ਅਸ਼ਰਧਾ, ਵਿਭਚਾਰ, ਕੁੜੱਤਣ, ਬੇਮੁਖਤਾਈ, ਮਨਮੁਖਤਾਈ ਹੈ, ਉਨ੍ਹਾਂ ਦੇ ਉਪਰ ਕੇਵਲ ਪਾਣੀ ਨਾਲ ਇਸ਼ਨਾਨ ਕਰਕੇ ਕੋਈ ਅਸਰ ਨਹੀਂ ਹੋਇਆ ਕਰਦਾ। ਇਹ ਇਸ਼ਨਾਨ ਕੇਵਲ ਸਰੀਰਕ ਪਵਿੱਤਰਤਾ ਵਾਸਤੇ ਹੋਇਆ ਕਰਦਾ ਹੈ ਪਰ ਆਤਮਿਕ ਜੀਵਨ ਨਾਲ ਇਨ੍ਹਾਂ ਦਾ ਬਹੁਤਾ ਸਬੰਧ ਨਹੀਂ ਹੋਇਆ ਕਰਦਾ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥*
*ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥*
*ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥*
*ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥*
*ਅੰਗ - 789*

*ਤੀਰਥਿ ਨਾਇ ਨ ਉਤਰਸਿ ਮੈਲੁ॥*
*ਕਰਮ ਧਰਮ ਸਭਿ ਹਉਮੈ ਫੈਲੁ॥*
*ਲੋਕ ਪਚਾਰੈ ਗਤਿ ਨਹੀ ਹੋਇ॥*
*ਨਾਮ ਬਿਹੂਣੇ ਚਲਸਹਿ ਰੋਇ॥ ਅੰਗ - 890*

*ਅਠਸਠਿ ਤੀਰਥ ਜਹ ਸਾਧ ਪਗ ਧਰਹਿ॥*
*ਤਹ ਬੈਕੁੰਠੁ ਜਹ ਨਾਮੁ ਉਚਰਹਿ॥ ਅੰਗ - 890*

ਗੁਰਬਾਣੀ ਦੇ ਪ੍ਰਕਾਸ਼ ਵਿਚ ਗੁਰੂ ਮਹਾਰਾਜ ਜੀ ਨੇ ਅਸਾਡੇ ਲਈ ਸੱਚੇ ਤੀਰਥ ਤੇ ਇਸ਼ਨਾਨ ਕਰਨ ਦੀ ਜਾਂਚ ਦੱਸੀ ਹੈ। ਪ੍ਰਮੇਸ਼ਰ ਦੇ ਪਿਆਰੇ, ਤੱਤ ਬੇਤੇ, ਬ੍ਰਹਮਗਿਆਨੀ, ਅਭੇਦ ਅਵਸਥਾ ਵਾਲੇ ਗੁਰਸਿੱਖ ਦੀ ਐਨੀ ਪਵਿੱਤਰਤਾ ਦਰਸਾਈ ਗਈ ਹੈ ਕਿ ਜਿਥੇ ਉਹ ਚਰਨ ਧਰ ਦੇਵੇ ਉਸ ਥਾਂ ਦੀ ਮਹਾਨਤਾ ਕ੍ਰੋੜਾਂ ਗੰਗਾ ਤੋਂ ਵੀ ਵੱਧ ਹੋਇਆ ਕਰਦੀ ਹੈ -

*ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ*
*ਜਨ ਕੇ ਚਰਨ ਤੀਰਥ ਕੋਟਿ ਗੰਗਾ॥*
*ਜਨ ਕੀ ਧੂਰਿ ਕੀਓ ਮਜਨੁ ਨਾਨਕ*
*ਜਨਮ ਜਨਮ ਕੇ ਹਰੇ ਕਲੰਗਾ॥ ਅੰਗ - 828*

ਸੋ ਜਲ ਦੇ ਇਸ਼ਨਾਨ ਨਾਲ ਕਿਸੇ ਉਤਮ ਗਤੀ ਨੂੰ ਪ੍ਰਾਪਤ ਕਰ ਲੈਣਾ ਇਕ ਅਸੱਤਿ ਮਨੌਤ ਹੈ। ਉਤਮ ਗਤੀ

ਕੇਵਲ ਨਾਮ ਦੀ ਕਮਾਈ ਕਰਕੇ, ਅਗਿਆਨਤਾ ਦਾ ਨਾਸ਼ ਹੋਣ ਉਪਰੰਤ ਹੋਇਆ ਕਰਦੀ ਹੈ –

*ਜਲ ਕੈ ਮਜਨਿ ਜੇ ਗਤਿ ਹੋਵੈ*
*ਨਿਤ ਨਿਤ ਮੇਂਡੁਕ ਨਾਵਹਿ॥*
*ਜੈਸੇ ਮੇਂਡੁਕ ਤੈਸੇ ਓਇ ਨਰ*
*ਫਿਰਿ ਫਿਰਿ ਜੋਨੀ ਆਵਹਿ॥* *ਅੰਗ – 484*

ਸੋ ਇਸ ਮਹੀਨੇ ਦਾ ਜੋ ਉਪਦੇਸ਼ ਸਾਨੂੰ ਗੁਰੂ ਮਹਾਰਾਜ ਜੀ ਤੋਂ ਪ੍ਰਾਪਤ ਹੋ ਰਿਹਾ ਹੈ, ਉਹ ਵਾਹਿਗੁਰੂ ਦੇ ਨਾਮ ਦੇ ਜਲ ਵਿਚ ਨਿਰਮਲ ਮਨ ਹੋ ਕੇ ਇਸ਼ਨਾਨ ਕਰਨਾ ਹੈ –

*ਹਰਿ ਜਲੁ ਨਿਰਮਲੁ ਮਨੁ ਇਸਨਾਨੀ*
*ਮਜਨੁ ਸਤਿਗੁਰੁ ਭਾਈ॥*
*ਪੁਨਰਪਿ ਜਨਮੁ ਨਾਹੀ ਜਨ ਸੰਗਤਿ*
*ਜੋਤੀ ਜੋਤਿ ਮਿਲਾਈ॥* *ਅੰਗ – 505*

ਹਰੀ ਦਾ ਨਾਮ ਨਿਰਮਲ ਜਲ, ਤੇ ਸਤਿਗੁਰੂ ਇਸ਼ਨਾਨ ਕਰਾਉਣ ਵਾਲੇ ਹਨ। ਹਰੀ ਦੇ ਦਾਸਾਂ ਦੀ ਸੰਗਤ ਕਰਕੇ ਫੇਰ ਜਨਮ ਮਰਨ ਤੋਂ ਛੁਟਕਾਰਾ ਹੋ ਜਾਂਦਾ ਹੈ, ਹਰੀ ਦੇ ਰੂਪ ਵਿਚ ਸਾਡੀ ਆਤਮਾ ਅਭੇਦ ਹੋ ਜਾਂਦੀ ਹੈ –

*ਹਰਿ ਜਲੁ ਨਿਰਮਲੁ ਮਨੁ ਇਸਨਾਨੀ*
*ਮਜਨੁ ਸਤਿਗੁਰੁ ਭਾਈ॥*
*ਪੁਨਰਪਿ ਜਨਮੁ ਨਾਹੀ ਜਨ ਸੰਗਤਿ*
*ਜੋਤੀ ਜੋਤਿ ਮਿਲਾਈ॥* *ਅੰਗ – 505*

ਨਾਮ ਦੇ ਇਸ਼ਨਾਨ ਦੀ ਪ੍ਰੋੜਤਾ ਕਰਦੇ ਹੋਏ ਆਪ ਫੁਰਮਾਉਂਦੇ ਹਨ –

*ਜਲਿ ਮਲਿ ਕਾਇਆ ਮਾਜੀਐ ਭਾਈ*
*ਭੀ ਮੈਲਾ ਤਨੁ ਹੋਇ॥*
*ਗਿਆਨਿ ਮਹਾ ਰਸਿ ਨਾਈਐ ਭਾਈ*
*ਮਨੁ ਤਨੁ ਨਿਰਮਲੁ ਹੋਇ॥* *ਅੰਗ – 637*

ਸੋ ਗੁਰੂ ਮਹਾਰਾਜ ਜੀ ਦਾ ਆਦੇਸ਼ ਹੈ –

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥*
*ਅੰਗ – 136*

ਸਾਧੂਆਂ ਦੀ ਸੰਗਤ ਵਿਚ ਰਹਿ ਕੇ ਅਤੇ ਉਨ੍ਹਾਂ ਦੇ ਤੱਤ ਬਚਨਾਂ ਨੂੰ ਸਰਵਣ ਕਰਕੇ, ਮੰਨਣ ਕਰਕੇ ਅਤੇ ਨਿਧਿਆਸਣ ਰਾਹੀਂ ਤੱਤ ਪਦ ਦੀ ਪ੍ਰਾਪਤੀ ਕਰਕੇ ਸਫਲ ਨਹਾਉਣਾ ਹੈ। ਵਾਹਿਗੁਰੂ ਦਾ ਨਾਮ ਆਪ ਜਪਣਾ ਹੈ ਅਤੇ ਜਦੋਂ ਆਤਮ ਪ੍ਰਾਪਤੀ ਹੋ ਗਈ, ਦੂਸਰਿਆਂ ਨੂੰ ਵੀ ਜਪਾਉਣਾ ਹੈ–

*ਹਰਿ ਕਾ ਨਾਮੁ ਧਿਆਇ ਸੁਣਿ*
*ਸਭਨਾ ਨੋ ਕਰਿ ਦਾਨੁ॥* *ਅੰਗ – 136*

ਇਸ ਦੀ ਪਦਵੀ ਬਹੁਤ ਉਚੀ ਹੋਇਆ ਕਰਦੀ ਹੈ ਜੋ ਆਪ ਨਾਮ ਜਪਦਾ ਹੈ ਅਤੇ ਦੂਸਰਿਆਂ ਨੂੰ ਜਪਾਉਂਦਾ ਹੈ –

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*
*ਅੰਗ – 306*

ਕਬੀਰ ਜੀ ਦਾ ਇਕੋ–ਇਕ ਪ੍ਰਮੁੱਖ ਸਾਧਨ ਨਾਮ ਜਪਣਾ ਹੈ। ਹਰੀ ਦਾ ਕੀਰਤਨ ਕਰਨਾ, ਹਰੀ ਦੇ ਗੁਣਾਂ ਦੀ ਵਿਚਾਰ ਕਰਨੀ, ਉਸਦੀ ਬੇਅੰਤਤਾਈ ਵਿਚ ਲੀਨ ਹੋਣਾ, ਪ੍ਰਭੂ ਰੂਪ ਗੁਰੂ ਦੇ ਧਿਆਨ ਵਿਚ ਮਹਿਵ ਹੋਣਾ ਅਤੇ ਮਨੋ ਮਨ ਤਰੱਕੀ ਕਰਕੇ ਆਤਮ ਚਿੰਤਨ ਦੀ ਅਵਸਥਾ ਵਿਚ ਪਹੁੰਚਣਾ; ਇਹ ਆਤਮ ਮਾਰਗ ਵਿਚ ਨਾਮ ਦੀਆਂ ਪਉੜੀਆਂ ਹਨ। ਸੋ ਐਸੇ ਨਾਮ ਦੀ ਘਾਲ ਕਮਾਈ ਕਰਨ ਵਾਲਾ ਆਪ ਛੁਟ ਜਾਂਦਾ ਹੈ ਅਤੇ ਲੱਖਾਂ ਕੀ, ਕ੍ਰੋੜਾਂ ਨੂੰ ਤਾਰ ਦਿੰਦਾ ਹੈ –

*ਗੁਰਮੁਖਿ ਕੋਟਿ ਉਧਾਰਦਾ ਭਾਈ*
*ਦੇ ਨਾਵੈ ਏਕ ਕਣੀ॥* *ਅੰਗ – 608*

ਸੋ ਮਹਾਰਾਜ ਜੀ ਦਾ ਹੁਕਮ ਹੈ –

*ਹਰਿ ਕਾ ਨਾਮੁ ਧਿਆਇ ਸੁਣਿ*
*ਸਭਨਾ ਨੋ ਕਰਿ ਦਾਨੁ॥* *ਅੰਗ – 136*

ਅੰਤਸ਼ਕਰਣ ਵਿਚ ਜੋ ਜਨਮਾਂ–ਜਨਮਾਂਤਰਾਂ ਦੀ ਮੈਲ ਲੱਗੀ ਹੋਈ ਹੈ ਅਤੇ ਮਨ ਕਾਲਾ ਸਿਆਹ ਹੋ ਗਿਆ ਹੈ, ਜੋ ਨਾਮ ਤੋਂ ਬਗੈਰ ਹੋਰ ਕਿਸੇ ਸਾਧਨ ਨਾਲ ਇਹ ਮੈਲ ਨਹੀਂ ਉਤਰਦੀ, ਫੋਕੇ ਸਾਧਨ ਹੋਰ ਤੈਹਾਂ ਇਸ ਮਨ ਉਪਰ ਅੰਦਰਲੀ ਮੈਲ ਕਾਰਨ ਲਾਈ ਜਾਂਦੇ ਹਨ। ਪਰ ਜਦੋਂ ਸਾਧੂਆਂ ਦੀ ਸੰਗਤ ਵਿਚ ਇਸ਼ਨਾਨ ਕੀਤਾ ਤਾਂ ਮਨ ਉਪਰੋਂ ਹਉਮੈ ਦੀ ਮੈਲ, ਨਾਮ ਕਮਾਈ ਕਰਕੇ ਲਹਿ ਜਾਂਦੀ ਹੈ –

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ॥* *ਅੰਗ – 651*

*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥*
*ਅੰਗ – 136*

ਜਦੋਂ ਸਾਧੂਆਂ ਦੀ ਸੰਗਤ ਮਿਲ ਗਈ, ਉਨ੍ਹਾਂ ਤੋਂ ਪ੍ਰਾਪਤ ਤੱਤ ਬਚਨਾਂ ਦੀ ਕਮਾਈ ਕੀਤੀ ਤਾਂ ਕਾਮ ਵਰਗੇ ਮਹਾਨ ਸ਼ਤਰੂ ਅਤੇ ਕ੍ਰੋਧ ਵਰਗੇ ਦੁੰਦਰ ਸ਼ਤਰੂ ਇਸ ਜੀਵ ਨੂੰ ਮੋਹ ਨਹੀਂ ਸਕਦੇ। ਲੋਭ ਦਾ ਖਾਤਮਾ ਹੋ ਜਾਂਦਾ ਹੈ ਕਿਉਂਕਿ ਸੰਤਾਂ ਦੀ ਸੰਗਤ ਕਰਕੇ ਅਤੇ ਨਾਮ ਦੀ ਕਮਾਈ ਕਰਕੇ ਦਿਬ ਨੇਤਰ ਖੁਲ੍ਹ ਗਏ, ਹਰ ਥਾਂ ਉਪਰ ਇਕੋ ਜੋਤ –

*ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢ ਹੋਤ ਹੈ।।*
*(ਅਕਾਲ ਉਸਤਤਿ)*

ਨਜ਼ਰ ਆਉਂਦੀ ਹੈ। ਦੂਸਰਾ ਕੋਈ ਦਿਸਦਾ ਨਹੀਂ। ਫੇਰ ਇਨ੍ਹਾਂ ਆਸੁਰੀ ਸੰਪ੍ਰਦਾ ਦੇ ਭਿਆਨਕ ਸ਼ਤਰੂਆਂ ਦਾ, ਸਤਿਸੰਗ ਦੇ ਪ੍ਰਭਾਵ ਕਰਕੇ ਕੋਈ ਅਸਰ ਨਹੀਂ ਹੁੰਦਾ। ਜਦੋਂ ਅਸੀਂ ਆਤਮ ਮਾਰਗ ਦੇ ਸੱਚੇ ਰਸਤੇ ਉਤੇ ਆਪਣੀ ਜੀਵਨ ਨਈਆ ਨੂੰ ਪਾਵਾਂਗੇ ਤਾਂ ਜੀਵ ਦੇ ਅੰਦਰ ਦੈਵੀ ਸੰਪ੍ਰਦਾ ਦਾ ਉਭਾਰ ਵਧਦਾ ਹੀ ਜਾਵੇਗਾ। ਜਦੋਂ ਇਸ ਦਾ ਜੀਵ ਭਾਵ ਖਤਮ ਹੋ ਕੇ ਜੀਵਨ ਮੁਕਤ ਅਵਸਥਾ ਦੀ ਪ੍ਰਾਪਤੀ ਹੋ ਗਈ ਤਾਂ ਸਾਰਾ ਹੀ ਸੰਸਾਰ ਇਥੇ ਧੰਨ–ਧੰਨ ਕਰੇਗਾ ਅਤੇ ਦਰਗਾਹ ਵਿਚ ਵੀ ਦੇਵ ਲੋਕਾਂ ਵਿਚ ਧੰਨ–ਧੰਨ ਦੇ ਅਵਾਜ਼ੇ ਆਉਣਗੇ–

*(ਬਾਕੀ ਪੰਨਾ 47 'ਤੇ)*

# ਬਾਬਾ ਏਹੁ ਲੇਖਾ ਲਿਖਿ ਜਾਣੁ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ*

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ-15)*

ਘਰ ਆ ਜਾਂਦੇ ਨੇ ਗੁਰੂ ਨਾਨਕ ਸਾਹਿਬ, ਫੇਰ ਉਸੇ ਤਰ੍ਹਾਂ ਹੋ ਗਿਆ। ਹਫਤਾ-ਹਫਤਾ ਚੁੱਪ ਕਰ ਰਹਿੰਦੇ ਨੇ, ਬੋਲਦੇ ਨਹੀਂ। ਮੌਜ ਆ ਜਾਵੇ ਬੋਲ ਪੈਂਦੇ ਨੇ ਨਹੀਂ ਤਾਂ ਚੁੱਪ ਰਹਿੰਦੇ ਨੇ। ਜੰਗਲ ਨੂੰ ਚਲੇ ਜਾਂਦੇ ਨੇ। ਪਾਂਧੇ ਕੋਲ ਫੇਰ ਗਏ ਮਹਿਤਾ ਕਾਲੂ ਜੀ, ਜਿਹਨੇ ਪੱਤਰੀ ਲਿਖੀ ਸੀ, ਹਰਦਿਆਲ ਉਹਦਾ ਨਾਮ ਸੀ। ਕਹਿਣ ਲੱਗਿਆ, ਪਾਂਧਾ ਜੀ, ਤੁਸੀਂ ਚੰਗੀ ਪੱਤਰੀ ਲਿਖੀ, ਹਿਸਾਬ-ਕਿਤਾਬ, ਉਹ ਤਾਂ ਜਮਾਂ ਹੀ ਨਿਕੰਮਾ ਮੁੰਡਾ ਹੈ, ਮੈਂ ਇਹਨੂੰ ਪੜ੍ਹਨ ਲਾਇਆ ਸੀ, ਪੜ੍ਹਦਾ ਨਹੀਂ ਹੈ। ਪਾਂਧਾ ਕਹਿੰਦਾ, ਇਹ ਤਾਂ ਮੈਨੂੰ ਹੀ ਪੜ੍ਹਾ ਗਿਆ। ਉਹ ਵੀ ਟਿਚਰਾਂ ਕਰਦਾ ਹੈ, ਮਖੌਲ ਕਰਦਾ ਹੈ। ਜਦੋਂ ਮੈਂ ਕਹਿੰਦਾ ਹਾਂ ਕਿ ਪਾਧਾ ਜੀ! ਤੁਸੀਂ ਪੜ੍ਹਾ ਦਿਓ। ਕਹਿੰਦਾ, ਨਾ, ਇਹ ਤਾਂ ਮੈਨੂੰ ਪੜ੍ਹਾ ਗਿਆ, ਮੈਂ ਇਹਨੂੰ ਕੀ ਪੜ੍ਹਾਵਾਂ। ਕੋਈ ਬਾਲਕ ਹੋਵੇ ਮੈਂ ਪੜ੍ਹਾ ਦੇਵਾਂ, ਇਹ ਬਾਲਕ ਥੋੜ੍ਹਾ ਹੈ। ਤੇਰੇ ਨੇਤਰ ਬੰਦ ਨੇ, ਇਹ ਤਾਂ ਤੇਰੇ ਘਰ ਵਿਚ ਆਪ ਪ੍ਰਮੇਸ਼ਰ ਪ੍ਰਗਟ ਹੋਇਆ ਹੈ। ਕਹਿੰਦੇ, ਮੈਨੂੰ ਘਰ ਦੇ ਵਿਚ ਸਾਰੇ ਮਖੌਲ ਕਰਦੇ ਨੇ। ਤੁਸੀਂ ਹਿਸਾਬ-ਕਿਤਾਬ ਜੋੜੋ, ਕਹਿਣ ਲੱਗਿਆ, ਪਾਧਾ ਜੀ! ਤੁਸੀਂ ਕਾਹਲੇ ਨਾ ਪਵੋ ਸਮਾਂ ਆਏਗਾ ਜਦ ਇਨ੍ਹਾਂ ਨੇ ਪ੍ਰਗਟ ਹੋ ਜਾਣਾ ਹੈ। ਤੁਸੀਂ ਹੋਰ ਥਾਂ ਲਾ ਦਿਓ। ਜੇ ਇਹ ਨਹੀਂ ਪੜ੍ਹਦਾ ਤਾਂ ਫਾਰਸੀ ਪੜ੍ਹਨ ਲਾ ਦਿਓ। ਗੁਰੂ ਨਾਨਕ ਨੂੰ ਫਾਰਸੀ ਪੜ੍ਹਨ ਵਾਸਤੇ ਸੱਯਦ ਕੋਲ ਲੈ ਜਾਂਦੇ ਨੇ। ਸੱਯਦ ਨੂੰ ਪੁੱਛਿਆ ਕਿ ਇਹਨੂੰ ਫਾਰਸੀ ਪੜ੍ਹਾ ਦੇ, ਕੁਰਾਨ ਸ਼ਰੀਫ ਪੜ੍ਹਾ ਦੇ, ਅਰਬੀ ਪੜ੍ਹਾ ਦੇ, ਐਨ ਤਾਕ ਬਣਾ ਦੇ। ਥੋੜ੍ਹੇ ਦਿਨ ਮਹਾਰਾਜ ਗਏ ਓਥੇ, ਜਿਹੜਾ ਕੁਛ ਉਹ ਦੱਸੇ ਉਹ ਉਸੇ ਵੇਲੇ ਸੁਣਾ ਦੇਣ। ਮੁੱਲਾ ਕਹਿਣ ਲੱਗਿਆ ਕਿ ਐਨਾ ਹੁਸ਼ਿਆਰ ਬੱਚਾ? ਅਜੇ ਮੇਰੇ ਮੂੰਹੋਂ ਨਿਕਲਦਾ ਹੈ ਕਿ ਮੈਂ ਸਾਰਾ ਪੜ੍ਹ ਕੇ ਸੁਣਾਉਂਦਾ ਹਾਂ, ਨਾਲ ਦੀ ਨਾਲ ਹੀ ਸੁਣਾ ਦਿੰਦਾ ਹੈ ਮੈਨੂੰ। ਮੈਂ ਇਹਨੂੰ ਕੀ ਪੜ੍ਹਾਵਾਂ। ਗੁਰੂ ਨਾਨਕ ਨੇ ਕ੍ਰਿਪਾ ਕੀਤੀ ਸੇ-ਹਰਫੀ ਲਿਖ ਦਿਤੀ। ਸਾਰੇ ਅੱਖਰਾਂ ਦੇ ਮਤਲਬ ਬਾਣੀ 'ਚ ਲਿਖ ਦਿਤੇ। ਉਹ ਸੇ-ਹਰਫੀ ਗੁਰੂ ਗ੍ਰੰਥ ਸਾਹਿਬ ਜੀ 'ਚ ਨਹੀਂ ਹੈ।

ਸੋ ਉਸ ਨੇ ਵੀ ਮੱਥਾ ਟੇਕ ਦਿਤਾ, ਸਿਜਦਾ ਕਰ ਦਿਤਾ, ਕਹਿਣ ਲੱਗਿਆ, ਹੇ ਨਾਨਕ! ਤੂੰ ਪੜ੍ਹਿਆ-ਪੜ੍ਹਾਇਆ ਆਇਆ ਹੈਂ, ਤੈਨੂੰ ਕੋਈ ਨਹੀਂ ਪੜ੍ਹਾ ਸਕਦਾ। ਮੁੜ ਕੇ ਗੁਰੂ ਨਾਨਕ ਫੇਰ ਉਸੇ ਤਰ੍ਹਾਂ ਜੰਗਲਾਂ 'ਚ ਜਾਣ ਲੱਗ ਗਏ। ਫੇਰ ਮਹਿਤਾ ਜੀ ਦੁਖੀ ਹੋ ਗਏ, ਫੇਰ ਗਏ ਤਾਂ ਉਸ ਵੇਲੇ ਪਾਧੇ ਨੇ ਕਿਹਾ ਕਿ ਜੇ ਛੋਟੀ ਵਿਦਿਆ ਛੇਤੀ ਪੜ੍ਹ ਲੈਂਦਾ ਹੈ ਤਾਂ ਸੰਸਕ੍ਰਿਤ ਤਾਂ 50-50 ਸਾਲ ਨਹੀਂ ਆਉਂਦੀ। 26 ਸਾਲ 'ਚ ਤਾਂ ਵਿਆਕਰਣ ਹੀ ਸਿੱਖ ਹੁੰਦੀ ਹੈ ਇਹਦੀ। ਔਖੀ ਵਿਦਿਆ 'ਤੇ ਲਾ ਦੇ ਇਹਨੂੰ, ਬ੍ਰਹਮ ਵਿਦਿਆ ਪੜ੍ਹ ਲਵੇ। ਉਸ ਵੇਲੇ ਬ੍ਰਿਜ ਲਾਲ ਦੇ ਪਾਸ ਸੰਸਕ੍ਰਿਤ ਪੜ੍ਹਨ ਲਾ ਦਿਤਾ ਗੁਰੂ ਨਾਨਕ ਪਾਤਸ਼ਾਹ ਨੂੰ। ਸੰਸਕ੍ਰਿਤ ਦੇ ਅੱਖਰ ਦਸ ਦਿਤੇ ਉਹਨੇ, ਥੋੜ੍ਹੇ ਜਿਹੇ ਦਿਨ ਹੋਏ ਇਕ ਕਾਗਜ਼ ਚੁੱਕੀਂ ਫਿਰਨ। ਕਹਿੰਦੇ, ਨਾਨਕ ਇਹ ਕੀ ਹੈ? ਕਹਿੰਦੇ, ਇਹ ਤੂੰ ਲਿਖਿਆ ਹੈ? ਕਹਿੰਦੇ, ਹਾਂ ਪਿਤਾ ਜੀ! ਮੈਂ ਲਿਖਿਆ ਹੈ। ਕਹਿੰਦੇ, ਇਹ ਕੀ ਹੈ? ਕਹਿੰਦੇ, ਸਪਤ ਸਲੋਕੀ ਗੀਤਾ ਲਿਖੀ ਹੈ। ਸੱਤ ਸਲੋਕਾਂ ਦੇ ਵਿਚ ਸਾਰੀ ਗੀਤਾ ਨੂੰ ਬੰਦ ਕਰ ਦਿਤਾ। ਹੈਰਾਨ ਹੋ ਗਿਆ ਕਹਿੰਦੇ ਤੂੰ ਯਾਦ ਕੀਤੀ ਹੈ?

ਕਹਿੰਦੇ ਨਹੀਂ ਪਿਤਾ ਜੀ! ਲਿਖੀ ਹੀ ਮੈਂ ਹੈ। ਕਾਗਜ਼ ਫੜ ਲਿਆ, ਗੁਰੂ ਨਾਨਕ ਨੂੰ ਬ੍ਰਿਜਲਾਲ ਦੇ ਪਾਸ ਲੈ ਗਏ। ਕਹਿਣ ਲੱਗੇ, ਪੰਡਤ ਜੀ! ਇਹ ਦੇਖਿਓ ਤਾਂ ਕਾਗਜ਼ ਨਾਨਕ ਦਾ ਹੈ? ਕਹਿੰਦੇ, ਹਾਂ।

ਹੈਰਾਨ ਹੋ ਗਿਆ ਕਿ ਗੁਰੂ ਨਾਨਕ ਨੇ ਸਪਤ ਸ਼ਲੋਕੀ ਗੀਤਾ ਲਿਖ ਦਿਤੀ। ਕਹਿੰਦੇ, ਹੇ ਨਾਨਕ! ਇਹਦੇ ਅਰਥ ਵੀ ਜਾਣਦਾ ਹੈਂ? ਅਰਥ ਕਰ ਦਿਤੇ, ਜਿਹੜਾ ਬ੍ਰਿਜ ਲਾਲ ਸੀ ਚਰਨਾਂ 'ਤੇ ਢਹਿ ਪਿਆ। ਕਹਿੰਦਾ, ਮਹਿਤਾ ਜੀ! ਇਹ ਕੋਈ ਮਾਮੂਲੀ ਬੰਦਾ ਨਹੀਂ ਹੈ, ਤੂੰ ਇਹਨੂੰ ਸਮਝਣ ਦਾ ਯਤਨ ਕਰ, ਇਹ ਤਾਂ ਬਹੁਤ ਵੱਡਾ ਹੈ। ਲੇਕਿਨ ਉਨ੍ਹਾਂ ਦਾ ਮਨ ਨਹੀਂ ਮੰਨਦਾ। ਮਾਂ-ਬਾਪ ਕਦੇ ਨਹੀਂ ਆਪਣੇ ਪੁੱਤਰ ਨੂੰ ਮੰਨਣਗੇ ਕਿ ਮੇਰਾ ਪੁੱਤਰ ਸਾਧੂ ਹੈ, ਕਰਨੀ ਕਮਾਈ ਵਾਲਾ ਹੈ। ਕੋਈ ਵਿਰਲਾ ਮਾਂ-ਬਾਪ, ਜਿਹਦੇ ਉਤੇ ਮਾਇਆ ਨਾ ਹੋਵੇ। ਭਰਾ-ਭਾਈ ਨਹੀਂ ਮੰਨਦੇ ਹੁੰਦੇ, ਘਰ ਦਾ ਪਰਿਵਾਰ ਨਹੀਂ ਮੰਨਦਾ ਹੁੰਦਾ, ਮਿੱਤਰ ਦੋਸਤ ਨਹੀਂ ਮੰਨਦੇ, ਪਿੰਡ ਵਾਲੇ ਨਹੀਂ ਮੰਨਦੇ ਹੁੰਦੇ। ਬਾਕੀ ਸੰਸਾਰ ਨੂੰ ਸੋਝੀ ਆ ਜਾਂਦੀ ਹੈ ਉਹ ਮੰਨ ਜਾਂਦੇ ਨੇ। ਇਸ ਕਰਕੇ ਕਹਿੰਦੇ ਨੇ ਕਿ 'ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ।'

ਹੁਣ ਗੁਰੂ ਨਾਨਕ ਪਾਤਸ਼ਾਹ ਨੂੰ ਕਿੱਥੇ ਲਾਵੇ, ਉਹ ਤਾਂ ਪੜ੍ਹੇ ਹੋਏ ਨੇ ਸਾਰੀਆਂ ਪੜ੍ਹਾਈਆਂ। ਸਾਰਿਆਂ ਕਹਿ ਦਿਤਾ, ਸਾਡੇ ਕੋਲ ਕੋਈ ਪੜ੍ਹਾਈ ਨਹੀਂ ਇਸ ਤੋਂ ਅੱਗੇ ਇਹਨੂੰ ਪੜ੍ਹਾਉਣ ਵਾਲੀ, ਜਿਹੜਾ ਕੁਛ ਇਹਨੇ ਪੜ੍ਹਨਾ ਸੀ ਇਹਨੇ ਪੜ੍ਹਿਆ ਹੋਇਆ ਹੈ। ਇਹ ਤਾਂ ਸਾਨੂੰ ਪੜ੍ਹਾ ਰਿਹਾ ਹੈ। ਮਹਿਤਾ ਜੀ ਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਸਾਰੇ ਮੇਰੇ ਨਾਲ ਓਪਰੀਆਂ ਗੱਲਾਂ ਕਰ ਰਹੇ ਹਨ।

ਹੁਣ ਗੁਰੂ ਨਾਨਕ ਨਹੀਂ ਕਿਤੇ ਵੀ ਜਾਂਦੇ, ਨਾ ਕਿਸੇ ਨਾਲ ਬੋਲਦੇ ਚਾਲਦੇ ਨੇ, ਜੰਗਲ 'ਚ ਚਲੇ ਗਏ ਉਥੇ ਹੀ ਸ਼ਾਮ ਤਕ ਰਹਿੰਦੇ ਨੇ। ਘਰੋਂ ਕੋਈ ਚੀਜ਼ ਲੈ ਕੇ ਬਾਹਰ ਹੀ ਛੱਡ ਆਉਂਦੇ ਨੇ। ਕੱਪੜਾ ਲੀੜਾ ਲੈ ਜਾਂਦੇ ਨੇ ਬਾਹਰ ਹੀ ਦੇ ਆਉਂਦੇ ਨੇ, ਸਾਧੂ ਸੰਤਾਂ ਨੂੰ। ਬੜਾ ਨੁਕਸਾਨ ਹੋਣ ਲਗ ਗਿਆ ਤੇ ਬੋਲਦੇ ਹੈ ਨਹੀਂ। ਸੱਤ-ਸੱਤ ਦਿਨ ਰੋਟੀ ਨਹੀਂ ਖਾਂਦੇ। ਸਾਰਾ ਭਾਈਚਾਰਾ ਇਕੱਠਾ ਹੋਇਆ, ਕਹਿੰਦੇ

ਮਹਿਤਾ ਜੀ ਸਾਨੂੰ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਇਨ੍ਹਾਂ ਨੂੰ ਕੋਈ ਛਾਇਆ ਹੋ ਗਈ। ਕੋਈ ਭੂਤ-ਪ੍ਰੇਤ ਆ ਗਿਆ, ਜਿਨ੍ਹਾਂ ਨੇ ਇਨ੍ਹਾਂ ਨੂੰ ਫੜ ਲਿਆ। ਨਹੀਂ ਏਸ ਉਮਰ ਦੇ ਬੱਚੇ ਤਾਂ ਖੇਲ੍ਹਦੇ ਫਿਰਦੇ ਨੇ। ਤੁਸੀਂ ਇਸ ਤਰ੍ਹਾਂ ਕਰੋ ਕਿਸੇ ਸਿਆਣੇ ਨੂੰ ਲਿਆਓ, ਮੰਤਰ ਵਗੈਰਾ ਕਰਾਓ, ਜਿਹੜਾ ਇਨ੍ਹਾਂ ਦੇ ਉਤੋਂ ਛਾਇਆ ਹਟਾਵੇ। ਉਸ ਵੇਲੇ ਉਸੇ ਮੁੱਲਾਂ ਨੂੰ ਜਿਹਦੇ ਕੋਲ ਗੁਰੂ ਨਾਨਕ ਪੜ੍ਹਦੇ ਸੀ ਕਿਉਂਕਿ ਮੁੱਲਾਂ ਇਹ ਕੰਮ ਕਰਿਆ ਕਰਦੇ ਸੀ ਮੰਤਰਾਂ ਜੰਤਰਾਂ ਦੇ। ਉਹ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਲੈ ਆਇਆ। ਮੁੱਲਾਂ ਹੱਥ ਹੌਲੇ ਕਰੀ ਜਾਂਦਾ ਹੈ। ਕਦੇ ਧਾਗਾ ਬੰਨ੍ਹਦਾ ਹੈ, ਕਦੇ ਕੁਛ ਕਰਦਾ ਹੈ, ਮੰਤ੍ਰ ਪੜ੍ਹਦਾ ਹੈ, ਕਦੇ ਗੇੜੇ ਕੱਢਦਾ ਹੈ, ਬਹੁਤ ਕੁਛ ਕਰਿਆ ਉਸ ਨੇ, ਕਦੇ ਛਾਲਾਂ ਮਾਰਦਾ ਜਾਂਦਾ ਹੈ। ਬੈਠ ਕੇ ਛੜੱਪੇ ਮਾਰਦਾ ਹੈ, ਦਰਖਤ 'ਚ ਜਾ ਕੇ ਮੇਖ ਗੱਡ ਆਉਂਦਾ ਹੈ।

ਮਹਿਤਾ ਕਾਲੂ ਜੀ ਦੇਖਦੇ ਨੇ, ਕਹਿੰਦੇ ਕਿਉਂ ਮੁੱਲਾਂ ਜੀ? ਕਹਿੰਦਾ, ਆ ਲੈ ਇਥੇ ਬੰਨ੍ਹ ਦਿਤੀ, ਹੁਣ ਨਹੀਂ ਜਾ ਸਕਦਾ। ਜਦੋਂ ਉਧਰ ਆਉਂਦਾ ਹੈ ਗੁਰੂ ਨਾਨਕ ਚੁੱਪ ਨੇ। ਗੱਲ ਹੀ ਨਹੀਂ ਕਰਦੇ।

ਫੇਰ ਕਹਿਣ ਲੱਗਿਆ ਕਿ ਮੇਰੇ ਵਸ ਦਾ ਤਾਂ ਹੈ ਨਹੀਂ ਇਹ। ਖਿਆਲ ਆ ਗਿਆ ਕਿ ਗੁਰੂ ਨਾਨਕ ਮਾਮੂਲੀ ਮਨੁੱਖ ਨਹੀਂ ਹੈ। ਜਿਹੜੀਆਂ ਗੱਲਾਂ ਅਸੀਂ ਸੁਣਦੇ ਹਾਂ ਗੱਲ ਓਹੀ ਹੈ। ਉਸ ਵੇਲੇ ਉਸ ਨੇ ਬੇਨਤੀ ਕੀਤੀ ਹੇ ਨਾਨਕ! ਜਿਸ ਖੁਦਾ ਨੂੰ ਤੂੰ ਮੰਨਦਾ ਹੈਂ ਜਿਸ ਖੁਦਾ ਦੇ ਪਿਆਰ ਵਿਚ ਤੂੰ ਮਸਤ ਹੋਇਆ ਹੈਂ, ਕ੍ਰਿਪਾ ਕਰ, ਤੂੰ ਉਸ ਦੇ ਵਾਸਤੇ ਹੀ ਮੇਰੇ ਨਾਲ ਗੱਲ ਤਾਂ ਕਰ ਲੈ। ਉਸੇ ਵੇਲੇ ਗੁਰੂ ਨਾਨਕ ਉੱਠ ਕੇ ਬੈਠ ਗਏ, ਨੇਤਰ ਖੋਲ੍ਹ ਲਏ ਤੇ ਮੁਸਕਰਾਉਣ ਲੱਗ ਗਏ। ਕਹਿੰਦੇ, ਹੇ ਨਾਨਕ! ਤੁਸੀਂ ਬੋਲਦੇ ਕਿਉਂ ਨਹੀਂ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਇਸ ਤਰ੍ਹਾਂ ਦਾ ਬਚਨ ਕਿਹਾ -

*ਧਾਰਨਾ - ਚੰਦ ਰੋਜ਼ ਦਾ ਪ੍ਰਾਹੁਣਾ ਆਇਆ ਜਗ 'ਤੇ,*
*ਦਾਹਵੇ ਬੰਨ੍ਹੇ ਮੁੱਦਤਾਂ ਦੇ।*

ਮਹਾਰਾਜ ਕਹਿਣ ਲੱਗੇ, ਮੁੱਲਾਂ! ਸੰਸਾਰ ਰਹਿਣ ਦਾ ਥਾਂ ਨਹੀਂ ਹੈ -

*ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥*
*ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥ ੧ ॥*
*ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥*
*ਮਮ ਸਰ ਮੂਇ ਅਜਰਾਈਲ ਗਿਰਫਤਹ*
*ਦਿਲ ਹੇਚਿ ਨ ਦਾਨੀ ॥ ੧ ॥ ਰਹਾਉ ॥ ਅੰਗ - ੭੨੧*

ਕਹਿੰਦੇ, ਇਹੋ ਜਿਹਾ ਆਦਮੀ ਮੁਨਕਰ ਹੈ ਕਿ ਕੇਸਾਂ ਨੂੰ ਤਾਂ ਫੜਿਆ ਹੋਇਆ ਹੈ ਅਜ਼ਰਾਈਲ ਨੇ। ਪਰ ਇਹ ਅਗਾਹਾਂ ਹੀ ਅਗਾਹਾਂ ਜਾਂਦਾ ਹੈ। ਸੱਪ ਦੇ ਮੂੰਹ ਵਿਚ ਡੱਡੂ ਆਇਆ ਹੋਇਆ ਹੈ। ਮੱਛਰ ਕੋਲ ਆ ਗਿਆ, ਡੱਡੂ ਅਜੇ ਵੀ ਮੂੰਹ ਅੱਡਦਾ ਹੈ ਕਿ ਮੱਛਰ ਫੜ ਲਵਾਂ। ਕਾਲ ਨੇ ਕਹਿੰਦੇ ਇਹਦੇ ਕੇਸ ਫੜੇ ਹੋਏ ਨੇ। ਇਹ ਜਿਹੜਾ ਦਿਲ ਹੈ ਇਹਨੇ ਜਾਣਿਆ ਨਹੀਂ ਹੈ ਇਸ ਗੱਲ ਨੂੰ।

*ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥*
*ਅੰਗ - ੭੨੧*

ਭਰਾ, ਪੁੱਤਰ, ਮਾਂ-ਪਿਉ, ਕੋਈ ਨਹੀਂ ਬਾਂਹ ਫੜ ਸਕਦਾ -

*ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥ ੨॥*
*ਅੰਗ - ੭੨੧*

ਅਖੀਰ ਦੇ ਉਤੇ ਕੀ ਕਰਿਆ ਜਾਏਗਾ -

*ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥*
*ਅੰਗ - ੭੨੧*

ਦਿਨ ਲੰਘ ਜਾਂਦਾ ਹੈ ਰਾਤ ਲੰਘ ਜਾਂਦੀ ਹੈ ਲੇਕਿਨ ਅੰਦਰਲੇ ਪਾਸੇ ਬਦੀਆਂ ਦੇ ਖਿਆਲ ਤੁਰੇ ਫਿਰਦੇ ਨੇ -

*ਗਾਹੇ ਨ ਨੇਕੀ ਕਾਰ ਕਰਦਮ*
*ਮਮ ਈਂ ਚਿਨੀ ਅਹਵਾਲ ॥ ੩ ॥ ਅੰਗ - ੭੨੧*

ਕਦੇ ਨੇਕੀ ਦਾ ਕੰਮ ਨਹੀਂ ਕਰਦਾ ਤੇ ਆਹ ਹਾਲ ਸਾਡਾ ਹੋ ਰਿਹਾ ਹੈ -

*ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥*
*ਅੰਗ- ੭੨੧*

ਜਿਸਦਾ ਹਿਸਾਬ ਕਿਤਾਬ ਹੋਏਗਾ, ਸਾਡੇ ਵਰਗੇ ਬਦਬਖਤ, ਮਾੜੇ ਬੰਦੇ, ਬਖੀਲੀਆਂ ਕਰਨ ਵਾਲੇ, ਗਫਲਤ ਕਰਨ ਵਾਲੇ, ਉਥੇ ਕੀ ਬਣੇਗਾ ਉਨ੍ਹਾਂ ਦੇ ਨਾਲ -

*ਨਾਨਕ ਬੁਗੋਯਦ ਜਨੁ ਤੁਰਾ*
*ਤੇਰੇ ਚਾਕਰਾਂ ਪਾ ਖਾਕ ॥ ੪ ॥ ੧ ॥ ਅੰਗ - ੭੨੧*

ਜਦੋਂ ਵੈਰਾਗ ਦਾ ਸ਼ਬਦ ਮੁੱਲਾਂ ਨੇ ਸੁਣਿਆ, ਸਿੱਜਦਾ ਕਰ ਦਿਤਾ ਗੁਰੂ ਨਾਨਕ ਨੂੰ ਕਿ ਗੁਰੂ ਨਾਨਕ ਤੇਰੀਆਂ ਤੂੰ ਜਾਣ। ਪਰ ਹੁਣ ਮੈਨੂੰ ਨਾ ਭੁਲੇਖਾ ਪਾ, ਕ੍ਰਿਪਾ ਕਰ।

*ਧਾਰਨਾ - ਮੈਨੂੰ ਆਪਣਾ ਬਣਾ ਲੈ ਮੇਰੇ ਮਾਲਕਾ,*
*ਜੰਮਣ ਮਰਨਾ ਮੇਰਾ ਕੱਟ ਦੇ।*

ਸਿਜਦਾ ਕਰ ਰਿਹਾ ਹੈ, ਗੋਡਿਆਂ ਭਾਰ ਬੈਠਾ ਹੈ, ਸਿਰ ਝੁਕਿਆ ਹੋਇਆ ਹੈ, ਗੁਰੂ ਨਾਨਕ ਦੇ ਸਾਮ੍ਹਣੇ ਬੈਠਾ ਹੈ, ਹੇ ਨਾਨਕ! ਭਾਵੇਂ ਮੇਰਾ ਸਰੀਰ ਮੁਸਲਮਾਨ ਦਾ ਹੈ, ਪਰ ਤੂੰ ਅੱਲਾਹ ਤਾਲਾ ਦੀ ਖਾਸ ਜਾਤ ਹੈਂ, ਕ੍ਰਿਪਾ ਕਰ, ਮੇਰੇ ਗਰੀਬ ਦੇ ਉਤੇ ਕ੍ਰਿਪਾ ਕਰ। ਮੈਨੂੰ ਨਾ ਹੁਣ ਭੁਲੇਖਾ ਪਾਈਂ -

*ਚਰਨ ਸਰਨ ਮਹਿ ਕੀਨੇ ਪਰਨਾ।*

ਹੇ ਨਾਨਕ! ਮੈਂ ਹੁਣ ਤੇਰੇ ਚਰਨਾਂ 'ਤੇ ਗਿਰ ਗਿਆ, ਮੇਰਾ ਇਹੀ ਆਸਰਾ ਰਹਿ ਗਿਆ।

*ਹਰਿ ਮੂਏ ਜਗ ਜਨਮ ਮਰਨਾ।*

ਹੁਣ ਕ੍ਰਿਪਾ ਕਰ ਦਿਓ, ਮੈਂ ਫੇਰ ਗਰਭ ਜੂਨੀ 'ਚ ਨਾ ਆਵਾਂ ਤੇ ਤੁਸੀਂ ਛੋਟੇ ਜਿਹੇ ਬੱਚੇ ਨਹੀਂ ਓਂ, ਅੰਨ੍ਹਿਆਂ ਨੂੰ ਤੁਸੀਂ ਛੋਟੇ ਜਿਹੇ ਬੱਚੇ ਲਗਦੇ ਓਂ, ਪਰ ਮੈਂ ਇਹ ਦੇਖ ਲਿਆ ਕਿ ਤੁਹਾਡੇ ਜਿੰਨਾ ਵੱਡਾ ਅੱਜ ਸੰਸਾਰ 'ਤੇ ਕੋਈ ਹੈ ਨਹੀਂ -

*ਬਿਰਧਨ ਤੇ ਤੁਮ ਬਿਰਧ ਵਡੇਰੇ।*
*ਕਰ ਉਪਦੇਸ ਸੁ ਕਟਹੁ ਦੁਖ ਮੇਰੇ।*

ਹੁਣ ਮੈਨੂੰ ਉਪਦੇਸ਼ ਕਰ ਦਿਓ, ਜਿਹੜੇ ਪੂਰੇ ਸਤਿਗੁਰੂ ਕਰਦੇ ਨੇ। ਕਾਮਲ ਮੁਰਸ਼ਦ ਹੋ ਤੁਸੀਂ ਤੇ ਮੈਂ ਇਕ ਅਦਨਾ

ਜਿਹਾ ਜੀਵ ਹਾਂ, ਮੈਨੂੰ ਉਪਦੇਸ਼ ਦਿਓ।

ਉਸ ਵੇਲੇ ਮਹਾਰਾਜ ਕਹਿਣ ਲੱਗੇ –

*ਸਤਿਨਾਮ ਇਕ ਚਿਤ ਲਿਵ ਲਾਈ।*

ਹੇ ਮੁੱਲਾ ਜੀ! ਕਹੁ ਵਾਹਿਗੁਰੂ! ਵਾਹਿਗੁਰੂ ਕਹਾ ਦਿਤਾ ਕਹਿੰਦੇ, ਹੁਣ ਇਕ ਚਿੱਤ ਹੋ ਕੇ ਇਹਦੇ ਨਾਲ ਲਿਵ ਲਾ ਲਈਂ। ਦੇਖੀਂ, ਭੁੱਲੀਂ ਨਾ 24 ਘੰਟਿਆਂ 'ਚ। ਜਦੋਂ ਨੀਂਦ ਆਈ, ਤੇਰੇ ਸੁਪਨਿਆਂ ਵਿਚ ਵੀ ਤੂੰ ਨਾਮ ਜਪੇਂਗਾ। ਤੈਨੂੰ ਜਾਗ ਆ ਜਾਏਗੀ ਅੰਦਰਲੀ। ਸਰੀਰ ਤੋਂ ਤੂੰ ਸੁੱਤਾ ਪਿਆ ਹੋਏਂਗਾ, ਤੇਰੇ ਸੁਰਤ ਜਾਗਦੀ ਹੋਏਂਗੀ ਤੇ ਤੂੰ ਉਥੇ ਨਾਮ ਜਪੇਂਗਾ, ਇਹਨੂੰ ਲਿਵ ਕਹਿੰਦੇ ਨੇ। ਚਿੱਤ ਨੂੰ ਇਕ ਕਰ ਲਈਂ ਕਿਉਂ ਜੇ ਚਿੱਤ ਇੱਕ ਹੋ ਜਾਵੇ –

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।* *ਅਕਾਲ ਉਸਤਤਿ*

ਇਕ ਚਿੱਤ ਹੋ ਕੇ ਜਿਹਨੇ ਵਾਹਿਗੁਰੂ ਨੂੰ ਅੱਖ ਦੇ ਝਮਕੇ ਜਿੰਨਾਂ ਵੀ ਧਿਆ ਲਿਆ। ਜਮਦੂਤਾਂ ਦੀ ਪਾਈ ਹੋਈ ਗਲੇ 'ਚ ਫਾਹੀ ਉਸੇ ਵੇਲੇ ਕੱਟੀ ਜਾਂਦੀ ਹੈ। ਕਹਿੰਦੇ, ਕਾਲ ਦੀ ਫਾਂਸੀ ਨਹੀਂ ਉਹਦੇ ਗਲ ਵਿਚ ਪਿਆ ਕਰਦੀ ਤੇ ਇਕ ਚਿੱਤ ਹੋ ਕੇ ਤੂੰ ਲਿਵ ਲਾ ਲੈ ਇਹਦੇ ਨਾਲ।

*ਜਪਹੁ ਦੇਹ ਅਭਿਮਾਨ ਗਵਾਈ॥*

ਹੁਣ ਤੂੰ ਇਹ ਨਾ ਕਹਿ ਕਿ ਮੈਂ ਮੁਸਲਮਾਨ ਹਾਂ, ਇਹ ਤੇਰੀ ਦੇਹ ਦੀ ਬਿਆਧੀ ਹੈ, ਤੂੰ ਆਤਮਾ ਹੈਂ। ਆਪਣੇ ਸਰੂਪ ਨੂੰ ਪਛਾਣ। ਤੂੰ ਇਹਦੇ ਵਿਚ ਰਹਿਣ ਵਾਲਾ ਹੈਂ, ਤੂੰ ਰੂਹ ਹੈਂ। ਤੂੰ ਸਰੀਰ ਨਹੀਂ ਹੈਂ, ਸਰੀਰ ਨਾਲ ਨਾ ਹੁਣ ਚਿੰਬੜ। ਨਿਕਲ ਜਾਹ, ਸ਼ਰ੍ਹਾ ਤੋਂ। ਮਾਰਫਤ ਦੀ ਗੱਲ ਕਹਿ ਦਿਤੀ ਮਹਾਰਾਜ ਨੇ। ਸ਼ਰ੍ਹਾ 'ਚੋਂ ਲੰਘਾ ਦਿਤਾ, ਸ਼ਰੀਅਤ 'ਚੋਂ ਲੰਘਾ ਦਿਤਾ। ਤਰੀਕਤ 'ਚੋਂ ਲੰਘਾ ਦਿਤਾ। ਮਾਰਫਤ 'ਚ ਲੈ ਗਏ। ਕਹਿੰਦੇ ਹੁਣ ਤੂੰ ਕਰੀਂ ਭਾਈ –

*ਸਤਿਸੰਗਤ ਕੀ ਸੇਵ ਉਪੰਗਾ॥*

ਜਿੱਥੇ ਸਤਿਸੰਗ ਹੁੰਦੀ ਹੈ, ਉਥੇ ਸੇਵਾ ਕਰੀਂ ਤਕੜਾ ਹੋ ਕੇ। ਪ੍ਰਵਾਹ ਨਾ ਕਰੀਂ ਕਿਸੇ ਦੀ।

*ਕਰਹੁ ਸੁਖਦ ਨਿਤ ਸਾਗੋ ਉਮੰਗਾ।*

ਉਮੰਗ ਦੇ ਨਾਲ ਤੂੰ ਪ੍ਰਮੇਸ਼ਰ ਨੂੰ ਯਾਦ ਕਰੀਂ। ਇਸ ਤਰ੍ਹਾਂ ਦੇ ਨਾਲ ਤੇਰਾ ਜਨਮ ਮਰਨ ਕੱਟਿਆ ਜਾਏਗਾ।

ਸੋ ਗੁਰੂ ਨਾਨਕ ਛੋਟੀ ਉਮਰ ਦੇ ਅੰਦਰ, ਇਹ ਨਹੀਂ ਕਿ ਬਹੁਤ ਵੱਡੇ ਫਿਲਾਸਫਰ ਹੋ ਕੇ, ਵੱਡੇ ਹੋ ਕੇ ਲੱਗੇ ਨੇ, ਬੜੇ ਲਿਖਾਰੀਆਂ ਨੇ ਉਟ-ਪਟਾਂਗ ਗੱਲਾਂ ਲਿਖੀਆਂ ਨੇ। ਉਹ ਤਾਂ ਧੁਰ ਤੋਂ ਆਏ ਹੋਏ ਸੀ, ਪੁਕਾਰ ਸੁਣ ਕੇ –

*ਸੁਣੀ ਪੁਕਾਰਿ ਦਾਤਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ॥* *ਭਾਈ ਗੁਰਦਾਸ ਜੀ, ਵਾਰ – ੧/੨੩*

ਧੁੰਦ ਪਈ ਹੋਈ ਸੀ ਮਿਟ ਗਈ –

*ਸਤਿਗੁਰ ਨਾਨਕ ਪ੍ਰਗਟਿਆ,*
*ਮਿਟੀ ਧੁੰਧੁ ਜਗਿ ਚਾਨਣੁ ਹੋਆ।*
*ਭਾਈ ਗੁਰਦਾਸ ਜੀ, ਵਾਰ ੧/੨੭*

ਪ੍ਰਕਾਸ਼ ਕਰ ਦਿਤਾ।

ਹੋਰ ਵੱਡੇ ਹੋ ਜਾਂਦੇ ਨੇ ਗੁਰੂ ਨਾਨਕ ਪਾਤਸ਼ਾਹ, ਮੱਝੀਆਂ ਚਾਰਨ ਵਾਸਤੇ ਗਏ। ਮੱਝੀਆਂ ਕੀ ਚਾਰਨੀਆਂ ਸੀ ਗੁਰੂ ਨਾਨਕ ਨੇ, ਚਲੇ ਗਏ ਜਾ ਕੇ ਮੱਝੀਆਂ ਚੁਗ ਰਹੀਆਂ ਨੇ ਤੇ ਆਪ ਨੇ ਕੱਪੜਾ ਵਿਛਾਇਆ ਹੋਇਆ ਹੈ ਹੇਠਾਂ ਇਕ ਦੁਪੱਟੀ ਤੇ ਉਤੇ ਉਨ੍ਹਾਂ ਨੇ ਆਪਣੀ ਬਾਂਹ ਰੱਖੀ ਹੋਈ ਹੈ ਮੱਥੇ ਕੋਲ, ਉਸ ਤਰ੍ਹਾਂ ਹੀ ਆਰਾਮ ਨਾਲ ਪਏ ਨੇ ਤੇ ਓਧਰਲੇ ਪਾਸੇ ਦੁਪਹਿਰਾ ਹੈ ਤੇ ਰਾਏ ਬੁਲਾਰ ਆ ਗਿਆ। ਨਾਲ ਉਹਦੇ ਦੋ ਤਿੰਨ ਘੋੜਿਆਂ ਵਾਲੇ ਹੋਰ ਨੇ। ਘੋੜਿਆਂ 'ਤੇ ਚੜ੍ਹੇ ਜਾਂਦੇ ਨੇ, ਕਹਿੰਦੇ ਔਹ ਕੌਣ ਪਿਆ ਹੈ? ਕਹਿੰਦੇ, ਮਹਿਤਾ ਕਾਲੂ ਜੀ ਦਾ ਲੜਕਾ ਪਿਆ ਹੈ, ਨੇੜੇ ਆ ਗਿਆ, ਕਹਿੰਦਾ ਹੈਂ? ਸੁਭ੍ਹਾਨ ਅੱਲਾਹ, ਆਹ ਦੇਖੋ, ਇਹਦੇ ਸਿਰ 'ਤੇ ਤਾਂ ਸੱਪ ਨੇ ਫਣ ਖਿਲਾਰਿਆ ਹੋਇਆ ਹੈ। ਹੌਲੀ-ਹੌਲੀ ਘੋੜਾ ਖੜ੍ਹਾ ਲਿਆ, ਉਤਰ ਆਇਆ ਥੱਲੇ, ਕਹਿੰਦੇ, ਬਚਾਓ ਜੇ ਬਚ ਸਕਦਾ ਹੈ। ਅਜੇ ਡੰਗ ਨਹੀਂ ਮਾਰਿਆ ਸੱਪ ਨੇ। ਸੱਪ ਉਸੇ ਤਰ੍ਹਾਂ ਦੇ ਨਾਲ ਛਾਓਂ ਕਰੀਂ ਖੜ੍ਹਾ ਹੈ। ਕੋਲ ਨੂੰ ਜਾਂਦੇ ਨੇ ਤੇ ਆਰਾਮ ਦੇ ਨਾਲ ਹੀ ਸੱਪ ਪਰ੍ਹੇ ਨੂੰ ਚਲਿਆ ਗਿਆ। ਮਾੜਾ ਜਿਹਾ ਜਾਂਦਾ ਦਿਖਿਆ, ਉਸ ਤੋਂ ਬਾਅਦ ਸੱਪ ਨਿਗ੍ਹਾ 'ਚ ਹੀ ਨਹੀਂ ਆਇਆ ਕਿਸੇ ਦੇ ਵੀ। ਕਹਿੰਦੇ, ਰਾਏ ਜੀ! ਸੱਪ ਕਿੱਥੇ ਚਲਿਆ ਗਿਆ। ਰੜ੍ਹਾ ਮੈਦਾਨ ਹੈ। ਮਾੜਾ ਜਿਹਾ ਹਿਲਦਾ ਦਿਸਿਆ ਹੈ। ਉਸ ਵੇਲੇ ਕਹਿਣ ਲੱਗਿਆ, ਇਹਦੀ ਗੱਲ ਸਮਝ 'ਚ ਨਹੀਂ ਆਉਂਦੀ। ਜਿੰਨੀਆਂ ਗੱਲਾਂ ਮੈਂ ਅੱਜ ਤੱਕ ਸੁਣੀਆਂ ਨੇ, ਸਾਰੀਆਂ ਗੱਲਾਂ ਅਜੀਬ ਨੇ ਇਸ ਦੀਆਂ। ਮਨ ਵਿਚ ਮੰਨਣ ਵਾਲੀਆਂ ਨਹੀਂ ਹਨ, ਜੇ ਮੁੱਲਾਂ ਕਹਿੰਦਾ ਹੈ ਤਾਂ ਉਹ ਕਹਿੰਦਾ ਹੈ ਕਿ ਖੁਦਾ ਹੈ। ਜੇ ਪਾਧਾ ਕਹਿੰਦਾ ਹੈ ਪੜ੍ਹਾਉਣ ਵਾਲਾ ਤਾਂ ਉਹ ਕਹਿੰਦਾ ਹੈ ਇਹ ਤਾਂ ਪੜ੍ਹੇ-ਪੜ੍ਹਾਏ ਨੇ, ਪੜ੍ਹਿਆਂ ਹੋਇਆਂ ਨੂੰ ਪੜ੍ਹਾਉਣ ਆਏ ਨੇ। ਜੇ ਸੰਸਕ੍ਰਿਤ ਪੜ੍ਹਾਉਣ ਵਾਲਾ ਹੈ ਉਹ ਕਹਿੰਦਾ ਹੈ ਕਿ ਵੇਦ ਸ਼ਾਸਤਰ ਇਨ੍ਹਾਂ ਦੇ ਚਰਨਾਂ ਦੇ ਵਿਚ ਨੇ, ਇਨ੍ਹਾਂ ਨੂੰ ਮੈਂ ਕੀ ਪੜ੍ਹਾਵਾਂ ਇਹ ਤਾਂ ਮੈਨੂੰ ਪੜ੍ਹਾਉਂਦੇ ਨੇ। ਅੱਜ ਕੀ ਕੌਤਕ ਦੇਖਿਆ ਕਿ ਸੱਪ ਹੈ, ਜ਼ਹਿਰੀਲਾ ਸੱਪ ਹੈ, ਫਨੀਆਰ ਨਾਗ ਹੈ, ਵੱਡਾ ਫਣ ਹੈ, ਗਿੱਠ ਸਵਾ ਗਿੱਠ ਦਾ ਚੌੜਾ ਫਣ ਹੈ ਤੇ ਮੂੰਹ ਦੇ ਉੱਤੇ ਛਾਉਂ ਕਰੀ ਬੈਠਾ ਹੈ। ਕਹਿੰਦਾ, ਅੱਜ ਮੈਂ ਸਿੱਜਦਾ ਕਰਾਂਗਾ ਇਸ ਨੂੰ, ਮੈਂ ਵੀ ਹੁਣ ਮੰਨਦਾ ਹਾਂ ਕਿ ਸੱਚਮੁੱਚ ਹੀ ਇਹ ਕੋਈ ਵਲੀ ਪ੍ਰਗਟ ਹੋਇਆ ਹੈ। ਸਿਜਦਾ ਕਰਦਾ ਹੈ, ਗੁਰੂ ਨਾਨਕ ਉੱਠ ਕੇ ਬੈਠ ਜਾਂਦੇ ਨੇ। ਸ਼ਰਧਾ ਹੋ ਗਈ ਇਹਦੇ ਮਨ ਵਿਚ। ਮੱਝੀਆਂ ਚਾਰਨ 'ਤੇ ਡਿਊਟੀ ਲੱਗੀ ਹੋਈ ਹੈ। ਦੂਸਰੇ-ਤੀਸਰੇ ਦਿਨ ਗੁਰੂ ਨਾਨਕ ਆਪਣੀ ਮੌਜ ਵਿਚ ਲੇਟੇ ਪਏ ਨੇ, ਮੱਝੀਆਂ ਨੇ ਵਾੜ ਤੋੜੀ, ਸਾਰੀਆਂ ਹੀ ਮੱਝਾਂ ਜਿਹੜੀਆਂ 20-25 ਜਾਂ 30-40 ਸੀ, ਸਾਰੀਆਂ ਖੇਤ ਵਿਚ ਵੜ ਗਈਆਂ। ਸਾਰਾ ਹੀ ਖੇਤ ਚੁਗ ਲਿਆ। ਇਕੱਲਾ ਖੇਤ ਸੀ ਉਹਦੇ 'ਵ ਵੜ ਗਈਆਂ ਤੇ ਸਾਰਾ ਡੁੰਡ ਬਣਾ ਦਿਤਾ ਖੇਤ। ਪੰਜ-ਪੰਜ, ਛੇ-ਛੇ ਉਂਗਲ ਦੇ ਡੁੰਡ ਰਹਿ ਗਏ, ਬਾਕੀ ਸਾਰਾ ਖੇਤ ਉਤੋਂ ਖਾ ਲਿਆ ਅਤੇ ਆਰਾਮ ਨਾਲ ਬੈਠ ਕੇ ਜੁਗਾਲੀ ਕਰਨ ਲੱਗ ਗਈਆਂ ਖੇਤ ਵਿਚ ਹੀ। ਰਹਿੰਦਾ-ਖੂੰਹਦਾ ਮਿੱਧ ਦਿੱਤਾ ਤੇ ਉਧਰੋਂ ਮਾਲਕ ਆ ਗਿਆ, ਮਾਲਕ ਨੇ ਆ ਕੇ ਦੇਖਿਆ ਕਿ ਆਹ ਤਾਂ ਮਹਿਤਾ ਕਾਲੂ ਦੀਆਂ ਮੱਝਾਂ ਨੇ, ਵੱਗ ਉਹਦਾ ਫਿਰਦਾ ਹੈ ਆਲੇ-

ਦੁਆਲੇ ਦੇਖਿਆ ਤਾਂ ਗੁਰੂ ਨਾਨਕ ਆਪਣੀ ਮੌਜ ਵਿਚ ਪਏ ਨੇ, ਜਾ ਕੇ ਮੋਢੇ ਤੋਂ ਫੜ ਲਿਆ ਗੁਰੂ ਨਾਨਕ ਨੂੰ ਕਹਿੰਦੇ, ਤੂੰ ਸੁੱਤਾ ਪਿਆ ਹੈਂ, ਆਹ ਦੇਖ ਮੇਰੇ ਖੇਤ ਦਾ ਕੀ ਹਾਲ ਕਰ ਦਿਤਾ ਮੇਰੇ ਖੇਤ ਦਾ। ਮੈਂ ਗਰੀਬ ਆਦਮੀ ਹਾਂ, ਮੈਂ ਪੁਕਾਰ ਕਰਾਂਗਾ, ਹਰਜਾਨਾ ਭਰਾਵਾਂਗਾ ਤੇਰੇ ਤੋਂ। ਮੇਰੀ ਤਾਂ ਸਾਰੀ ਖੇਤੀ ਖਾ ਲਈ। ਗੁਰੂ ਨਾਨਕ ਚੁੱਪ। ਮੋਢੇ ਤੋਂ ਗੁਰੂ ਨਾਨਕ ਨੂੰ ਧੂਹੀ ਜਾਂਦਾ ਹੈ, ਫੜ ਕੇ। ਚਲਿਆ ਗਿਆ, ਰਾਏ ਬੁਲਾਰ ਦੇ ਦਰਵਾਜ਼ੇ 'ਤੇ ਖੜ੍ਹ ਕੇ ਉੱਚੀ-ਉੱਚੀ ਰੋਣ ਲੱਗ ਗਿਆ, ਕਹਿਣ ਲੱਗਿਆ, ਰਾਇ ਜੀ ਮੇਰਾ ਇਨਸਾਫ ਕਰੋ, ਮੈਂ ਗਰੀਬ ਆਦਮੀ ਹਾਂ। ਇਹ ਤੇਰੇ ਕਾਰਦਾਰ ਦਾ ਪੁੱਤਰ ਨਾਨਕ, ਜਿਸਨੂੰ ਲੋਕ ਦੀਵਾਨਾ ਕਹਿੰਦੇ ਨੇ, ਮੱਝੀਆਂ ਚਾਰਨ 'ਤੇ ਲਾਇਆ ਹੋਇਆ ਹੈ ਮਹਿਤੇ ਨੇ, ਮੇਰਾ ਸਾਰਾ ਖੇਤ ਖਾ ਗਈਆਂ ਤੇ ਮੇਰਾ ਹਰਜਾਨਾ ਦਿਵਾਓ। ਪੁਕਾਰ ਕਰੀ ਜਾਂਦਾ ਹੈ, ਰਾਇ ਬਾਹਰ ਨਿਕਲਿਆ, ਆ ਕੇ ਮੰਜੇ 'ਤੇ ਬੈਠ ਗਿਆ। ਹੋਰ ਵੀ ਆ ਗਏ, ਪੰਚ ਵੀ ਮੰਗਾ ਲਏ, ਮੈਂ ਇਨਸਾਫ ਕਰਨਾ ਹੈ, ਭਾਵੇਂ ਮੇਰਾ ਹੀ ਬੰਦਾ ਹੈ ਮਹਿਤਾ ਕਾਲੂ, ਜਾਓ ਬੁਲਾ ਕੇ ਲਿਆਓ ਉਸ ਨੂੰ। ਬੁਲਾ ਕੇ ਲਿਆਂਦਾ। ਕਹਿੰਦੇ, ਮਹਿਤਾ ਜੀ! ਆਹ ਬੱਚਾ ਤੂੰ ਲਾਇਆ ਹੈ, ਇਹ ਤਾਂ ਮਸਤ ਬੱਚਾ ਹੈ, ਤੂੰ ਇਹ ਡੰਗਰ ਚਾਰਨ 'ਤੇ ਲਾ ਦਿਤਾ, ਇਹਨੇ ਡੰਗਰਾਂ ਦਾ ਕੁਛ ਨਹੀਂ ਦੇਖਿਆ ਇਹ ਤਾਂ ਆਰਾਮ ਕਰ ਰਿਹਾ ਸੀ ਇਕ ਥਾਂ ਬੈਠਾ ਤੇ ਡੰਗਰ ਇਹਦੀ ਸਾਰੀ ਫਸਲ ਖਾ ਗਏ। ਉਹ ਦੁਹਾਈ ਮਚਾਉਂਦਾ ਹੈ ਕਿ ਮੇਰਾ ਤਾਂ ਇਕ ਡਾਲ ਵੀ ਨਹੀਂ ਬਚਿਆ। ਕਹਿੰਦਾ, ਰਹਿੰਦਾ ਖੂੰਹਦਾ, ਮੱਝਾਂ ਉਪਰ ਬੈਠੀਆਂ ਉਗਾਲੀ ਕਰ ਰਹੀਆਂ ਨੇ, ਸਾਰੀਆਂ ਮੇਰੇ ਖੇਤ ਵਿਚ ਬੈਠੀਆਂ ਨੇ ਮੈਂ ਹੁਣ ਛੱਡ ਕੇ ਆ ਰਿਹਾ ਹਾਂ। ਪੰਚਾਇਤ ਇਕੱਠੀ ਕਰ ਲਈ ਰਾਏ ਨੇ, ਕਹਿੰਦੇ ਜਾਓ, ਹਰਜ਼ਾਨਾ ਵੀ ਲੱਗੇਗਾ, ਜ਼ੁਰਮਾਨਾ ਵੀ ਲੱਗੇਗਾ। ਦੋਵੇਂ ਚੀਜ਼ਾਂ ਹੋਣਗੀਆਂ। ਜੁਰਮਾਨਾ ਏਸ ਗੱਲ ਦਾ ਕਿ ਖੇਤ ਕਿਉਂ ਖੁਆਇਆ ਤੇ ਹਰਜਾਨਾ ਏਸ ਗੱਲ ਦਾ ਕਿ ਇਸ ਦੀ ਸਾਰੀ ਫਸਲ ਖਾ ਲਈ, ਇਹਦੀ ਕਣਕੂਤ ਕਰਕੇ ਆਓ। ਉਥੇ ਭੇਜ ਦਿਤੇ, ਪੰਚ ਚਲੇ ਕਣਕੂਤ ਕਰਨ। ਹਿਸਾਬੀ-ਕਿਤਾਬੀ ਨੂੰ ਨਾਲ ਲੈ ਗਏ, ਖੇਤ ਨਹੀਂ ਲੱਭਦਾ, ਮੱਝਾਂ ਬੈਠੀਆਂ ਨੇ ਖੇਤ ਦੇ ਬਾਹਰ। ਕਹਿੰਦੇ ਕਿਹੜਾ ਖੇਤ ਹੈ ਜਿਹੜਾ ਖਾ ਲਿਆ। ਟੋਲ੍ਹਦੇ ਫਿਰਦੇ ਨੇ ਵਾਪਿਸ ਆ ਗਏ। ਕਹਿੰਦੇ, ਮਹਿਤਾ ਜੀ! ਸਾਨੂੰ ਜਾਂ ਤਾਂ ਇਹ ਦੱਸੇ ਕਿਹੜਾ ਖੇਤ ਹੈ ਜਿਹੜਾ ਖਾਧਾ ਹੈ, ਉਹਨੇ ਦੱਸਿਆ ਕਿ ਜਿਹੜਾ ਬਰੋਟੇ ਦੇ ਪਰਲੇ ਪਾਸੇ ਹੈ, ਕਹਿੰਦਾ, ਉਹ ਮੇਰਾ ਖੇਤ ਹੈ। ਕਹਿੰਦੇ, ਉਥੇ ਤਾਂ ਕੁਛ ਵੀ ਨਹੀਂ, ਇਕ ਤਿਣਕਾ ਵੀ ਨਹੀਂ ਟੁੱਟਿਆ ਹੋਇਆ। ਕਹਿੰਦਾ, ਤੁਸੀਂ ਪੱਖ ਕਰਦੇ ਓਂ ਇਹਦਾ, ਤੁਸੀਂ ਪੰਚ ਵੀ ਗਲਤ ਹੋ ਗਏ। ਨਾਨਕ ਤੇ ਮਹਿਤਾ ਜੀ ਦਾ ਪੱਖ ਕਰਦੇ ਓਂ। ਉਹ ਕਹਿੰਦੇ, ਨਾ, ਜਦ ਅਸੀਂ ਪੰਚ ਹਾਂ, ਪੰਚ ਰੱਬ ਵਰਗੇ ਹੁੰਦੇ ਨੇ, ਪੱਖ ਦਾ ਸਵਾਲ ਹੀ ਨਹੀਂ ਭਾਈ, ਤੂੰ ਦਸ ਸਾਨੂੰ ਚੱਲ ਕੇ ਦੱਸ, ਨਾਲ ਚੱਲ ਸਾਡੇ। ਮਹਿਤਾ ਜੀ ਨੂੰ ਵੀ ਨਾਲ ਲੈ ਲੈਂਦੇ ਹਾਂ। ਰਾਏ ਨੇ ਕਹਿ ਦਿਤਾ ਕਿ ਜਾ ਕੇ ਦੇਖੋ, ਬੇਨਿਸਾਫੀ ਨਹੀਂ ਕਰਨੀ ਪੂਰਾ ਤੋਲੋ। ਨਾਲ ਲੈ ਕੇ ਜਾਂਦੇ ਨੇ, ਭੁਮੱਤਰਿਆਂ ਵਾਂਗਣ ਝਾਕਦਾ ਹੈ। ਕਹਿੰਦੇ, ਖੇਤ ਤਾਂ ਇਹੀ ਸੀ। ਕਹਿੰਦੇ, ਫੇਰ ਖਾਧਾ ਹੋਇਆ ਤਾਂ ਹੈ ਨਹੀਂ। ਤੂੰ ਆਪ ਦੱਸ ਜੇ ਕੋਈ ਡਾਲ ਖਾਧਾ ਹੋਵੇ। ਹੈਰਾਨ ਹੋਈ ਜਾਂਦਾ ਹੈ, ਕੰਨਾਂ ਨੂੰ ਹੱਥ ਲਾਉਂਦਾ ਹੈ, ਕਹਿੰਦਾ, ਮੇਰੀ ਨਿਗ੍ਹਾ ਤਾਂ ਨਹੀਂ ਬੰਨ੍ਹੀਂ ਹੈ? ਤੁਹਾਡੀ ਨਿਗ੍ਹਾ ਨਹੀਂ ਬੰਨ੍ਹੀ ਹੱਥ ਲਾ ਕੇ ਦੇਖੋ, ਕਹਿੰਦੇ ਆਹ ਲੈ ਹੱਥ ਲਾ ਕੇ ਦੇਖ ਲੈ, ਹੱਥਾਂ 'ਚ ਆਉਂਦੀਆਂ ਨੇ ਬੱਲੀਆਂ? ਨਿਗ੍ਹਾ ਦਾ ਬੰਨ੍ਹਣਾ ਕੀ ਹੋਇਆ? ਕਹਿੰਦਾ, ਇਹ ਤਾਂ ਸਾਰਾ ਹੀ ਖਾਧਾ ਹੋਇਆ ਸੀ, ਇਕ ਨਹੀਂ ਬਚਿਆ। ਵਾਪਸ ਆ ਜਾਂਦੇ ਨੇ ਕਹਿੰਦੇ ਰਾਇ ਜੀ ਅਸੀਂ ਸਭ ਕੁਛ ਦੇਖ ਲਿਆ, ਇਹ ਦਸ ਨਹੀਂ ਰਿਹਾ ਕੋਈ ਗੱਲ ਵੀ। ਇਹ ਜਿਹੜਾ ਕਹਿੰਦਾ ਹੈ ਕਿ ਖੇਤ ਖਾ ਲਿਆ, ਉਹਦੇ ਵਿਚ ਤਾਂ ਕੋਈ ਡਾਲ ਵੀ ਨਹੀਂ ਟੁੱਟਿਆ ਹੋਇਆ। ਇਹ ਕਹਿੰਦਾ ਮੱਝੀਆਂ ਵਿਚ ਬੈਠੀਆਂ ਸੀ, ਮੱਝਾਂ ਤਾਂ ਬਾਹਰ ਬੈਠੀਆਂ ਉਗਾਲੀ ਕਰਦੀਆਂ ਨੇ। ਉਸ ਵੇਲੇ ਕਹਿਣ ਲੱਗਿਆ, ਮੈਨੂੰ ਨਹੀਂ ਕੁਛ ਪਤਾ ਲਗਦਾ, ਮੈਨੂੰ ਕੁਛ ਨਹੀਂ ਪਤਾ ਕਿ ਕੀ ਹੋ ਰਿਹਾ ਹੈ, ਕੀ ਨਹੀਂ ਹੋ ਰਿਹਾ, ਮੈਂ ਤਾਂ ਉਥੇ ਦੇਖ ਕੇ ਆਇਆ ਸੀ, ਅੱਖਾਂ ਨਾਲ। ਗੁਰੂ ਨਾਨਕ ਚੁੱਪ ਖੜ੍ਹੇ ਨੇ, ਕੋਈ ਬਚਨ ਨਹੀਂ ਕਰ ਰਹੇ। ਜਿਵੇਂ ਗੁਨਹਗਾਰ ਖੜ੍ਹਿਆ ਹੁੰਦਾ ਹੈ, ਫੜਿਆ ਹੋਇਆ ਦੋਸ਼ੀ ਖੜ੍ਹਾ ਹੁੰਦਾ ਹੈ, ਇਸ ਤਰ੍ਹਾਂ ਖੜ੍ਹੇ ਨੇ। ਨਿਗ੍ਹਾ ਉਤੇ ਨੂੰ ਹੈ, ਗਹਿਰੀ ਨਿਗ੍ਹਾ ਹੈ। ਮੂੰਹ ਦੇ ਉਤੇ ਜਲਾਲ ਹੈ ਤੇ ਇਕ ਝਿੜਕ ਹੈ ਮੂੰਹ ਦੇ ਉਤੇ ਸਾਰਿਆਂ ਦੇ ਤੇ ਅੰਦਰੋਂ ਹੀ ਕਹਿ ਰਹੇ ਨੇ ਪ੍ਰੇਮੀਓਂ! ਰੱਬ ਦੇ ਨਮਿੱਤ ਖਾਧਾ ਹੋਇਆ ਵੀ, ਕਦੇ ਘਟਦਾ ਹੈ? ਪ੍ਰਮੇਸ਼ਰ ਦੇ ਨਮਿੱਤ ਦਿਤਾ ਹੋਇਆ ਵੀ ਕਦੇ ਘਟਦਾ ਹੈ, ਵਧਦਾ ਹੈ, ਇਕ ਸਬਕ ਸਿਖਾਇਆ ਉਨ੍ਹਾਂ ਨੇ।

ਗੁਰੂ ਨਾਨਕ ਜਦੋਂ ਮੋਦੀਖਾਨੇ ਵਿਚ ਨੇ, ਆਪ ਉਸ ਥਾਂ ਦੇ ਵੱਡੇ ਆਫੀਸਰ ਸੀ। ਅੱਠ ਵਜ਼ੀਰ ਹੋਇਆ ਕਰਦੇ ਸੀ, ਖਾਨੇ ਖਾਨਾ, ਵਜ਼ੀਰ-ਏ-ਆਜ਼ਮ, ਇਕ ਬਖਸ਼ੀ ਹੋਇਆ ਕਰਦਾ ਸੀ, ਇਕ ਦੀਵਾਨ-ਏ-ਆਜ਼ਮ ਹੋਇਆ ਕਰਦਾ ਸੀ। ਜਿਹਨੂੰ ਫਾਇਨੈਂਸ ਮਨਿਸਟਰ ਕਹਿੰਦੇ ਹੁੰਦੇ। ਇਕ ਬਖਸ਼ੀ ਹੋਇਆ ਕਰਦਾ ਸੀ ਜਿਹਨੂੰ ਸੈਨਾਪਤੀ ਕਹਿੰਦੇ ਨੇ। ਇਕ ਵਜ਼ੀਰ ਨੂੰ ਮੋਦੀ ਕਹਿੰਦੇ ਨੇ, ਜਿਹੜਾ ਅੱਜਕਲ੍ਹ ਰਾਸ਼ਨ ਦਾ ਸਿਵਲ ਸਪਲਾਈ ਦਾ ਵਜ਼ੀਰ ਹੈ ਨਾ, ਉਹ ਹੋਇਆ ਕਰਦਾ ਸੀ। ਗੁਰੂ ਨਾਨਕ ਆਪਣੀ ਮੌਜ ਨਾਲ ਚਲੇ ਜਾਂਦੇ ਸੀ, ਜਿੱਥੇ ਵੱਡਾ ਸਟੋਰ ਸੀ, ਆਪ ਹੀ ਤੋਲਣ ਲਗ ਜਾਂਦੇ ਸੀ, ਤੇ 13 ਤੋਂ ਅਗਾਹਾਂ ਕਦੇ 14 ਨਹੀਂ ਸੀ ਕਿਹਾ। ਚਾਹੇ ਸਾਰਾ ਸ਼ਹਿਰ ਲੈ ਜਾਵੇ। ਜਦੋਂ ਆਪ ਨੇ ਵੇਈਂ ਨਦੀ 'ਚ ਚੁੱਭੀ ਮਾਰੀ, ਉਸ ਵੇਲੇ ਸ਼ਿਕਾਇਤ ਹੋਈ ਕਿ ਨਾਨਕ ਤਾਂ ਡੁੱਬਿਆ ਵੇਈਂ 'ਚ ਕਿ ਉਹਨੇ ਲੁਟਾ ਦਿਤਾ, ਖਜ਼ਾਨਾ, ਤੇਰ੍ਹਾਂ-ਤੇਰ੍ਹਾਂ ਕਰੀ ਗਿਆ, ਚੌਦਾਂ ਗਿਣੀ ਹੀ ਨਹੀਂ। ਇਥੇ ਤਾਂ ਹਜ਼ਾਰਾਂ ਬੰਦੇ ਝੋਲੀਆਂ ਭਰ-ਭਰ ਕੇ ਲੈ ਗਏ। ਤੇਰ੍ਹਾਂ ਤੋਂ ਅਗਾਹਾਂ ਧੜੀ ਹੀ ਨਹੀਂ ਉਹਨੇ ਗਿਣੀ। ਜੇ ਤੇਰ੍ਹਾਂ-ਤੇਰ੍ਹਾਂ ਕਰਦੇ ਕੋਲੋਂ ਆਪੇ ਹੀ ਕੱਪੜਾ ਖਿੱਚ ਲਿਆ, ਦੂਜਾ ਵਿਛਾ ਦਿਤਾ, ਉਥੇ ਤੇਰ੍ਹਾਂ ਹੀ ਤੇਰ੍ਹਾਂ ਕਰੀ ਜਾਣਾ ਹੈ, ਇਕ ਦੋ ਨਹੀਂ ਉਹ ਗਿਣਦਾ ਸੀ। ਬਈ ਉਹ ਸਾਰਾ ਲੁਟਾ ਦਿਤਾ ਤੇ ਹੁਣ ਨਦੀ 'ਚ ਜਾ ਕੇ ਡੁੱਬ ਗਿਆ। ਨਵਾਬ ਕਹਿਣ ਲੱਗਿਆ, ਤਾਲੇ ਮਾਰ ਦਿਓ। ਸੀਲ ਕਰ ਦਿਓ, ਸਟੋਰਾਂ ਨੂੰ ਤੇ ਜੈ ਰਾਮ ਜੀ ਨੂੰ ਬੁਲਾਓ। ਨਰਾਜ਼ ਹੋ ਗਿਆ, ਦੌਲਤ ਖਾਨ, ਜੈ ਰਾਮ! ਇਹ ਤੇਰਾ ਜੋ ਰਿਸ਼ਤੇਦਾਰ ਹੈ, ਉਹ

ਮਸਤਾਨਾ ਹੋ ਗਿਆ, ਮਸਤਾਨਾ ਹੋ ਕੇ ਇਹ ਤੂੰ ਦੇਖਦਾ ਕਿ ਉਹ ਲੁਟਾਈ ਜਾਂਦਾ ਹੈ, ਮੇਰਾ ਮੋਦੀਖਾਨਾ, ਮੈਂ ਹੁਣ ਹਿਸਾਬ-ਕਿਤਾਬ ਲਵਾਂਗਾ। ਮੇਰਾ ਹਿਸਾਬ ਪੂਰਾ ਕਰੋ, ਹੁਕਮ ਦੇ ਦਿਤਾ। ਗੁਰੂ ਨਾਨਕ ਬਾਹਰ ਆ ਜਾਂਦੇ ਨੇ। ਇਕੋ ਗੱਲ ਕਹਿੰਦੇ ਨੇ -

*ਨਾ ਹਮ ਹਿੰਦੂ ਨ ਮੁਸਲਮਾਨ ॥*
*ਅਲਹ ਰਾਮ ਕੇ ਪਿੰਡੁ ਪਰਾਨ ॥* *ਅੰਗ - ੧੧੩੬*

ਕੋਈ ਬਚਨ ਨਹੀਂ ਕਰਦੇ, ਉਸ ਵੇਲੇ ਗੁਰੂ ਨਾਨਕ ਨੂੰ ਵੀ ਲੈ ਆਏ। ਲੇਖਾ-ਪੱਤਾ ਹੋਣਾ ਸ਼ੁਰੂ ਹੋ ਗਿਆ। 782 ਰੁਪਏ ਗੁਰੂ ਨਾਨਕ ਦੇ ਵਾਧੂ ਨਿਕਲੇ। ਉਸ ਵੇਲੇ 1 ਰੁਪਏ ਦੇ ਚਾਰ ਕੁਇੰਟਲ ਛੋਲੇ ਆਉਂਦੇ ਸੀ। 20 ਲੱਖ ਰੁਪਏ ਦੇ ਕਰੀਬ ਅੱਜਕੱਲ੍ਹ ਦੇ ਹਿਸਾਬ ਨਾਲ, ਗੁਰੂ ਨਾਨਕ ਦਾ ਵਾਧੂ ਨਿਕਲਿਆ ਲੇਖਾ। ਗੁਰੂ ਨਾਨਕ ਨੂੰ ਪੁੱਛਿਆ ਕਿ ਤੇਰਾ ਐਨਾ ਰੁਪਿਆ ਵਧ ਗਿਆ, ਕਹਿੰਦੇ, ਦੇ ਦਿਓ, ਗਰੀਬਾਂ ਨੂੰ। ਲੁਟਾ ਦਿਓ ਸਾਰਾ ਗਰੀਬਾਂ ਨੂੰ। ਗੁਰੂ ਨਾਨਕ ਸਾਹਿਬ ਦਸਦੇ ਨੇ ਕਿ ਰੱਬ ਦੇ ਰਾਹ 'ਤੇ ਦਿਤਾ ਹੋਇਆ ਵਧਿਆ ਕਰਦਾ ਹੈ, ਕਦੇ ਘਟਿਆ ਨਹੀਂ ਕਰਦਾ, ਪ੍ਰਮੇਸ਼ਰ ਨਮਿਤ ਦਿਤਾ ਹੋਇਆ ਵਧਿਆ ਹੀ ਕਰਦਾ ਹੈ। ਜੇ ਕਮਾਈ ਵਧਾਉਣੀ ਹੈ, ਪ੍ਰਮੇਸ਼ਰ ਦੇ ਨਮਿੱਤ ਦਾਨ ਕਰੋ, ਲੰਗਰਾਂ 'ਚ ਦਿਓ, ਘਟੇਗਾ ਨਹੀਂ ਕਦੇ ਵੀ, ਵਾਧਾ ਹੀ ਵਾਧਾ ਹੁੰਦਾ ਚਲਿਆ ਜਾਏਗਾ -

*ਖਾਵਹਿ ਖਰਚਹਿ ਰਲਿ ਮਿਲਿ ਭਾਈ ॥*
*ਤੋਟਿ ਨ ਆਵੈ ਵਧਦੋ ਜਾਈ ॥* *ਅੰਗ - ੧੮੬*

ਸੋ ਮੱਝੀਆਂ ਦਾ ਖਾਧਾ ਹੋਇਆ ਕੀ ਹੋਣਾ ਸੀ, ਉਹ ਤਾਂ ਆਪ ਨਿਰੰਕਾਰ ਸਬਕ ਦੇਣ ਆਇਆ ਸੀ ਸਾਨੂੰ। ਕੋਈ ਨਹੀਂ ਅਸੀਂ ਜਾਣਦੇ ਉਹਦੀ ਲੀਲਾ ਨੂੰ -

*ਧਾਰਨਾ - ਮੈਂ ਕੀ ਜਾਣਾ ਓ, ਤੇਰੀ ਸਾਰ ਨੂੰ।*
*ਸਾਹਿਬਾਂ ਕਿਹੜਿਆਂ ਰੰਗਾਂ ਦੇ ਵਿਚ ਖੇਡਦੈਂ।*
*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥*
*ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥* *ਅੰਗ - ੭੨੬*

ਜ਼ਿੰਦਗੀ ਦੇ ਅੰਦਰ ਅਨੇਕ ਛੋਟੀਆਂ-ਛੋਟੀਆਂ ਸਾਖੀਆਂ ਨੇ। ਹਰ ਸਾਖੀ ਦੇ ਵਿਚ ਵੱਡਾ ਭਾਰਾ ਉਪਦੇਸ਼ ਹੈ। ਗੁਰੂ ਨਾਨਕ ਹੋਰ ਥੋੜ੍ਹੇ ਜਿਹੇ ਵੱਡੇ ਹੋਏ। ਉਸ ਵੇਲੇ ਮਹਿਤਾ ਜੀ ਨੇ ਭਾਈਚਾਰੇ ਨਾਲ ਵਿਚਾਰ ਕਰਕੇ ਦਿਨ ਰੱਖ ਲਿਆ। ਕਹਿਣ ਲੱਗੇ, ਅਸੀਂ ਖੱਤਰੀ ਹਾਂ, ਜਦੋਂ ਤੱਕ ਜੰਞੂ ਨਹੀਂ ਗਲ ਵਿਚ ਪਾਉਂਦੇ। ਯਗੋਪਵੀਤ ਨਹੀਂ ਕਰਦੇ। ਓਨੀਂ ਦੇਰ ਤਕ ਇਹ ਤਾਂ ਵੇਤੱਗਾ ਰਹੇਗਾ। ਇਹਦੇ ਨਾਲ ਕਿਸੇ ਨੇ ਖਾਣਾ ਨਹੀਂ, ਕਿਸੇ ਨੇ ਇਹਦੇ ਨਾਲ ਵਰਤਣਾ ਨਹੀਂ। ਕਿਉਂਕਿ ਉਸ ਵੇਲੇ ਮੰਤਰ ਪੜ੍ਹਿਆ ਜਾਂਦਾ ਸੀ ਜਿਸ ਵਕਤ ਜਨੇਊ ਪਾਉਂਦੇ ਸੀ। 'ਯਗੋਪਵੀਤ ਪਰਮ ਪਵਿਤ੍ਰੰ' ਪੜ੍ਹ-ਪੜ੍ਹ ਕੇ ਪੰਡਤ ਗਲ ਵਿਚ ਵਿਚ ਪਾਈ ਜਾਂਦਾ ਸੀ ਕਿ ਪਰਮ ਪਵਿੱਤਰ ਹੋ ਗਿਆ ਹੁਣ ਤੂੰ ਤੇ ਧਾਗਾ ਪਾ ਲਿਆ। ਦੇਖੋ, ਕਿਹੋ ਜਿਹੀ ਗੁਰੂ ਨਾਨਕ ਰਮਜ਼ ਮਾਰਦੇ ਹਨ। ਉਹ ਕਹੀ ਜਾਂਦਾ ਹੈ ਕਿ ਸਾਰਾ ਭਾਈਚਾਰਾ ਪਵਿੱਤਰ ਹੋ ਗਿਆ।

ਗੁਰੂ ਨਾਨਕ ਮੁਸਕਰਾ ਰਹੇ ਨੇ ਕਿ ਪਾਧਾ ਜੀ! ਇਹ ਕੀ ਕਰ ਰਹੇ ਓਂ? ਪੰਡਤ ਹੁਣ ਕੁਲ ਪ੍ਰੋਹਤ ਸੀ, ਗੱਲਾਂ ਸਾਰੀਆਂ ਸੁਣੀਆਂ ਹੋਈਆਂ ਸੀ। ਸਿਆਣੇ ਬੰਦੇ ਸੋਚ ਕੇ ਗੁਰੂ ਨਾਨਕ ਨਾਲ ਗੱਲ ਕਰਦੇ ਸੀ ਕਿ ਇਹਨੇ ਇਥੇ ਹੀ ਕਾਟ ਕਰ ਦੇਣੀ ਹੈ। ਸਾਡੀ ਇੱਜ਼ਤ ਰਹਿ ਜਾਵੇ, ਗੁਰੂ ਨਾਨਕ ਦੀ ਖੁਸ਼ੀ ਲੈ ਆਈਏ। ਕਿਤੇ ਹਾਸੋ-ਹੀਣੇ ਨਾ ਹੋ ਜਾਈਏ। ਕਿਉਂਕਿ ਗੁਰੂ ਨਾਨਕ ਦੇ ਸਾਮ੍ਹਣੇ ਹਾਲੇ ਤੱਕ ਕੋਈ ਨਹੀਂ ਆਇਆ, ਜਿਹੜਾ ਗੁਰੂ ਨਾਨਕ ਨੂੰ ਕੋਈ ਮਤ ਦੇ ਸਕਦਾ।

ਤਿਆਰੀ ਹੋ ਗਈ, ਭਾਈਚਾਰਾ ਆ ਗਿਆ ਸਾਰਾ। ਗੁਰੂ ਨਾਨਕ ਨੂੰ ਚੌਂਕੀ 'ਤੇ ਬਿਠਾ ਦਿਤਾ ਤੇ ਜਨੇਊ ਵੱਟਣਾ ਸ਼ੁਰੂ ਹੋ ਗਿਆ। ਜਿਸ ਵਕਤ ਵੱਟ ਲਿਆ, ਉਸ ਵੇਲੇ ਗੁਰੂ ਨਾਨਕ ਦੇ ਹੱਥ 'ਚ ਪਾਉਣ ਲੱਗੇ, ਮਹਾਰਾਜ ਨੇ ਉੱਤੇ ਹੱਥ ਕਰ ਲਿਆ। ਕਹਿੰਦੇ, ਇਹ ਕੀ ਕਰਦੇ ਓਂ?

ਕਹਿੰਦੇ, ਜਨੇਊ ਪਾਉਂਦੇ ਹਾਂ, ਤੁਸੀਂ ਪਰਮ ਪਵਿੱਤਰ ਹੋ ਜਾਓਂਗੇ।

ਮਹਾਰਾਜ ਕਹਿਣ ਲੱਗੇ, ਪੰਡਤ ਜੀ! ਮੈਂ ਆਹ ਧਾਗਾ ਪਾ ਕੇ ਪਵਿੱਤਰ ਹੋ ਜਾਵਾਂਗਾ? ਮੈਨੂੰ ਸਮਝਾਓ ਪਹਿਲਾਂ ਕਿ ਮੈਂ ਧਾਗਾ ਪਾ ਕੇ ਕਿਵੇਂ ਪਵਿੱਤਰ ਹੋ ਜਾਵਾਂਗਾ। ਕਰੋੜਾਂ ਜਨਮਾਂ ਦੇ ਪਾਪ ਇਸ ਧਾਗੇ ਨਾਲ ਲਹਿ ਜਾਣਗੇ? ਤੁਸੀਂ ਤਾਂ ਕਹਿੰਦੇ ਓਂ, ਪਰਮ ਪਵਿੱਤਰ ਹੋ ਜਾਉਗੇ।

ਜਨੇਊ ਪਾਉਣ ਵਾਲਾ ਬ੍ਰਾਹਮਣ ਠਠੰਬਰ ਗਿਆ ਕਿ ਲੈ ਬਈ, ਗੱਲ ਹੁਣ ਤਾਂ ਮੇਰੇ 'ਤੇ ਆ ਗਈ। ਕਹਿੰਦਾ ਨਾਨਕ ਜੀ! ਇਹ ਜਨੇਊ ਪਾ ਕੇ ਦੂਜਾ ਜਨਮ ਹੋ ਜਾਂਦਾ ਹੈ, ਪਵਿੱਤਰ ਜਨਮ। ਪਹਿਲੇ ਜਨਮ ਦੇ ਪਾਪ ਖਤਮ ਹੋ ਜਾਂਦੇ ਨੇ ਤੇ ਹੁਣ ਤੂੰ ਜਨੇਊ ਪਾ ਲਿਆ, ਅਸੀਂ ਵੀ ਇਸੇ ਤਰ੍ਹਾਂ ਕਹਿੰਦੇ ਹਾਂ ਕਿ ਤੂੰ ਹੁਣ ਅੰਮ੍ਰਿਤ ਛਕ ਲਿਆ, ਤੇਰੇ ਸਾਰੇ ਪਾਪ ਪਹਿਲੇ ਹੁਣ ਖਤਮ। ਗੱਲ ਤਾਂ ਉਥੇ ਹੀ ਆਉਂਦੀ ਹੈ, ਵਿਚਾਰ ਨਾਲ ਗੱਲ ਸੋਚਣੀ ਚਾਹੀਦੀ ਹੈ, ਪਾਪ ਖਤਮ ਹੁੰਦੇ ਨੇ ਨਾਮ ਜਪਣ ਨਾਲ -

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥* *ਅੰਗ - ੪*

ਮੈਲ ਲੱਗੀ ਹੋਈ ਮਨ ਨੂੰ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ - ੬੫੧*

ਫੇਰ ਤਾਂ ਬਹੁਤਾ ਹੀ ਸੁਖਾਲਾ ਕੰਮ ਹੈ, ਜੇ ਕਹਿੰਦਾ ਹੈ ਕਿ ਫਲਾਣੇ ਰੰਗ ਦੇ ਕੱਪੜੇ ਪਾ ਲੈ, ਗੇਰੂ ਰੰਗ ਦੇ ਤੇਰੇ ਪਾਪ ਖਤਮ। ਜੈਨੀ ਕਹਿੰਦੇ ਵਾਲ ਇਕੱਲਾ-ਇਕੱਲਾ ਪੁਟਾ ਲੈ, ਅਬ ਦੁਖ ਫਿਰ ਸੁਖ। ਪੰਜ-ਦਸ ਬਹਿ ਜਾਂਦੇ ਨੇ, ਇਕ-ਇਕ ਵਾਲ ਫੜੀ ਜਾਂਦੇ ਨੇ, ਜ਼ੋਰ ਦੀ ਝਟਕਾ ਮਾਰਦੇ ਨੇ, ਪਿਆ ਚੀਕਾਂ ਮਾਰੀ ਜਾਵੇ। ਕਹਿੰਦੇ ਨੇ, 'ਅਬ ਦੁਖ ਫਿਰ ਸੁਖ, ਅਬ ਦੁਖ ਫਿਰ ਸੁਖ।' ਗੋਲੀ ਵਾਂਗਣ ਵਾਲ ਪੁੱਟਦੇ ਨੇ ਬਿਲਕੁਲ ਗੰਜਾ ਬਣਾ ਦਿੰਦੇ ਨੇ। ਕਹਿੰਦੇ, ਤੇਰੇ ਪਾਪ ਸਭ ਖਤਮ। ਮਹਾਰਾਜ ਨਹੀਂ ਮੰਨਦੇ। ਮਹਾਰਾਜ ਕਹਿੰਦੇ, ਬਿਲਕੁਲ ਗਲਤ। ਬਿਲਕੁਲ ਗਲਤ ਨਿਹਚਾ ਹੈ।

ਪਾਪ ਖਤਮ ਹੋਣੇ ਨੇ ਨਾਮ ਜਪਣ ਨਾਲ। ਧਾਗਿਆਂ ਦੇ ਪਾਉਣ 'ਤੇ ਵੀ ਕਦੇ ਪਾਪ ਖਤਮ ਹੁੰਦੇ ਨੇ? ਟਿੱਕੇ ਲਾਉਣ 'ਤੇ ਵੀ ਕਿਤੇ ਪਾਪ ਖਤਮ ਹੁੰਦੇ ਨੇ। ਸੁੰਨਤ ਕਰਾਉਣ ਨਾਲ ਕੀ ਪਾਪ ਖਤਮ ਹੋ ਜਾਂਦੇ ਨੇ। ਕਹਿੰਦੇ ਨੇ, ਤੇਰੇ ਸਾਰੇ ਪਾਪ ਖਤਮ, ਹੁਣ ਤੂੰ ਕਲਮਾ ਪੜ੍ਹ ਲਿਆ। ਹੁਣ ਮੁਹੰਮਦ ਸਾਹਿਬ ਉਥੇ ਰੱਬ ਕੋਲ ਖੜ੍ਹੇ ਹੋਣਗੇ ਤੇ ਤੈਨੂੰ ਦੋਜ਼ਕ ਵਿਚ ਨਹੀਂ ਉਨ੍ਹਾਂ ਨੇ ਜਾਣ ਦੇਣਾ। ਇਸ ਤਰ੍ਹਾਂ ਦੇ ਮਹਾਰਾਜ ਦੇ ਸਾਮ੍ਹਣੇ ਕਾਲੇ ਭਰੋਸੇ ਸੀਗੇ, ਜਿਨ੍ਹਾਂ ਨੂੰ ਖੰਡਨ ਕਰਨਾ ਪਿਆ।

ਕਹਿੰਦੇ, ਨਾਨਕ ਜੀ! ਤੁਸੀਂ ਜਨੇਊ ਪਾਉਣਾ ਨਹੀਂ?

ਕਹਿੰਦੇ, ਪਾਉਣਾ ਹੈ, ਪਰ ਤੂੰ ਜਨੇਊ ਦੇ-ਦੇ, ਇਹ ਝੂਠਾ ਜਨੇਊ ਨਹੀਂ ਮੈਂ ਪਾਉਣਾ। ਜਦੋਂ ਸਰੀਰ ਛੱਡ ਦੇਈਦਾ ਹੈ ਪੰਡਤ ਜੀ! ਫੇਰ ਜਨੇਊ ਨਾਲ ਜਾਂਦਾ ਹੈ ਕਿ ਇਥੇ ਹੀ ਰਹਿ ਜਾਂਦਾ ਹੈ? ਉਹ ਕਹਿੰਦਾ ਜਲ ਜਾਂਦਾ ਹੈ। ਕਹਿੰਦੇ, ਜਦੋਂ ਇਹ ਟੁੱਟ ਜਾਂਦਾ ਹੈ ਫੇਰ? ਕਹਿੰਦੇ, ਫੇਰ ਆਪੇ ਹੀ ਵੱਟ ਕੇ ਪਾ ਲਈਦਾ ਹੈ। ਫੇਰ ਨਹੀਂ ਲੋੜ ਹੈਗੀ। ਇਕੋ ਵਾਰੀ ਪਾਈਦਾ ਹੁੰਦਾ ਹੈ। ਮਹਾਰਾਜ ਕਹਿੰਦੇ, ਫੇਰ ਇਹਦਾ ਫਾਇਦਾ ਕੀ ਹੋਇਆ? ਜਿਹੜਾ ਟੁੱਟ ਜਾਵੇ ਤੇ ਜਲ ਜਾਵੇ, ਉਹ ਕਾਹਦਾ ਜਨੇਊ ਹੋਇਆ? ਜਦੋਂ ਲਹਿ ਗਿਆ, ਫੇਰ ਪਾਪੀ ਬਣ ਜਾਵਾਂਗੇ ਅਸੀਂ। ਫੇਰ ਪਾਪ ਲਗ ਜਾਣਗੇ, ਫੇਰ ਮੈਲ ਲਗ ਜਾਏਗੀ।

ਹਾਂ, ਜਨੇਊ ਦੇਹ ਜੇ ਤੇਰੇ ਕੋਲ ਹੈਗਾ। ਕਹਿੰਦਾ, ਕਿਹੋ ਜਿਹਾ ਨਾਨਕ, ਕਿਹੜੇ ਰੰਗ ਦਾ ਚਾਹੁੰਦਾ ਹੈਂ? ਕਿਹੜੇ ਧਾਗੇ ਦਾ ਚਾਹੁੰਦਾ ਹੈਂ। ਕੱਚੇ ਦਾ, ਪੱਕੇ ਦਾ। ਮਹਾਰਾਜ ਕਹਿੰਦੇ ਦੇਣਾ ਹੈ ਤਾਂ ਸੁਣ ਲੈ ਤੂੰ? ਪੜ੍ਹੋ ਪਿਆਰ ਨਾਲ -

*ਧਾਰਨਾ - ਦੇ ਦੇ ਪੰਡਤਾਂ ਮੈਨੂੰ ਸੱਚ ਦਾ ਜਨੇਊ।*

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥*
*ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥*
*ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥*

*ਅੰਗ - ੪੭੧*

ਪੰਡਤ ਜੀ! ਮੈਂ ਜਨੇਊ ਨੂੰ ਨਿੰਦਦਾ ਨਹੀਂ, ਮਾੜਾ ਨਹੀਂ ਕਹਿੰਦਾ। ਪਾਉਣ ਵਾਸਤੇ ਤਿਆਰ ਹਾਂ। ਕਹਿਣ ਲੱਗੇ, ਨਾਨਕ! ਉਹ ਜਨੇਊ ਕਿਹੜਾ ਹੈ ਜਿਹੜਾ ਤੂੰ ਪਾਉਣ ਵਾਸਤੇ ਤਿਆਰ ਹੈਂ। ਮਹਾਰਾਜ ਕਹਿੰਦੇ, ਦਇਆ ਦੀ ਤਾਂ ਬਣਾ ਦੇ ਕਪਾਹ। ਆਹ ਧਾਗਾ ਨਹੀਂ ਮੈਨੂੰ ਚਾਹੀਦਾ। ਦਇਆ ਦੀ ਕਪਾਹ, ਸੰਤੋਖ ਦਾ ਸੂਤ ਹੋਵੇ, ਜਤ ਦੀਆਂ ਗੰਢਾਂ ਦੇ ਦੇਵੇ ਤੇ ਸਤਿ ਦਾ ਵੱਟ ਦੇ। ਚਾਰ ਚੀਜ਼ਾਂ ਦਸੀਆਂ ਨੇ ਮਹਾਰਾਜ ਨੇ। ਦਇਆ ਦੀ ਕਪਾਹ, ਸੰਤੋਖ ਦਾ ਸੂਤ, ਜਤ ਦੀਆਂ ਗੰਢਾਂ, ਸਤਿ ਦਾ ਵਟ। ਕਹਿੰਦੇ, ਇਹ ਜਨੇਊ ਜੀਵ ਨੂੰ ਪਾਈਦਾ ਹੈ, ਜਿਹੜਾ ਇਹਦੇ ਵਿਚ ਰਹਿੰਦਾ ਹੈ, ਕਿਉਂਕਿ ਉਹਨੇ ਦਰਗਾਹ 'ਚ ਜਾਣਾ ਹੈ। ਏਸ ਸਰੀਰ ਨੇ ਤਾਂ ਜਾਣਾ ਨਹੀਂ, ਇਹਦੇ ਉਤੇ ਲਾ ਲੈ ਜਿੰਨਾਂ ਚੱਕਰ, ਕਿਹੋ ਜਿਹਾ ਹੀ ਭੇਖ ਧਾਰ ਲੈ, ਕਿਹੋ ਜਿਹਾ ਹੀ ਬਣਾ ਲੈ ਆਪਣੇ ਆਪ ਨੂੰ। ਚਾਹੇ ਕਾਲੇ ਸਾਫੇ ਬੰਨ੍ਹ ਲੈ, ਚਾਹੇ ਚਿੱਟੇ ਬੰਨ੍ਹ ਲੈ। ਜਿਹੋ ਜਿਹੇ ਤੇਰਾ ਜੀਅ ਕਰਦਾ ਹੈ ਬੰਨ੍ਹ ਲੈ ਇਹ ਤਾਂ ਇਥੇ ਹੀ ਰਹਿ ਜਾਣੇ ਨੇ। ਅਗਾਹਾਂ ਨਹੀਂ ਜਾਣੇ, ਇਥੋਂ ਦਾ ਹੀ ਹੈ ਦੇਖ ਦਿਖਾਵਾ। ਭੇਖ ਹੈ, ਭੇਖ ਨਹੀਂ ਕਿਸੇ ਨੇ ਪੁੱਛਣਾ ਦਰਗਾਹ ਦੇ ਅੰਦਰ। ਉਥੇ ਤਾਂ ਕਰਨੀ ਜਾਣੀ ਹੈ, ਕਿਰਦਾਰ ਜਾਣਾ ਹੈ ਕਿ ਸੰਸਾਰ 'ਚ ਕਿਵੇਂ ਰਿਹਾ ਸੀ ਤੂੰ। ਕਹਿੰਦੇ ਹੈਗਾ ਤੇਰੇ ਕੋਲ ਕੀ ਇਹ? ਲਿਆ ਦੇ ਮੈਨੂੰ ਪਾਵਾਂ। ਕਹਿੰਦੇ, ਇਹ ਨਹੀਂ ਟੁੱਟਣਾ, ਕਹਿੰਦੇ ਨਾ ਇਹਨੇ ਮੈਲਾ ਹੋਣਾ ਹੈ, ਨਾ ਇਹਨੇ ਟੁੱਟਣਾ ਹੈ, ਨਾ ਜਲਣਾ ਹੈ, ਨਾ ਇਹ ਲਹਿਣਾ ਹੈ ਅੰਦਰਲੇ ਸੂਖਸ਼ਮ ਸਰੀਰ ਤੋਂ। ਜਿਹੜੇ ਇਹੋ ਜਿਹੇ ਜਨੇਊ ਪਾਉਂਦੇ ਨੇ ਪਾਧਾ ਜੀ ਉਹ ਧੰਨ ਨੇ। ਉਨ੍ਹਾਂ ਦੇ ਤਾਂ ਪੈਰਾਂ ਦੀ ਧੂੜ ਅਸੀਂ ਮੰਗਦੇ ਹਾਂ। ਆਹ ਤੁਸੀਂ ਕੀ ਪਾਖੰਡ ਬਣਾਇਆ ਹੈ -

*ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥*

*ਅੰਗ - ੪੭੧*

ਇਥੇ ਆ ਕੇ ਵੱਟ ਦੇ ਲਿਆ ਤੇ ਤੂੰ ਬਣਾ ਲਿਆ, ਚੌਂਕੀ 'ਤੇ ਬਿਠਾ ਕੇ ਪਾ ਦਿਤਾ -

*ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥*

*ਅੰਗ - ੪੭੧*

ਤੇ ਕੰਨ ਦੇ ਵਿਚ ਆਵਾਜ਼ ਦੇ ਦਿਤੀ - 'ਯਗੋਪਵੀਤ ਪਰਮ ਪਵੀਤ' ਲਗਾਤਾਰ। ਕੰਨ ਖਾ ਲਿਆ ਕਹਿੰਦੇ ਕਰ-ਕਰ ਕੇ ਤੇ ਤੂੰ ਮੇਰਾ ਗੁਰੂ ਬਣ ਕੇ ਬਹਿ ਗਿਆ। ਅੰਨ੍ਹਾ ਤੂੰ ਗੁਰੂ ਹੈਂ, ਤੈਨੂੰ ਤਾਂ ਆਪਣੇ ਆਪ ਦਾ ਹੀ ਨਹੀਂ ਪਤਾ, ਗੁਰੂ ਤਾਂ ਉਹ ਹੁੰਦਾ ਹੈ ਜਿਹਨੇ ਮੰਤਰ ਕੰਨ 'ਚ ਦਿਤਾ ਤੇ ਫੇਰ ਲਿਵ ਮੁੜ ਕੇ ਨਾ ਟੁੱਟੀ।

ਪਟਿਆਲੇ ਦੀਵਾਨ ਲੱਗੇ ਹੋਏ ਸੀਗੇ, ਸਿਗਲੀਗਰਾਂ ਦੇ ਮੁਹੱਲੇ। ਅੰਗਰੇਜ਼ ਆ ਗਿਆ ਸੀ, ਉਸ ਵੇਲੇ ਪੰਜ ਸਿੰਘਾਂ ਨੂੰ ਇਕੱਠੇ ਹੋਣ ਦਾ ਹੁਕਮ ਨਹੀਂ ਸੀ। ਅੰਮ੍ਰਿਤ ਨਹੀਂ ਸੀ ਛਕਾ ਸਕਦੇ। ਬੜੀ ਭਾਰੀ ਸਮੱਸਿਆ ਸਾਮ੍ਹਣੇ ਆਈ। ਟੋਏ ਪੁੱਟ ਕੇ, ਉਤੇ ਛੱਤ ਪਾ ਕੇ ਅੰਮ੍ਰਿਤ ਤਿਆਰ ਕਰ ਲੈਣਾ, ਉਸ ਵੇਲੇ ਨਾਮਧਾਰੀ ਜਿਨ੍ਹਾਂ ਨੂੰ ਅਸੀਂ ਕਹਿੰਦੇ ਹਾਂ, ਇਹੀ ਸਿੰਘ ਸੀਗੇ। ਬਾਕੀ ਤਾਂ ਸਭ ਜਵਾਬ ਦੇ ਗਏ ਸੀ। ਟੋਆ ਪੁੱਟ ਲੈਣਾ, ਭੋਰਾ ਪੁੱਟ ਕੇ ਅੰਦਰ ਅੰਮ੍ਰਿਤ ਤਿਆਰ ਕਰਕੇ, ਬਾਲਟੀਆਂ 'ਚ ਪਾ ਲੈਣਾ, ਸਿੰਘਾਂ ਨੇ ਜਿਨ੍ਹਾਂ ਨੇ ਛਕਣਾ ਹੈ, ਪੰਜਾਹ ਗਜ ਓਧਰ ਛਕਾ ਰਹੇ ਨੇ ਕਿਸੇ ਨੂੰ, ਕਿਸੇ ਨੂੰ ਵੱਟ ਦੇ ਓਹਲੇ ਛਕਾ ਰਹੇ ਨੇ। ਕਿਉਂਕਿ ਛਕਾਉਣ ਨਹੀਂ ਸੀ ਦਿੰਦਾ ਅੰਗਰੇਜ਼। ਫੜ ਲੈਂਦਾ ਸੀ ਉਸੇ ਵੇਲੇ। ਉਸ ਵੇਲੇ ਨਾਮ ਦੇਣ ਦਾ ਹੋ ਗਿਆ ਕਿ ਨਾਮ ਕਿਵੇਂ ਦਿਤਾ ਜਾਵੇ? ਸੋ ਉਥੇ ਦੀਵਾਨ ਲੱਗੇ ਹੋਏ ਸੀ, ਨਾਭੇ ਦਰਵਾਜ਼ੇ ਜਿੱਥੇ ਸਿਗਲੀਗਰ ਰਹਿੰਦੇ ਨੇ। ਦੀਵਾਨ ਲੱਗਣ ਤੋਂ ਬਾਅਦ ਨਿਹੰਗ ਸਿੰਘ ਸੀਗੇ ਚਿੱਟੇ ਕੱਪੜਿਆ ਵਾਲੇ, ਨਾਮਧਾਰੀ ਬਾਬਾ ਰਾਮ ਸਿੰਘ ਜੀ ਦੇ ਸੇਵਕ, ਉਨ੍ਹਾਂ ਨੇ ਕਿਹਾ, ਉਠੋ ਜਿਨ੍ਹਾਂ ਨੇ ਨਾਮ ਲੈਣਾ ਹੈ। ਮਹਾਰਾਜਾ ਪਟਿਆਲੇ ਕੋਲ ਚਿੱਠੀ ਆਈ ਹੋਈ ਸੀ ਕਿ ਇਹ ਕੁਛ ਕੰਨ 'ਚ ਦਸਦੇ ਨੇ, ਪਤਾ ਨਹੀਂ ਲਗਦਾ, ਕੋਈ ਇਤਬਾਰੀ ਬੰਦਾ ਹੋਵੇ, ਤੁਹਾਡਾ ਪਤਾ ਕਰਕੇ ਦੱਸੇ। ਉਹ ਮਹਿੰਦਰ ਸਿੰਘ ਚੋਬਦਾਰ ਸੀ ਮਹਾਰਾਜੇ ਦਾ। ਉਹਨੂੰ ਕਹਿੰਦੇ, ਮਹਿੰਦਰ ਸਿੰਘ! ਤੂੰ ਜਾਹ, ਜਿਹੜਾ ਕੁਛ ਕੰਨ 'ਚ ਦੱਸਣਗੇ, ਤੂੰ ਮੈਨੂੰ ਦਸ ਦੇਈਂ ਆ ਕੇ। ਮੈਂ ਗੋਰਮਿੰਟ ਨੂੰ ਰਿਪੋਰਟ ਦੇਣੀ ਹੈ। ਸੁਣਨ ਵਾਸਤੇ ਚਲਿਆ ਗਿਆ। ਜਿਸ ਵਕਤ ਕੰਨ 'ਚ ਕਿਹਾ 'ਵਾਹਿਗੁਰੂ' ਪੰਜ

ਵਾਰੀ। ਜਿਹਦੇ ਕਹਿੰਦੇ ਜਾਣ ਉਹ ਬੈਠਦਾ ਜਾਵੇ। ਸਾਰੀ ਰਾਤ ਲੰਘ ਗਈ, ਅਗਲਾ ਦਿਨ ਲੰਘ ਗਿਆ, ਮਹਾਰਾਜੇ ਨੇ ਕਿਹਾ ਕਿ ਉਹ ਤਾਂ ਆਇਆ ਹੀ ਨਹੀਂ, ਜਾਓ ਜਾ ਕੇ ਪਤਾ ਕਰੋ। ਉਥੇ ਆ ਕੇ ਕੀ ਦੇਖਦੇ ਨੇ ਲਾਈਨ ਦੇ ਵਿਚ ਉਹ ਵੀ ਬੈਠਾ ਹੈ, ਚੌਂਕੜੇ ਮਾਰੇ ਹੋਏ ਨੇ, ਸਮਾਧੀ ਲੱਗੀ ਹੋਈ ਹੈ। ਮੋਢਾ ਹਿਲਾਉਣ ਲਗ ਗਏ, ਮਹਿੰਦਰ ਸਿੰਘ! ਮਹਿੰਦਰ ਸਿੰਘ! ਤੈਨੂੰ ਮਹਾਰਾਜ ਬੁਲਾਉਂਦੇ ਨੇ। ਜਦੋਂ ਕਾਫੀ ਹਲੂਣੇ ਦਿਤੇ, ਉਹਨੇ ਨੇਤਰ ਖੋਲ੍ਹ ਲਏ। ਕਹਿੰਦਾ, ਕਿਹੜਾ ਮਹਾਰਾਜ।

ਉਹ ਕਹਿੰਦਾ ਕਿ ਤੂੰ ਮਹਾਰਾਜ ਨੂੰ ਹੀ ਭੁੱਲ ਗਿਆ। ਆਪਣੇ ਮਹਾਰਾਜ ਸਾਹਿਬ ਪਟਿਆਲਾ ਸਟੇਟ ਵਾਲੇ। ਉਹ ਕਹਿੰਦਾ ਜਾਹ, ਇਹੋ ਜਿਹੇ ਹਜ਼ਾਰਾਂ ਹੀ ਮੈਂ ਦਰਗਾਹ 'ਚ ਠੁੱਡੇ ਖਾਂਦੇ ਦੇਖੇ ਨੇ। ਮੈਨੂੰ ਨਹੀਂ ਹੁਣ ਕਿਸੇ ਮਹਾਰਾਜੇ ਦੀ ਲੋੜ। ਵੱਡਾ ਮਹਾਰਾਜਾ ਮਿਲ ਗਿਆ ਮੈਨੂੰ। ਜਵਾਬ ਮਿਲ ਗਿਆ। ਹੀਰਾ ਸਿੰਓਂ ਨੂੰ ਭੇਜਿਆ, ਜਿਹੜੇ ਵਸਤਰੀ ਸੀ, ਵਸਤਰ ਬਣਾਉਣ ਵਾਲੇ, ਉਹ ਕਹਿੰਦਾ ਮੈਂ ਚਾਰੇ ਐਬ ਸ਼ਰੱਈ ਹਾਂ, ਮੈਨੂੰ ਭੇਜੋ। ਉਹ ਆ ਗਿਆ ਦੀਵਾਨ 'ਚ, ਜਦੋਂ ਉਹਦੇ ਕੰਨ 'ਚ ਵਾਹਿਗੁਰੂ ਮੰਤਰ ਹੋਇਆ, ਉਹ ਵੀ ਬਹਿ ਗਿਆ, 24 ਘੰਟੇ ਉਹ ਨਾ ਉਠਿਆ। ਉਹਨੇ ਵੀ ਇਹੀ ਕਿਹਾ ਕਿ ਇਹੋ ਜਿਹੇ ਵੱਡੇ-ਵੱਡੇ ਰਾਜੇ ਉਥੇ ਕੀੜੇ-ਮਕੌੜੇ ਬਣੇ ਫਿਰਦੇ ਨੇ। ਹੁਕਮ ਹੋ ਗਿਆ ਕਿ ਇਹਨੂੰ 24 ਘੰਟਿਆਂ ਦੇ ਅੰਦਰ ਪੰਜਾਬ ਸਟੇਟ ਤੋਂ ਬਾਹਰ ਕੱਢ ਦਿਓ। ਜੇ ਕਿਤੇ ਫੌਜ 'ਚ ਚਲਿਆ ਗਿਆ ਤਾਂ ਮਸਤਾਨੀ ਬਣਾ ਦਊ ਸਾਰੀ ਸਟੇਟ ਨੂੰ। ਕਹਿੰਦੇ, ਪੰਡਤ ਜੀ! ਤੂੰ ਗੁਰੂ ਐਵੇਂ ਹੀ ਬਣੀ ਜਾਂਦਾ ਹੈਂ, ਗੁਰੂ ਕੋਲ ਨਾਮ ਹੁੰਦਾ ਹੈ, ਨਾਮ ਤਾਂ ਰੋਮ-ਰੋਮ 'ਚ ਰਚ ਜਾਂਦਾ ਹੈ, ਜਦੋਂ ਨਾਮ ਦਿੰਦੇ ਨੇ।

ਬਾਪੂ ਜੀ ਅੰਮ੍ਰਿਤ ਛਕਾ ਰਹੇ ਸੀ ਲੁਧਿਆਣੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਸੀਗੇ। ਜਦੋਂ ਅੰਮ੍ਰਿਤ ਛਕਾਇਆ, ਫੱਲੇਵਾਲ ਦਾ ਮੁੰਡਾ ਸੀ, ਦਸਵੀਂ ਜਮਾਤ ਦਾ, ਉਹਦੇ ਪੰਜ ਚੂਲੇ ਕੇਸਾਂ 'ਚ ਪਾ ਦਿਤੇ, ਪੰਜ ਉਹਨੂੰ ਪਿਲਾ ਕੇ ਅੱਖਾਂ ਸਿੱਧੀਆਂ ਕਰ ਲਈਆਂ ਉਹਦੇ ਵਲ ਨੂੰ। ਜਦੋਂ ਅੱਖਾਂ ਦੇ ਨਾਲ ਅੱਖ ਰਲਾ ਕੇ ਉਨ੍ਹਾਂ ਨੇ ਕਿਹਾ ਬੋਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।' ਨਾਲ ਛਿੱਟਾ ਮਾਰਿਆ ਅੱਧਾ ਤਾਂ ਕਹਿ ਦਿਤਾ ਉਹਨੇ, ਵਾਹਿਗੁਰੂ ਜੀ ਕਾ ਖਾਲਸਾ,.......। ਅੱਗੇ ਕੁਛ ਨਾ ਕਹਿ ਹੋਇਆ। ਭਾਈ ਸਾਹਿਬ ਕਹਿਣ ਲੱਗੇ, ਇਹ ਕੀ ਹੋ ਗਿਆ? ਕਹਿੰਦੇ ਇਹ ਤਾਂ ਉਤੇ ਚੜ੍ਹ ਗਿਆ ਹੁਣ ਚੁਬਾਰੇ। ਕਹਿੰਦੇ, ਕਿਵੇਂ ਹੋਊ? ਕਹਿੰਦੇ, ਹੁਣ ਤਾਂ 56 ਘੰਟੇ ਨਹੀਂ ਇਹਨੂੰ ਹੋਸ਼ ਆਉਣੀ, ਕਹਿੰਦੇ, ਥੋੜ੍ਹਾ ਸਾਡੇ ਤੋਂ ਜ਼ੋਰ ਜ਼ਿਆਦਾ ਲਗ ਗਿਆ, ਪੰਜਾਂ ਪਿਆਰਿਆਂ ਨੇ ਉਥੇ ਹੀ ਸਲਾਹ ਕਰੀ ਭਾਈ! ਥੋੜ੍ਹਾ-ਥੋੜ੍ਹਾ ਬਲ ਦਿਓ, ਥੋੜ੍ਹਾ-ਥੋੜ੍ਹਾ, ਪੂਰੇ ਬਲ ਦੇ ਨਾਲ ਅੰਮ੍ਰਿਤ ਨਾ ਛਕਾਓ। ਇਨ੍ਹਾਂ ਤੋਂ ਸਹਿ ਨਹੀਂ ਹੁੰਦਾ। ਅੰਮ੍ਰਿਤ ਛਕਾ ਦਿਤਾ ਸਾਰੀ ਕਲਾਸ ਨੂੰ। ਉਸ ਤੋਂ ਬਾਅਦ ਅਖੰਡਪਾਠ ਸ਼ੁਰੂ ਹੋ ਗਏ, 48 ਘੰਟੇ ਬਾਅਦ ਭੋਗ ਪੈਂਦਾ ਹੈ ਤੇ ਕੀਰਤਨ ਹੋਣਾ ਸ਼ੁਰੂ ਹੋ ਗਿਆ ਜਦੋਂ ਪੂਰੇ 56 ਘੰਟੇ ਹੋਏ, ਬੱਚਾ ਹਿੱਲਿਆ, ਹਿੱਲ ਕੇ ਧਰਤੀ ਤੋਂ ਉੱਚਾ ਉਠ ਗਿਆ। ਲੱਤਾਂ ਖੋਲ੍ਹ ਲਈਆਂ, ਸੰਗਤ ਦੇ ਉਤੇ ਤੈਰਦਾ ਫਿਰਦਾ ਹੈ, ਸਾਰੀ ਸੰਗਤ ਦੇਖਦੀ ਹੈ। ਭਾਈ ਸਾਹਿਬ ਲਿਖਦੇ ਨੇ ਕਿ ਸਾਡੇ ਸੀਸ ਤੋਂ ਦੀ ਹੋ ਕੇ ਵਾਜੇ, ਤਬਲਿਆਂ ਤੋਂ ਹੋ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਜਾ ਕੇ ਲੰਮਾ ਪੈ ਗਿਆ। ਉਸੇ ਵੇਲੇ ਬਾਪੂ ਜੀ ਉੱਠ ਕੇ ਆਏ, ਕਹਿੰਦੇ ਭਾਈ ਸਾਹਿਬ! ਲਾਵਾਂ ਦਾ ਕੀਰਤਨ ਕਰੋ ਹੁਣ। ਇਹਦੀ ਰੂਹ ਅਕਾਲ ਪੁਰਖ ਦੇ ਦਰ 'ਤੇ ਖੜ੍ਹੀ ਸੰਜੋਗ ਮੰਗ ਰਹੀ ਹੈ। ਭਾਈ ਸਾਹਿਬ ਨੇ ਲਿਖਿਆ ਕਿ ਅਸੀਂ ਫੇਰ ਲਾਵਾਂ ਦਾ ਕੀਰਤਨ ਸ਼ੁਰੂ ਕਰ ਦਿਤਾ। ਜਦੋਂ 56 ਘੰਟੇ ਹੋ ਗਏ, ਫੇਰ ਉੱਠਿਆ ਉਹ। ਉੱਠ ਕੇ ਪੈਰ ਨਾ ਲੱਗੇ ਧਰਤੀ 'ਤੇ। ਕ੍ਰਿਪਾਨ ਪੁਆ ਦਿਤੀ, ਫੇਰ ਤਾਂ ਸਹੀ ਹੀ ਹੋ ਗਿਆ, ਜਿਹੜਾ ਮੰਤਰ ਦਿਤਾ।

ਮਹਾਰਾਜ ਕਹਿੰਦੇ, ਪੰਡਤ ਜੀ! 'ਕੰਨੀ ਬਾਟੀ ਕੁਰਰ, ਤੂੰ ਮੇਰਾ ਚੇਲਾ ਮੈਂ ਤੇਰਾ ਗੁਰ।' ਕਹਿੰਦੇ, ਆਹ ਮੰਤਰ ਨਹੀਂ ਸਾਨੂੰ ਚਾਹੀਦਾ - ***'ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥***' ਕਹਿੰਦੇ, ਤੇਰਾ ਜਨੇਊ ਤਾਂ ਇਥੇ ਹੀ ਝੜ ਗਿਆ ਤੇ ਪਾਉਣ ਵਾਲਾ ਮਰ ਗਿਆ। ਅੱਗੇ ਤਾਂ ਵੇਤਗਾ ਹੀ ਗਿਆ, ਅਗਾਂਹਾਂ ਤਾਂ ਜਨੇਊ ਗਿਆ ਹੀ ਨਾ ਉਹਦੇ ਨਾਲ। ਕੱਚਾ ਜਨੇਊ ਧਾਰ ਕੇ ਦਰਗਾਹ 'ਚ ਨਹੀਂ ਜਾਂਦਾ। ਵੇਤਗਾ ਜਾਂਦਾ ਹੈ, ਦਸ ਉਥੇ ਫੇਰ ਕੀ ਹੋਏਗਾ। ਹੈਰਾਨ ਹੋ ਗਿਆ। ਨਾਨਕ ਜੀ! ਇਹ ਗੱਲ ਅਸੀਂ ਨਹੀਂ ਅਜੇ ਤੱਕ ਸੋਚੀ। ਮਹਾਰਾਜ ਕਹਿੰਦੇ, ਦੇਖ! ਇਹ ਬੰਦੇ ਦੇ ਅੰਦਰ ਕਿੰਨੇ ਮਾੜੇ ਸੁਭਾਅ ਨੇ -

*ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥*
*ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥*

*ਅੰਗ - ੪੭੧*

ਇਨ੍ਹਾਂ ਦੇ ਉਤੇ ਵੀ ਕੋਈ ਬੰਧਸ਼ ਪਾਈ ਹੈ ਕਿ ਬੰਦਾ ਉਹੋ ਜਿਹਾ ਹੀ ਰਹੇਗਾ ਜਿਹੋ ਜਿਹਾ ਪਹਿਲਾਂ ਸੀ। ਜਨੇਊ ਤਾਂ, ਤਾਂ ਮੰਨੀਏ ਜੇ ਠੱਗੀ ਨਾ ਮਾਰੇਂ, ਧੋਖਾ ਨਾ ਦੇਵੇਂ, ਝੂਠ ਨਾ ਬੋਲੇ, ਗਾਲ ਨਾ ਕੱਢੇ -

*ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ ॥*

*ਅੰਗ - ੧੩੭੪*

ਤਿੰਨੇ ਤਾਪਾਂ ਦਾ ਨਾਸ਼ ਹੋ ਜਾਵੇ, ਮੋਹ ਮਿਟ ਜਾਵੇ। ਇਹ ਤਾਂ ਤੁਸੀਂ ਮਾਖੌਲ ਕਰਿਆ ਹੈ।

*ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥*
*ਕੁਹਿ ਬਕਰਾ ਰਿੰਨਿ੍ ਖਾਇਆ ਸਭੁ ਕੋ ਆਖੈ ਪਾਇ ॥*

*ਅੰਗ - ੪੭੧*

ਸਾਰੇ ਕਹਿੰਦੇ, ਪਾ ਲਿਆ ਜੀ ਪਾ ਲਿਆ। ਜਨੇਊ ਪਾ ਲਿਆ ਜੀ ਹੁਣ ਖਾਓ ਬੱਕਰੇ -

*ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥*
*ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥*

*ਅੰਗ - ੪੭੧*

ਜਿਹਦੇ 'ਚ ਜ਼ੋਰ ਹੋਵੇ, ਕੋਈ ਸੱਤਿਆ ਹੋਵੇ, ਫੇਰ ਟੁੱਟੇ ਕਿਉਂ ਇਹ। ਕਹਿੰਦੇ, ਅਸਲ ਗੱਲ ਤਾਂ ਸਮਝੋ ਤੁਸੀਂ-

*ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥*

*ਅੰਗ - ੪੭੧*

ਪ੍ਰਮੇਸ਼ਰ ਦੇ ਨਾਮ ਵਿਚ ਵਿਸ਼ਵਾਸ਼ ਲਿਆਓ। ਜਿਹੜਾ ਸਾਰੇ ਪਰੀਪੂਰਨ ਹੈ। ਹਰੇਕ ਦੇ ਅੰਦਰ ਹੈ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* *ਅੰਗ - ੨੮੪*

ਉਹਦੇ ਉਤੇ ਲਿਆਓ ਵਿਸ਼ਵਾਸ਼ -

*ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥*

*ਅੰਗ - ੪੭੧*

ਜੇ ਇਹ ਤਗੁ ਪਾ ਲਈਏ, ਦਰਗਾਹ ਵਿਚ ਟੁੱਟਦਾ ਨਹੀਂ ਹੈ। ਤੇਰਾ ਜਿਹੜਾ ਜਨੇਊ ਹੈ ਇਹ ਅਧੂਰਾ ਹੈ, ਤੂੰ ਜਿਹੜਾ ਭੇਖ ਮੈਨੂੰ ਕਰਾਇਆ ਹੈ ਅਧੂਰਾ ਹੈ, ਕਿਉਂਕਿ ਤੂੰ ਬੰਧਸ਼ਾਂ ਨਹੀਂ ਲਾਈਆਂ -

*ਤਗੁ ਨ ਇੰਦ੍ਰੀ ਤਗੁ ਨ ਨਾਰੀ ॥* *ਅੰਗ - ੪੭੧*

ਨਾ ਨਾਰੀਆਂ ਦੇ ਉਤੇ ਤਗ ਹੈ, ਨਾ ਇੰਦ੍ਰੀ ਦੇ ਉਤੇ ਕੋਈ ਤਗ ਹੈ -

*ਭਲਕੇ ਥੁਕ ਪਵੈ ਨਿਤ ਦਾੜੀ ॥*
*ਤਗੁ ਨ ਪੈਰੀ ਤਗੁ ਨ ਹਥੀ ॥* *ਅੰਗ - ੪੭੧*

ਪੈਰ ਮਾੜੇ ਕੰਮਾਂ ਨੂੰ ਉਵੇਂ ਹੀ ਜਾਂਦੇ ਨੇ, ਹੱਥ ਉਸੇ ਤਰ੍ਹਾਂ ਗਲਤ ਕੰਮ ਕਰਦੇ ਨੇ।

*ਤਗੁ ਨ ਜਿਹਵਾ ਤਗੁ ਨ ਅਖੀ ॥ ਵੇਤਗਾ ਆਪੇ ਵਤੈ ॥*

*ਅੰਗ- ੪੭੧*

ਜਿਹਭਾ ਉਵੇਂ ਜਿਵੇਂ ਫਿੱਕਾ ਬੋਲਦੀ ਹੈ, ਅੱਖਾਂ ਉਵੇਂ ਜਿਵੇਂ ਬੇਗਾਨੇ ਰੂਪ ਤਕਦੀਆਂ ਨੇ। ਜਿਹਭਾ ਨਿੰਦਿਆ ਕਰਦੀ ਹੈ, ਚੁਗਲੀਆਂ ਕਰਦੀ ਹੈ, ਈਰਖਾ ਦੀਆਂ ਗੱਲਾਂ ਕਰਦੀ ਹੈ, ਧੋਖੇ ਦੀਆਂ ਗੱਲਾਂ ਕਰਦੀ ਹੈ, ਫਿੱਕਾ ਬੋਲਦੀ ਹੈ। ਪੰਡਤ ਜੀ! ਦੱਸੋ ਫੇਰ ਧਾਗਾ ਪਾ ਕੇ ਕੁਛ ਵਧ ਗਿਆ? ਤੂੰ ਤਾਂ ਆਪ ਹੀ ਵੇਤਗਾ ਹੈਂ। ਤੇਰੇ ਤਾਂ ਤਗ ਹੀ ਨਹੀਂ ਹੈ, ਗਲ 'ਚ ਪਾਇਆ ਹੋਇਆ ਹੈ ਧਾਗਾ, ਕਹਿੰਦੇ ਅੰਦਰ ਤਾਂ ਨਹੀਂ ਨਾ ਪਾਇਆ।

*ਵਟਿ ਧਾਗੇ ਅਵਰਾ ਘਤੈ ॥* *ਅੰਗ - ੪੭੧*

ਧਾਗੇ ਵੱਟੀ ਜਾਂਦਾ ਹੈਂ ਗਲ 'ਚ ਪਾਈ ਜਾਂਦਾ ਹੈਂ।

*ਲੈ ਭਾੜਿ ਕਰੇ ਵੀਆਹੁ ॥* *ਅੰਗ- ੪੭੧*

ਕਹਿੰਦੇ, ਪ੍ਰੋਹਿਤ ਜੀ! ਫੇਰੇ ਦੇਣੇ ਨੇ ਬੀਬੀ ਦੇ। ਦੇਖ ਭਾਈ! ਐਨੀ ਕਪਾਹ ਲਿਆਈਂ, ਐਨਾ ਦਾਣਾ ਲਿਆਈਂ। ਚਾਰ ਪਾਵੇ ਨੇ ਪੰਜ-ਪੰਜ ਸੇਰ ਕਪਾਹ ਬੰਨ੍ਹ ਦੇਈਂ ਚਾਰਾਂ ਦੇ ਨਾਲ। ਉਹ ਕਹਿੰਦਾ, ਕਪਾਹ ਨਾ ਲਿਆਈਂ, ਕਪਾਹ ਨੂੰ ਵਟਾ ਕੇ ਪੂਣੀਆਂ ਕਰਕੇ ਲਿਆਈਂ। ਚਾਹੇ ਉਹ ਇਸ ਤੋਂ ਵੀ ਅੱਗੇ ਕਹਿ ਦੇਵੇ ਕਿ ਸੂਤ ਕਤਾ ਕੇ ਲਿਆਈਂ। ਐਨੇ ਰੁਪਏ ਲਿਆਈਂ, ਐਨੇ ਦਾਣੇ ਲਿਆਈਂ। ਕਹਿੰਦੇ, ਪੰਡਤਾ! ਇਹ ਤਾਂ ਤੂੰ ਦਾਨ ਕੁਥਾਂਹ ਲੈ ਲਿਆ। ਇਹ ਜਿਹੜਾ ਦਾਨ ਲਿਆ -

*ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ*
*ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥ ੬ ॥*

*ਅੰਗ- ੪੩੫*

ਪਾਂਡੇ ਤੇਰਾ ਤਾਂ ਜਨਮ ਗਿਆ। ਸਾਧਸੰਗਤ ਜੀ! ਸਾਡਾ ਨਹੀਂ ਕੀ ਗਿਆ, ਅਸੀਂ ਅਨੰਦ ਕਾਰਜਾਂ ਦੇ ਪੈਸੇ ਲੈ ਕੇ ਕਰਮ ਕਰਦੇ ਹਾਂ। ਉਹ ਕਹਿੰਦੇ ਜੀ, ਉਹ ਬ੍ਰਾਮ੍ਹਣ ਨੂੰ ਕਿਹਾ ਸੀ ਗੁਰੂ ਸਾਹਿਬ ਨੇ, ਸਾਨੂੰ ਤਾਂ ਕਿਹਾ ਹੀ ਨਹੀਂ। ਭਾਈ! ਮਹਾਂਪੁਰਖ ਜਿਹੜਾ ਬੋਲਦੇ ਨੇ, ਉਹ - 'ਸਾਝੀ ਸਗਲ ਜਹਾਨੈ ॥' ਬੋਲਦੇ ਨੇ। ਸਾਰੇ ਜਹਾਨ ਨੂੰ। ਜਿਨ੍ਹਾਂ ਨੇ ਅੱਜ ਤੋਂ 500 ਸਾਲ ਨੂੰ ਆਉਣਾ ਹੈ, ਬਾਣੀ ਨੇ ਉਨ੍ਹਾਂ ਨੂੰ ਵੀ ਕੱਟਣਾ ਹੈ। ਸਾਨੂੰ ਵੀ ਕੱਟ ਰਹੀ ਹੈ।

ਇਥੇ ਮੈਂ ਗਿਆ ਇਕ ਥਾਂ ਦੇ ਉਤੇ, ਕਾਕਰੋਂ। ਮੈਂ ਕਿਹਾ, ਕੋਈ ਅਨੰਦ ਕਾਰਜ ਲਈ ਜੱਥਾ ਤਾਂ ਨਹੀਂ ਕਰਿਆ। ਕਹਿੰਦੇ, ਕਰ ਲਿਆ ਜੀ। ਮੈਂ ਕਿਹਾ ਕਿੰਨੇ 'ਚ। ਕਹਿੰਦਾ ਜੀ ਢਾਈ ਸੌ ਰੁਪਿਆ ਲੈਣਾ ਕਰਿਆ ਹੈ ਉਨ੍ਹਾਂ ਨੇ। ਮੈਂ ਕਿਹਾ ਦਿਓ ਨਾ ਤੁਸੀਂ। ਕਹਿੰਦੇ ਜੀ ਹੁਣ ਤਾਂ ਕਰ ਲਿਆ।

ਐਨੇ ਨੂੰ ਬਰਾਤ ਵਿਚ ਸਾਡੇ ਸਿੰਘ ਸੀਗੇ, ਇਹ ਚਲੇ ਗਏ ਸਾਰੇ। ਜਦੋਂ ਦੇਖਿਆ, ਭਾਈਆਂ ਦੀ ਪਾਰਟੀ ਆਈ ਨਾ, ਇਨ੍ਹਾਂ ਨੇ ਆਪੇ ਹੀ ਅਨੰਦ ਕਾਰਜ ਕਰਾ ਦਿਤੇ, ਕਿਉਂਕਿ ਰੋਜ਼ ਹੀ ਕਰਾਉਂਦੇ ਸੀ। ਜਦੋਂ ਕਰਾ ਦਿਤੇ, ਪ੍ਰਸ਼ਾਦੇ ਛਕ ਕੇ ਤੁਰਨ ਲੱਗੇ, ਉਹ ਵੀ ਆ ਗਏ। ਗੁਰਦੇਵ ਸਿੰਘ ਨੂੰ ਕਹਿਣ ਲੱਗੇ, ਕਿ ਕਰੋ ਜੀ ਛੇਤੀ ਤਿਆਰੀ ਅਸੀਂ ਅਨੰਦ ਕਰਾਈਏ। ਉਹ ਕਹਿੰਦਾ, ਅਨੰਦ ਵੀ ਹੋ ਗਏ, ਪ੍ਰਸ਼ਾਦੇ ਵੀ ਛਕ ਲਏ, ਬਰਾਤ ਤਾਂ ਜਾ ਰਹੀ ਹੈ। ਤੁਸੀਂ ਟਾਈਮ 'ਤੇ ਕਿਉਂ ਨਾ ਆਏ? ਕਹਿੰਦੇ, ਸਾਨੂੰ ਕੀ ਪਤਾ ਹੈ ਅਸੀਂ ਸੋਚਿਆ, ਦੁਪਹਿਰ ਤੋਂ ਬਾਅਦ ਹੀ ਅਨੰਦ ਕਾਰਜ ਹੁੰਦੇ ਨੇ। ਕਹਿੰਦੇ, ਉਹ ਤਾਂ ਰਤਵਾੜੇ ਵਾਲਿਆਂ ਨੇ ਕਰਾ ਦਿਤੇ ਆਪੇ ਹੀ। ਕਹਿੰਦੇ, ਉਨ੍ਹਾਂ ਨੇ ਤਾਂ ਕਰਾ ਦਿਤੇ, ਤੂੰ ਢਾਈ ਸੌ ਰੁਪਿਆ ਰੱਖ ਦੇ ਇਥੇ। ਸਾਨੂੰ ਸਾਈ ਤੇ ਤੂੰ ਬੁਲਾਇਆ ਸੀ। ਓ ਭਾਈ! ਜੇ ਗੁਰੂ ਨਾਨਕ ਸਾਹਿਬ ਕਹਿੰਦੇ ਨੇ ਪੰਡਤ ਨੂੰ ਕਿ ਤੇਰਾ ਜਨਮ ਗਿਆ ਤਾਂ ਤੇਰਾ ਵੀ ਜਨਮ ਗਿਆ ਸਿੱਖਾ। ਨਾ ਕਰ ਇਹੋ ਜਿਹੀਆਂ ਗੱਲਾਂ। ਲੜਕੀਆਂ ਦੇ ਅਨੰਦ ਕਰਾਉਂਦਾ ਹੈ। ਰਾਗੀ ਨੂੰ ਪੁੱਛੋ, ਕਹੇਗਾ ਮੈਂ ਤਾਂ 5000 ਤੋਂ ਘੱਟ ਨਹੀਂ ਲੈਣਾ। ਜਿਹਦੇ 'ਚੋਂ ਸਾਨੂੰ ਗੁਰੂ ਨਾਨਕ ਨੇ ਕੱਢਿਆ ਸੀ, ਮੁੜ ਕੇ ਉਥੇ ਹੀ ਅਸੀਂ ਫੇਰ ਫਸ ਗਏ। ਮਹਾਰਾਜ ਕਹਿੰਦੇ -

*ਲੈ ਭਾੜਿ ਕਰੇ ਵੀਆਹੁ ॥*
*ਕਢਿ ਕਾਗਲੁ ਦਸੇ ਰਾਹੁ ॥* *ਅੰਗ- ੪੭੧*

ਅੰਮ੍ਰਿਤ ਛਕਾਉਂਦੈ ਹੈਂ ਲੋਕਾਂ ਨੂੰ ਤੇ ਭਾੜਾ ਲੈ ਕੇ ਜਾਂਦਾ ਹੈਂ, ਵਿਆਹ ਦੇ ਉਤੇ। ਫੇਰ ਤੂੰ ਰਾਹ ਦਸਦਾ ਹੈਂ ਕਿ ਅੱਜ ਨਾ ਜਾਈਂ, ਕੱਲ੍ਹ ਨੂੰ ਜਾਈਂ ਏਧਰ ਸਿੱਧ ਨਹੀਂ ਹੈਗੀ। ਕਹਿੰਦੇ, ਕਮਾਲ ਦੀ ਗੱਲ ਹੈ -

*ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥* *ਅੰਗ- ੪੭੧*

ਦੇਖੋ ਅਚਰਜੁ ਦੀ ਗੱਲ ਦੱਸੀਏ -

*ਮਨਿ ਅੰਧਾ ਨਾਉ ਸੁਜਾਣੁ ॥ ੪ ॥* *ਅੰਗ - ੪੭੧*

ਕਹਿੰਦੇ, ਮਨ ਦਾ ਅੰਧਾ ਹੈ ਤੇ ਨਾਉਂ ਕੀ ਰੱਖ ਲਿਆ ਪੰਡਤ। ਸੁਜਾਨ ਬਣ ਗਿਆ ਜਾਣਕਾਰ। ਪੰਡਤ ਚੁੱਪ ਕਰ ਗਿਆ।

ਹੁਣ ਉਹ ਕਹਿੰਦੇ ਨੇ ਜਨੇਊ ਪਾਓ। ਕਹਿੰਦਾ, ਮੈਂ ਨਹੀਂ ਪਾ ਸਕਦਾ, ਗੁਰੂ ਨਾਨਕ ਦੇ ਜਨੇਊ। ਮੇਰੇ ਤਾਂ ਆਪ ਹੀ ਨਹੀਂ ਪਿਆ ਹੋਇਆ ਜਨੇਊ। ਮੈਂ ਤਾਂ ਐਵੇਂ ਧਾਗਾ ਹੀ ਪਾਈ ਫਿਰਦਾ ਹਾਂ।

ਸੋ ਸਾਧਸੰਗਤ ਜੀ! ਗੁਰੂ ਨਾਨਕ ਨੇ ਕਿਤੇ ਵੀ ਲਿਹਾਜ਼ ਨਹੀਂ ਕਰੀ। ਹਰ ਥਾਂ ਦੇ ਉਤੇ ਸੱਚ ਦੀ ਬੋਲੀ ਬੋਲ ਕੇ ਸਾਡਾ ਹਨ੍ਹੇਰਾ ਕੱਟਿਆ। ਇਸ ਤਰ੍ਹਾਂ ਦੇ ਨਾਲ ਜਿੰਨਾਂ ਜੀਅ ਕਰਦਾ ਹੈ ਜਸ ਕਰੀ ਜਾਓ ਗੁਰੂ ਨਾਨਕ ਪਾਤਸ਼ਾਹ ਦਾ, ਇਹ ਤਾਂ ਮੁੱਕਦਾ ਹੀ ਨਹੀਂ ਹੈ। ਵਧਦਾ ਹੀ ਤੁਰਿਆ ਜਾਂਦਾ ਹੈ ਜਿੰਨਾਂ ਗਿਆਨ ਵਧੇਗਾ ਓਨਾਂ ਹੀ ਵਧ ਜਾਂਦਾ ਹੈ।

ਅੱਜ ਦੇ ਦਿਨ ਆਪ ਦਾ ਪ੍ਰਕਾਸ਼ ਸੰਸਾਰ 'ਚ ਹੋਇਆ ਤੇ ਮੈਂ ਤਾਂ ਇਕੋ ਹੀ ਬੇਨਤੀ ਕਰਦਾ ਹਾਂ ਕਿ ਪਿਆਰਿਓ! ਗੁਰੂ ਨਾਨਕ ਨੂੰ ਸਮਝੋ, ਗੁਰੂ ਨਾਨਕ ਦੀ ਬਾਣੀ ਨੂੰ ਸਮਝੋ। ਜੇ ਸਿੱਖ ਮੂਲਮੰਤ੍ਰ ਨੂੰ ਸਮਝ ਗਿਆ, ਉਹਨੇ ਸਭ ਕੁਛ ਖੱਟ ਲਿਆ। ਜੇ ਜਪੁਜੀ ਸਾਹਿਬ ਨੂੰ ਪੜ੍ਹ ਲਿਆ ਉਸ ਤੋਂ ਵੱਡਾ ਵਿਦਵਾਨ ਦੁਨੀਆ 'ਚ ਕੋਈ ਨਹੀਂ। ਟੀਕੇ ਲਿਖਣ ਵਾਲੇ ਨਹੀਂ ਸਮਝਦੇ, ਇਹ ਤਾਂ ਬਹੁਤ ਵੱਡੀ ਬਾਣੀ ਹੈ, ਪ੍ਰਮੇਸ਼ਰ ਨਾਲ ਜੋੜ ਦਿੰਦੀ ਹੈ ਪੜ੍ਹਦੇ-ਪੜ੍ਹਦੇ। ਸਾਨੂੰ ਤਾਂ ਪਤਾ ਹੀ ਨਹੀਂ ਲੱਗਿਆ ਕਿ ਜਪੁਜੀ ਸਾਹਿਬ ਕੀ ਹੈ? ਗੁਰੂ ਨਾਨਕ ਉਪਦੇਸ਼ਾਂ ਨੂੰ ਕਮਾਓ, ਸਮਝਣ ਦਾ ਯਤਨ ਕਰੋ। ਬਾਣੀ ਨੂੰ ਵਿਚਾਰੋ, ਸਤਿਸੰਗ 'ਚ ਆਓ, ਗੁਰੂ ਨਾਨਕ ਦਾ ਜੋ ਸੰਦੇਸ਼ ਹੈ ਸਾਡੇ ਵਾਸਤੇ ਸੱਚ ਦਾ ਜੋ ਢੰਡੋਰਾ ਗੁਰੂ ਨਾਨਕ ਨੇ ਦਿਤਾ ਹੈ। ਉਨ੍ਹਾਂ ਨੇ ਕਿਹਾ ਕਿ ਜੀਵਨ ਸਤਿ ਦਾ ਬਣਾਓ। ਜੀਵਨ ਵਿਚ ਕੋਈ ਭੇਖ ਨਾ ਧਾਰੋ –

ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥ ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥ ਅੰਗ – 785

ਗੁਰੂ ਨਾਨਕ ਫਿਰਦੇ ਰਹੇ। ਮੁਸਲਮਾਨਾਂ ਦੇ ਗਏ ਉਹੋ ਜਿਹੇ ਕੱਪੜੇ ਪਹਿਨ ਲਏ, ਮੱਕੇ ਨੂੰ ਜਾਂਦੇ ਹੋਏ ਹਰੇ ਕੱਪੜੇ ਪਾ ਲਏ। ਆਸਾ ਹੱਥ ਵਿਚ, ਕੱਛ ਵਿਚ ਕਿਤਾਬ ਲੈ ਲਈ। ਨੀਲੇ ਕੱਪੜੇ ਪਹਿਨ ਲਏ ਤੇ ਉਹੋ ਜਿਹੇ ਹੀ ਬਣ ਗਏ ਹਾਜੀਆਂ ਵਰਗੇ। ਜੇ ਗੋਰਖ ਕੋਲ ਗਏ, ਲੱਕ ਨਾਲ ਰੱਸੇ ਬੰਨ੍ਹ ਲਏ। ਪਹਾੜ 'ਤੇ ਚੜ੍ਹਨ ਵਾਲਾ ਸਮਾਨ ਬੰਨ੍ਹ ਲਿਆ ਸਾਰਾ ਤੇ ਚਮੜੇ ਦੇ ਕੱਪੜੇ ਪਾ ਲਏ। ਜੇ ਦੂਜੇ ਪਾਸੇ ਨੂੰ ਗਏ ਤਾਂ ਭਗਵੇਂ ਕੱਪੜੇ ਪਾ ਲਏ। ਜਿਸ ਵਕਤ ਗੁਰੂ ਨਾਨਕ ਨੂੰ ਅਚੱਲ ਬਟਾਲੇ 'ਚ ਜੋਗੀ ਮਿਲੇ ਉਸ ਵੇਲੇ ਗੁਰੂ ਨਾਨਕ ਕਿਹੋ ਜਿਹੇ ਸੀ। ਉਸ ਵੇਲੇ ਦੇ ਜੋ ਗ੍ਰਹਿਸਤੀਆਂ ਦੀ ਪੁਸ਼ਾਕ ਜਿਹੜੀ ਸੀ ਉਹ ਪਾਈ ਹੋਈ ਸੀ ਉਨ੍ਹਾਂ ਨੇ। ਜਦੋਂ ਅਚੱਲ ਵਟਾਲੇ ਜਾਂਦੇ ਨੇ ਹੈਰਾਨ ਹੋ ਗਏ ਕਿ ਇਹ ਗ੍ਰਹਿਸਤੀਆਂ ਦੀ ਪੁਸ਼ਾਕ ਪਾਈ ਬੈਠੇ ਨੇ। ਭੰਗਰਨਾਥ ਨੇ ਮਿਹਣਾ ਦਿਤਾ ਗੁਰੂ ਨਾਨਕ ਸਾਹਿਬ ਨੂੰ ਕਿ ਤੂੰ ਦੁੱਧ ਵਿਚ ਕਾਂਜੀ ਪਾ ਦਿਤੀ ਤੇ ਹੁਣ ਦੁੱਧ ਫੱਟ ਜਾਣਾ ਹੈ। ਕੁਛ ਨਹੀਂ ਬਣਨਾ। ਗੁਰੂ ਨਾਨਕ ਤੁਸੀਂ ਸਿੱਖਾਂ ਨੂੰ ਉਲਟੇ ਰਸਤੇ ਪਾ ਦਿਤਾ। ਤੁਸੀਂ ਹੁਣ ਮੁੜ ਕੇ ਫੇਰ ਗ੍ਰਹਿਸਤੀਆਂ ਵਾਲੇ ਕੱਪੜੇ ਪਾ ਲਏ।

ਗੁਰੂ ਨਾਨਕ ਮਹਾਰਾਜ ਦੀ ਉਥੇ ਜੋ ਗੋਸ਼ਟ ਹੋਈ, ਉਹਨੂੰ ਵਿਚਾਰ ਕੇ ਪੜ੍ਹਿਓ ਕਦੇ ਸਾਧਸੰਗਤ ਜੀ। ਅਖੀਰ ਜੋਗੀਆਂ ਨੂੰ ਮੰਨਣਾ ਪਿਆ, ਸਾਰੀ ਸਿੱਧ ਮੰਡਲੀ ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ ਦੇ ਬਲ ਨਾਲ ਜਿੱਤ ਲਈ ਤੇ ਇਕ ਉਪਦੇਸ਼ ਸਾਰੀ ਦੁਨੀਆਂ ਨੂੰ ਦਿਤਾ ਹੈ। ਉਹਨੂੰ ਯਾਦ ਕਰ ਲਓ ਸਾਰੇ।

*ਧਾਰਨਾ - ਕਲੂ ਆਇਓ ਰੇ, ਇਕ ਨਾਮ ਬੀਜ ਲਓ।*

*ਅਬ ਕਲੂ ਆਇਓ ਰੇ ॥*
*ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥* *ਅੰਗ – ੧੧੮੫*

ਆਹ ਸਾਰਾ ਗੁਰੂ ਨਾਨਕ ਮਹਾਰਾਜ ਦੀ ਤਾਲੀਮ ਦਾ ਸਾਰ ਹੈ –

*ਸਰਬ ਧਰਮ ਮਹਿ ਸ੍ਰੇਸਟ ਧਰਮੁ ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥* *ਅੰਗ – ੨੬੬*

ਦੋ ਚੀਜ਼ਾਂ ਕਰ ਲਓ, ਕਰਮਾਂ ਨੂੰ ਨਿਰਮਲ ਬਣਾ ਲਓ ਤੇ ਰਸਨਾ ਦੇ ਨਾਲ ਵਾਹਿਗੁਰੂ-ਵਾਹਿਗੁਰੂ ਜਪੋ। ਇਹਦੇ ਨਾਲ ਸਾਡਾ ਉਧਾਰ ਹੋ ਜਾਏਗਾ। ਸੁਖਾਲਾ ਜਿਹਾ ਹੀ ਦੱਸ ਦਿਤਾ ਮਹਾਰਾਜ ਨੇ, ਕਿਉਂਕਿ –

*ਨਾਨਕ ਕੈ ਘਰਿ ਕੇਵਲ ਨਾਮੁ ॥* *ਅੰਗ – ੧੧੩੬*

ਔਖੇ ਹੋਣ ਦੀ ਲੋੜ ਨਹੀਂ, ਕੰਮ ਕਰੋ –

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥* *ਅੰਗ – ੧੨੪੫*

ਜੇ ਜੀਵਨ ਦੇ ਵਿਚ ਸੁੱਚ ਹੈ। ਧਰਮ ਦੀ ਕਿਰਤ ਕਰਦਾ ਹੈ, ਨਿਤਨੇਮ ਕਰਦਾ ਹੈ, ਬਾਣੀ ਪੜ੍ਹਦਾ ਹੈ, ਸਰਬੱਤ ਦਾ ਭਲਾ ਦਿਲੋਂ ਮੰਗਦਾ ਹੈ –

*ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।*

ਕਿਸੇ ਦਾ ਬੁਰਾ ਨਹੀਂ ਮੰਗਦਾ ਉਹ ਸਾਧਾਂ ਨਾਲੋਂ ਚੰਗਾ ਗ੍ਰਹਿਸਤੀ ਹੋਇਆ ਕਰਦਾ ਹੈ। ਕਿਉਂਕਿ ਉਹਦੇ ਮਨ ਵਿਚ ਨਿਮ੍ਰਤਾ ਹੈ ਕਿ ਮੈਂ ਤਾਂ ਕੁਛ ਨਹੀਂ ਹਾਂ। ਸੇਵਾ ਭਾਵ ਹੈ ਉਹਦੇ ਮਨ ਵਿਚ। ਜੇ ਉਹ ਨਾਮ ਵੀ ਜਪੀ ਜਾਵੇ, ਜੀਭ ਤੋਂ ਕੰਮ ਲਈ ਜਾਵੇ। ਫਾਲਤੂ ਗੱਲਾਂ ਦੀ ਥਾਂ 'ਤੇ ਵਾਹਿਗੁਰੂ-ਵਾਹਿਗੁਰੂ ਕਰੀ ਜਾਵੇ ਫੇਰ ਤਾਂ ਡੰਕੇ ਵਜਦੇ ਜਾਣਗੇ ਦਰਗਾਹ ਨੂੰ –

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥* *ਅੰਗ – ੨੮੩*

ਸੋ ਗੁਰੂ ਨਾਨਕ ਸਾਹਿਬ ਦੀ ਯਾਦ ਅੱਜ ਤੁਸੀਂ ਮਨਾਈ ਹੈ, ਆਗਮਨ ਦਿਵਸ। ਮਹਾਰਾਜ ਕ੍ਰਿਪਾ ਕਰਨ ਆਪਣੀ ਸੰਗਤ ਦੇ ਉਤੇ, ਨਾਮ ਦੀ ਦਾਤ ਦੇਣ ਤੇ ਜਿਹੜਾ ਸਾਲ ਹੈ ਸੁੱਖਾਂ ਦਾ ਬਤੀਤ ਹੋਵੇ ਤੇ ਗੁਰੂ ਸਾਹਿਬ ਸਾਡੇ ਯਾਦ ਆਉਂਦੇ ਰਹਿਣ, ਭੁੱਲਣ ਨਾ ਕਦੇ ਵੀ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

*ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।*

***********

# ਬਾਂਧੈ ਭਗਤੁ ਨ ਛੂਟੈ ਮੋਹਿ

## (ਕਲਗੀਧਰ ਪਾਤਸ਼ਾਹ ਜੀ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਗੁਰੂ ਦਸਮੇਸ਼ ਪਿਤਾ ਜੀ ਦੇ ਸੰਸਾਰ ਵਿਚ ਆਉਣ ਦੇ ਸਮੇਂ ਭਾਰਤ ਵਰਸ਼ ਇਸਲਾਮੀ ਰਾਜ ਦੇ ਅਧੀਨ ਸੀ, ਔਰੰਗਜ਼ੇਬ ਦਾ ਕਰੂਰਤਾ ਭਰਿਆ ਰਾਜ ਸੀ। ਬਹੁਤ ਹੀ ਸਖਤੀ ਨਾਲ ਦਮਨ ਨੀਤੀ ਚਲ ਰਹੀ ਸੀ। ਅਜ਼ਾਦੀ ਨਾਲ ਜਿਉਂਣ ਦਾ ਹੱਕ ਖੋਹਿਆ ਜਾ ਚੁਕਿਆ ਸੀ। ਰਸਮਾਂ-ਰਿਵਾਜਾਂ, ਪੂਜਾ ਆਦਿ ਉਪਰ ਘਿਨੌਣੀਆਂ ਪਾਬੰਦੀਆਂ ਲੱਗੀਆਂ ਹੋਈਆਂ ਸਨ। ਆਦਮੀ ਦਾ ਰਿਸ਼ਤਾ ਵਾਹਿਗੁਰੂ ਜੀ ਨਾਲ ਪੂਰਨ ਤੌਰ ਤੇ ਸੁਤੰਤਰ ਹੋਇਆ ਕਰਦਾ ਹੈ ਅਤੇ ਆਪਣੀਆਂ ਭਾਵਨਾਵਾਂ, ਨਿਸ਼ਚਿਆਂ ਦੇ ਮੁਤਾਬਿਕ ਆਦਮੀ ਅੰਦਰੋਂ ਕੋਸ਼ਿਸ਼ ਕਰਦਾ ਹੈ ਕਿ ਮੈਂ ਆਪਣੇ ਪ੍ਰਭੂ ਨੂੰ ਰਿਝਾਵਾਂ, ਉਹ ਮੇਰੇ ਉਪਰ ਪ੍ਰਸੰਨ ਹੋਵੇ। ਉਸ ਵੇਲੇ ਭਾਰਤ ਵਰਸ਼ ਵਿਚੋਂ ਦੋ ਹੀ ਵਰਗ ਗਿਣੇ ਜਾਂਦੇ ਸਨ - ਇਕ ਹਿੰਦੂ, ਦੂਜੇ ਇਸਲਾਮ। ਭਾਰਤ ਵਰਸ਼ ਵਿਚ ਪ੍ਰਾਚੀਨ ਆਰੀਅਨ ਸਭਿਅਤਾ ਦਾ ਬੋਲਬਾਲਾ ਸੀ। ਵੇਦ ਸ਼ਾਸਤਰ ਗੀਤਾ ਆਦਿ ਦੀ ਫਿਲਾਸਫੀ ਨੂੰ ਵਿਚਾਰਿਆ ਜਾਂਦਾ ਸੀ ਅਤੇ ਇਨ੍ਹਾਂ ਮਹਾਂਪੁਰਖਾਂ ਦੇ ਬਚਨਾਂ ਦੀ ਸੇਧ ਵਿਚ ਆਪਣੇ ਜੀਵਨ ਨੂੰ ਪ੍ਰਭੂ ਦੇ ਦਰ ਤੱਕ ਪਹੁੰਚਾਉਣ ਦਾ ਜਤਨ ਕੀਤਾ ਜਾਂਦਾ ਸੀ। ਕਿਤੇ ਪ੍ਰਿਤਮਾ ਬਣਾ ਕੇ ਵਾਹਿਗੁਰੂ ਜੀ ਦੀਆਂ ਅਵਤਾਰ ਸ਼ਕਤੀਆਂ ਦੀ ਪੂਜਾ ਹੁੰਦੀ ਸੀ, ਕਿਤੇ ਆਦਿ ਸ਼ਕਤੀਆਂ ਦੀਆਂ ਪ੍ਰਿਤਮਾ ਬਣਾ ਕੇ ਪ੍ਰਤੀਕ ਦੇ ਤੌਰ ਤੇ ਉਨ੍ਹਾਂ ਤੋਂ ਸ਼ਕਤੀਆਂ ਪ੍ਰਾਪਤ ਕੀਤੀਆਂ ਜਾਇਆ ਕਰਦੀਆਂ ਸਨ। ਭਾਵੇਂ ਸਮੇਂ ਦੇ ਫੇਰ ਨਾਲ ਬਹੁਤ ਹੀ ਅੰਧਕਾਰਮਈ ਕਰਮਕਾਂਡ ਪ੍ਰਚਲਤ ਹੋ ਗਏ ਸਨ ਅਤੇ ਇਕ ਅਕਾਲਪੁਰਖ ਦੀ ਪੂਜਾ ਨੂੰ ਭੁਲਾਇਆ ਜਾ ਰਿਹਾ ਸੀ। ਵਾਹਿਗੁਰੂ ਜੀ ਦੇ ਪਿਆਰ ਦੀ ਥਾਂ ਸਮੇਂ-ਸਮੇਂ ਸਿਰ ਆਏ ਅਵਤਾਰਾਂ ਨੇ ਲੈ ਲਈ ਸੀ। ਸਾਧਕਾਂ ਦਾ ਬ੍ਰਹਮਦ੍ਰਿਸ਼ਟੀ ਤੋਂ ਪਤਨ ਹੋ ਕੇ ਮਾਇਆ ਦੇ ਅੰਧਕਾਰ ਵਿਚ ਪ੍ਰਵੇਸ਼ ਹੋ ਚੁਕਿਆ ਸੀ। ਕਰਤੇ ਦੀ ਥਾਂ ਤੇ ਕ੍ਰਿਤਮ ਪੂਜਿਆ ਜਾਣ ਲੱਗ ਗਿਆ ਸੀ, ਨਿਸ਼ਚੇ ਵੰਡੇ ਗਏ ਸਨ। ਆਤਮ ਸਤਾ ਤੱਕ ਜੀਵ ਦੀ ਪਹੁੰਚ ਅਧੂਰੀ ਹੋ ਗਈ ਸੀ। ਇਕ ਤਰ੍ਹਾਂ ਦੇ ਨਾਲ ਮਹਾਨ ਅੰਧਕਾਰ ਛਾਇਆ ਹੋਇਆ ਸੀ। ਜਗਿਆਸੂ ਬੇਵਸ ਸੀ, ਉਸਨੂੰ ਕੋਈ ਆਸਰਾ ਨਹੀਂ ਸੀ ਮਿਲ ਰਿਹਾ। ਰਾਜਸੀ ਕਰੜੀਆਂ ਬੰਧਸ਼ਾਂ ਦੇ ਕਾਰਨ ਜੀਵ ਦੇ ਨਿਜੀ ਪ੍ਰਭੂ ਸਬੰਧਾਂ ਵਿਚ ਰੋਕ ਪੈ ਚੁਕੀ ਸੀ। ਹਿੰਦੂ ਸਮਾਜ, ਜ਼ਬਰੀ ਮਜ਼ਹਬ ਤਬਦੀਲੀ (ਤਬਲੀਗ) ਦਾ ਪੂਰੀ ਤਰ੍ਹਾਂ ਸ਼ਿਕਾਰ ਹੋਇਆ-ਹੋਇਆ ਅਤਿ ਹੀ ਪੀੜਿਤ ਸੀ।

ਦੂਜੇ ਪਾਸੇ ਉਸ ਵੇਲੇ ਦਾ ਸ਼ਾਸ਼ਕ ਵਰਗ ਸੱਚਮੁਚ ਹੀ ਬੁੱਚੜ ਦਾ ਰੂਪ ਧਾਰਨ ਕਰ ਚੁਕਿਆ ਸੀ, ਪਰਜਾ ਨੂੰ ਕੋਹ੍-ਕੋਹ੍ ਕੇ, ਉਸ ਦਾ ਖੂਨ ਨਿਚੋੜ ਕੇ ਰੱਤ ਪੀਣਾ ਹੋ ਚੁਕਿਆ ਸੀ। ਭਾਰਤ ਵਾਸੀਆਂ ਦੇ ਮਹਾਨ ਮੰਦਰ ਗਿਰਾਏ ਜਾ ਰਹੇ ਸਨ ਉਨ੍ਹਾਂ ਦੀ ਪੁਕਾਰ ਕੋਈ ਸੁਣਨ ਵਾਲਾ ਨਹੀਂ ਸੀ। ਉਹ ਬਾਰ-ਬਾਰ ਪੁਕਾਰ ਕਰਦੇ ਸਨ ਕਿ ਹੇ ਪ੍ਰਭੂ! ਤੂੰ ਦਰੋਪਤੀ ਦੀ ਸਭਾ ਵਿਚ ਲਾਜ ਰੱਖੀ, ਅੱਜ ਲੱਖਾਂ ਦਰੋਪਤੀਆਂ ਦੀ ਪਤਿ ਲਾਹੀ ਜਾ ਰਹੀ ਹੈ, ਤੂੰ ਕਿਉਂ ਨਹੀਂ ਬਹੁੜਦਾ? ਹੇ ਪ੍ਰਭੂ! ਤੂੰ ਤਾਂ ਇਕ ਹਾਥੀ ਦੀ ਰਖਸ਼ਾ ਕਰਨ ਵਾਸਤੇ ਤੰਦੂਏ ਦੇ ਤੰਦ ਕੱਟ ਕੇ ਉਸਨੂੰ ਬਚਾਅ ਲਿਆ ਸੀ, ਅੱਜ ਸਾਨੂੰ ਇਨਸਾਨਾਂ ਨੂੰ ਉਸ ਤੋਂ ਕਿਤੇ ਵੱਧ ਤੰਦੂਆਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਤੂੰ ਨਾਮਦੇਵ ਦਾ ਦੁੱਧ ਪੀਣ ਵਾਸਤੇ ਪ੍ਰਿਤਮਾ ਵਿਚੋਂ ਪ੍ਰਗਟ ਹੋ ਗਿਆ ਸੀ ਅਤੇ ਧੰਨੇ ਦਾ ਪ੍ਰਸ਼ਾਦਾ ਛਕਣ ਲਈ ਪੰਡਤ ਵਲੋਂ ਦਿਤੇ ਇਕ ਅਨਘੜ੍ਹ ਪੱਥਰ ਵਿਚੋਂ ਪ੍ਰਗਟ ਹੋ ਗਿਆ ਸੀ। ਅੱਜ ਕੀ ਹੋ ਗਿਆ ਕਿ ਅਸਾਨੂੰ ਸਾਡੀਆਂ ਪ੍ਰਾਰਥਨਾਵਾਂ ਦਾ ਕੋਈ ਉਤਰ ਨਹੀਂ ਮਿਲ ਰਿਹਾ। ਇਹ ਸ਼ਾਸ਼ਕ ਜ਼ਾਲਮ ਵਰਗ ਪੂਰੇ ਅਨਿਆਂ ਤੇ ਤੁਲਿਆ ਹੋਇਆ ਧਰਮ ਦੇ ਪੜਦੇ ਓਹਲੇ ਅਤਿ ਘਿਨੌਣੇ ਪਾਪ ਕਰ ਰਿਹਾ ਹੈ। ਕੀ ਇਨ੍ਹਾਂ ਨੂੰ ਤੂੰ ਰੋਕ ਨਹੀਂ ਸਕਦਾ? ਇਹ ਅਰਦਾਸਾਂ, ਇਹ ਲੇਲ੍ਹੜੀਆਂ ਭਾਰਤ ਵਾਸੀਆਂ ਦੇ ਹਿਰਦੇ ਵਿਚੋਂ ਨਿਕਲ ਰਹੀਆਂ ਸਨ। ਇਸਨੂੰ ਰੋਕ ਪਾਉਣ ਲਈ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣਾ ਪਵਿੱਤਰ ਬਲੀਦਾਨ ਦੇ ਕੇ ਧਰਤੀ ਤੇ ਆਪਣਾ ਪਵਿਤ੍ਰ ਖ਼ੂਨ ਡੋਲ੍ਹਿਆ। ਭਾਈ ਮਤੀ ਦਾਸ ਜੀ ਦਾ ਸਰੀਰ ਆਰੇ ਨਾਲ ਦੋ ਫਾੜ ਕੀਤਾ ਗਿਆ। ਭਾਈ ਦਿਆਲਾ ਜੀ ਨੂੰ ਆਲੂਆਂ ਵਾਂਗ ਉਬਾਲ ਦਿਤਾ ਗਿਆ। ਭਾਈ ਸਤੀਦਾਸ ਜੀ ਨੂੰ ਰੂੰ ਵਿਚ ਵਲ੍ਹੇਟ ਕੇ ਅੱਗ ਲਾ ਦਿਤੀ ਗਈ। ਇਸ ਪਵਿੱਤਰ ਬਲੀਦਾਨ ਨੇ ਭਾਰਤ ਵਾਸੀਆਂ ਨੂੰ ਝੰਜੋੜ ਕੇ ਰੱਖ ਦਿਤਾ। ਜਾਗੀਆਂ ਹੋਈਆਂ ਰੂਹਾਂ "ਕੁਝ ਕਰੋ ਜਾਂ ਮਰੋ" ਦੇ ਸਿਧਾਂਤ ਨੂੰ ਅਪਣਾਉਣ ਲਈ ਗੁਰੂ ਦਸਮੇਸ਼ ਪਿਤਾ ਦੀ ਅਗਵਾਈ ਨੂੰ ਲੋਚ ਰਹੀਆਂ ਸਨ। ਗੁਰੂ ਮਹਾਰਾਜ ਜੀ ਬਾਣੀ ਦੇ ਅੰਦਰ ਜ਼ਿਕਰ ਕਰਦੇ ਫੁਰਮਾਉਂਦੇ ਹਨ-

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ॥*
*ਆਧੇਰੈ ਰਾਹੁ ਨ ਕੋਈ॥*
*ਵਿਚਿ ਹਉਮੈ ਕਰਿ ਦੁਖੁ ਰੋਈ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥*

***ਅੰਗ - 145***

ਭਾਈ ਗੁਰਦਾਸ ਜੀ ਨੇ ਵੀ ਇਸ ਸਮੇਂ ਨੂੰ ਭਾਂਪਦਿਆਂ ਹੋਇਆਂ ਆਪਣੀਆਂ ਵਾਰਾਂ ਵਿਚ ਲਿਖਿਆ ਹੈ -

*ਕਲਿ ਆਈ ਕੁੱਤੇ ਮੁਹੀ*
*ਖਾਜ ਹੋਆ ਮੁਰਦਾਰ ਗੁਸਾਈ।*
*ਰਾਜੇ ਪਾਪ ਕਮਾਂਵਦੇ*
*ਉਲਟੀ ਵਾੜ ਖੇਤ ਕਉ ਖਾਈ।*
*ਪਰਜਾ ਅੰਧੀ ਗਿਆਨ ਬਿਨ*
*ਕੂੜ ਕੁਸੱਤ ਮੁਖਹੁ ਆਲਾਈ।*
*ਚੇਲੇ ਸਾਜ ਵਜਾਇੰਦੇ*
*ਨੱਚਣ ਗੁਰੂ ਬਹੁਤ ਬਿਧ ਭਾਈ।*
*ਸੇਵਕ ਬੈਠਨ ਘਰਾਂ ਵਿਚ*
*ਗੁਰ ਉੱਠ ਘਰੀਂ ਤਿਨਾੜੇ ਜਾਈ।*
*ਕਾਜ਼ੀ ਹੋਏ ਰਿਸ਼ਵਤੀ*
*ਵੱਢੀ ਲੈ ਕੇ ਹੱਕ ਗਵਾਈ।*
*ਇਸਤ੍ਰੀ ਪੁਰਖੈ ਦਾਮ ਹਿਤ*
*ਭਾਵੇਂ ਆਇ ਕਿਥਾਊਂ ਜਾਈ।*
*ਵਰਤਿਆ ਪਾਪ ਸਭਸੁ ਜਗ ਮਾਂਹੀ॥*

***ਭਾਈ ਗੁਰਦਾਸ ਜੀ, ਵਾਰ – 1/30***

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਿਛੋਂ ਗੁਰੂ ਪਿਆਰੇ ਸਿੱਖਾਂ ਵਿਚ ਇਕ ਨਵਾਂ ਜੋਸ਼ ਅਤੇ ਉਭਾਰ ਆਇਆ, ਜਾਗੀਆਂ ਹੋਈਆਂ ਰੂਹਾਂ ਜਿਨ੍ਹਾਂ ਨੇ ਮੌਤ ਦੀ ਖਾਈ ਪਾਰ ਕਰਕੇ ਉਰਾਰ ਅਤੇ ਪਾਰ ਦਾ ਅਨੁਭਵ ਪ੍ਰਾਪਤ ਕੀਤਾ ਹੋਇਆ ਸੀ ਉਹ ਕਹਿੰਦੇ ਸਨ ਕਿ –

*ਕਬੀਰ ਮੁਹਿ ਮਰਨੇ ਕਾ ਚਾਉ ਹੈ*
*ਮਰਉ ਤ ਹਰਿ ਕੈ ਦੁਆਰ॥*
*ਮਤ ਹਰਿ ਪੂਛੈ ਕਉਨ ਹੈ*
*ਪਰਾ ਹਮਾਰੈ ਬਾਰ॥* ***ਅੰਗ – 1367***

ਉਨ੍ਹਾਂ ਦੇ ਜੀਵਨ ਵਿਚ ਭੈ ਦੇਣਾ ਅਤੇ ਭੈ ਮੰਨਣਾ ਦੋਵੇਂ ਹੀ ਗਿਰਾਵਟ ਦੀਆਂ ਨਿਸ਼ਾਨੀਆਂ ਪ੍ਰਤੀਤ ਦਿੰਦੀਆਂ ਸਨ। ਉਹ ਨਾ ਕਿਸੇ ਨੂੰ ਭੈ ਦਿੰਦੇ ਸਨ ਤੇ ਨਾ ਕਿਸੇ ਤੋਂ ਭੈ ਖਾਂਦੇ ਸਨ। ਜਦੋਂ ਗੁਰੂ ਦਸਮੇਸ਼ ਪਿਤਾ ਜੀ ਗੁਰਗੱਦੀ ਤੇ ਬੈਠੇ ਉਸ ਵੇਲੇ ਬਹੁਤ ਭਾਰੀ ਗਿਣਤੀ ਵਿਚ ਇਕੱਠ ਹੋ ਜਾਣਾ ਇਸ ਗੱਲ ਦਾ ਪ੍ਰਤੀਕ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਅਸਰ ਹਕੂਮਤ ਦੀ ਸੋਚ ਤੋਂ ਬਿਲਕੁਲ ਹੀ ਪ੍ਰਤੀਕੂਲ ਸੀ। ਉਨ੍ਹਾਂ ਦੇ ਅੰਦਰੋਂ ਡਰ ਬਿਲਕੁਲ ਨਿਕਲ ਚੁਕਿਆ ਸੀ। ਨਿਰਭਉ ਨੂੰ ਸਿਮਰ ਕੇ ਨਿਰਭੈ ਅਵਸਥਾ ਵਿਚ ਪ੍ਰਵੇਸ਼ ਕਰਕੇ ਆਖ ਰਹੇ ਸਨ –

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ।।*
*ਮਰਨੇ ਹੀ ਤੇ ਪਾਈਐ*
*ਪੂਰਨੁ ਪਰਮਾਨੰਦੁ॥* ***ਅੰਗ – 1365***

ਇਹ ਗੁਰਸਿੱਖਾਂ ਦਾ ਜੋਸ਼ ਅਤੇ ਉਭਾਰ ਮਾਰੂ ਨਹੀਂ ਸੀ ਸਗੋਂ ਚੜ੍ਹਦੀ ਕਲਾ ਦਾ ਪ੍ਰਤੀਕ ਸੀ ਜਿਨ੍ਹਾਂ ਦਾ ਨਿਸ਼ਚਾ ਸੀ ਕਿ ਆਪ ਸੁਤੰਤਰਤਾ ਦੇ ਨਾਲ ਜੀਵੋ ਅਤੇ ਦੂਸਰਿਆਂ ਨੂੰ ਜਿਉਂਣ ਦਾ ਮੌਕਾ ਦੇਵੋ। ਆਪਣੇ ਅਸੂਲਾਂ ਨੂੰ ਜ਼ੋਰ-ਜਬਰ ਤੋਂ ਡਰ ਕੇ ਤਿਆਗਣ ਨਾਲੋਂ ਆਪਣੇ ਜੀਵਨ ਦਾ ਬਲੀਦਾਨ ਦੇਣਾ ਬਹੁਤ ਹੀ ਲਾਭਦਾਇਕ ਹੈ। ਗੁਰਸਿੱਖ ਇਸ ਹਾਲ ਵਿਚੋਂ ਲੰਘ ਰਹੇ ਸਨ ਪਰ ਕਈ ਮਸੰਦ, ਪੂਜਾ ਦਾ ਧਾਨ ਖਾ ਕੇ, ਸ਼ਰਧਾਹੀਨ ਹੋ ਚੁੱਕੇ ਸਨ ਪਰ ਇਹ ਨਹੀਂ ਜਾਣਦੇ ਸਨ ਕਿ ਦਸਵੇਂ ਗੁਰੂ ਵੀ, ਗੁਰੂ ਨਾਨਕ ਦੇਵ ਹੀ ਹਨ। ਉਸ ਵੇਲੇ ਇਨ੍ਹਾਂ ਸ਼ਰਧਾਹੀਣਾਂ ਦੇ ਨਿਸ਼ਚਿਆਂ ਵਿਚੋਂ ਬੇਪ੍ਰਤੀਤੀ ਨੂੰ ਕੱਢਣ ਲਈ ਕਈ ਕੌਤਕ ਹੁੰਦੇ ਰਹਿੰਦੇ ਸਨ ਜਿਵੇਂ ਕਿ ਭਾਈ ਦੁਲੱਚਾ ਮਸੰਦ ਬਹੁਤ ਵੱਡੇ ਕੱਦ ਵਾਲਾ ਅਤੇ ਵੱਡੀ ਪਗੜੀ ਵਾਲਾ, ਜੋ ਆਪਣੇ ਆਪ ਨੂੰ ਮੁਖੀਆਂ ਦੀ ਪਹਿਲੀ ਕਤਾਰ ਵਿਚ ਸਮਝਦਾ ਸੀ, ਨੂੰ ਸੁਮੱਤ ਦਿਤੀ। ਉਹ ਆਪਣੀਆਂ ਸੰਗਤਾਂ ਦਾ ਦਸਵੰਧ ਲੈ ਕੇ ਗੁਰੂ ਕੇ ਖਜ਼ਾਨੇ ਵਿਚ ਦਾਖਲ ਕਰਾਇਆ ਕਰਦਾ ਸੀ ਅਤੇ ਵਿਚੋਂ ਚੰਗੀਆਂ ਭੇਟਾਵਾਂ ਆਪ ਰੱਖ ਲਿਆ ਕਰਦਾ ਸੀ। ਉਸ ਦਾ ਨਿਸ਼ਚਾ ਬਹੁਤ ਹੱਦ ਤੱਕ ਗਿਰ ਚੁਕਿਆ ਸੀ। ਉਹ ਖੁਲ੍ਹੇ ਆਮ ਗੁਰਸਿੱਖਾਂ ਨੂੰ ਕਹਿ ਦਿੰਦਾ ਸੀ ਕਿ ਜੇ ਗੁਰੂ ਤੇਗ ਬਹਾਦਰ ਜੀ ਵਿਚ ਸ਼ਕਤੀ ਹੁੰਦੀ ਤਾਂ ਉਹ ਕਾਤਲਾਂ ਨੂੰ ਸ਼ਕਤੀਹੀਣ ਕਰ ਦਿੰਦੇ ਜਿਵੇਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਬਗਦਾਦ ਵਿਚ ਪੱਥਰ ਮਾਰਨ ਆਇਆਂ ਦੇ ਹੱਥ ਉਥੇ ਹੀ ਰੋਕ ਦਿਤੇ ਅਤੇ ਸਭਨਾਂ ਨੂੰ ਜੜ੍ਹ ਬਣਾ ਦਿਤਾ ਅਤੇ ਕਈ ਵਾਰੀ ਇਹ ਵੀ ਕਹਿ ਦਿੰਦਾ ਸੀ ਕਿ ਅਸੀਂ ਤਾਂ ਜਿਸਨੂੰ ਵੀ ਗੱਦੀ ਤੇ ਬਿਠਾ ਦੇਈਏ ਉਹੋ ਗੁਰੂ ਬਣ ਜਾਂਦਾ ਹੈ। ਗੁਰੂ ਦਸਮੇਸ਼ ਪਿਤਾ ਉਪਰ ਉਸਦੀ ਸ਼ਰਧਾ ਨਹੀਂ ਸੀ। ਉਸ ਨੇ ਭਾਈ ਰੂਪਾ ਜੀ ਵਲੋਂ ਭੇਜੀਆਂ ਹੋਈਆਂ ਭੇਟਾਵਾਂ ਚੋਰੀ ਕਰਕੇ ਬਾਕੀ ਦੀਆਂ ਗੁਰੂ ਮਹਾਰਾਜ ਦੇ ਚਰਨਾਂ ਵਿਚ ਭੇਟਾ ਕਰ ਦਿਤੀਆਂ ਅਤੇ ਇਨ੍ਹਾਂ ਭੇਟਾਵਾਂ ਵਿਚੋਂ 58 ਵਧੀਆ ਮੋਤੀ ਤੇ 26 ਮੋਹਰਾਂ ਘਰ ਹੀ ਰੱਖ ਆਇਆ ਸੀ, ਕੜਿਆਂ ਦੀ ਜੋੜੀ ਤੇ ਕੁਝ ਮੋਹਰਾਂ ਜੋ ਆਪਣੀ ਪਗੜੀ ਵਿਚ ਛੁਪਾ ਲਈਆਂ ਅਤੇ ਆਪਣੀ ਚਲਾਕੀ ਨੂੰ ਅੰਦਰ ਰਖਦਾ ਹੋਇਆ ਉਤੋਂ ਭੋਲਾ ਬਣ ਕੇ ਗੁਰੂ ਮਹਾਰਾਜ ਜੀ ਦੇ ਚਰਨਾਂ ਤੇ ਨਮਸ਼ਕਾਰ ਕਰ ਰਿਹਾ ਸੀ। ਮਹਾਰਾਜ ਜੀ ਨੇ ਉਸ ਦੇ ਇਸ ਕਪਟ ਨੂੰ ਦੇਖ ਕੇ ਫੁਰਮਾਨ ਕੀਤਾ, "ਦੁਲੱਚਿਆ! ਮੇਰੇ ਵਾਸਤੇ ਵੀ ਕੁਝ ਲਿਆਇਆ ਹੈਂ?" ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਅਸੀਂ ਤਾਂ ਬਿਨਾਂ ਦਮਾਂ ਤੋਂ ਤੁਹਾਡੇ ਚਾਕਰ ਹਾਂ ਜੋ ਸੰਗਤਾਂ ਸਾਨੂੰ ਦਿੰਦੀਆਂ ਹਨ ਉਹ ਤੁਹਾਡੀ ਭੇਟਾ ਵਿਚ ਲਿਆ ਰਖਦੇ ਹਾਂ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਤੂੰ ਚੰਗੀ ਤਰ੍ਹਾਂ ਯਾਦ ਕਰ ਲੈ, ਕਿਸੇ ਦੀ ਭੇਟਾ ਲਾਲਚ ਵਸ ਆ ਕੇ ਤੂੰ ਆਪਣੇ ਪਾਸ ਤਾਂ ਨਹੀਂ ਰੱਖੀ ਹੋਈ? ਇਹ ਬਚਨ ਸੁਣ ਕੇ ਅੰਦਰੋਂ ਕੁਝ ਕੰਬਿਆ ਅਤੇ ਥੋੜ੍ਹੀ ਦੇਰ ਲਈ ਸੋਚਿਆ ਕਿ ਇਹ ਗੁਰੂ ਕਿਤੇ ਸ਼ਕਤੀ ਵਾਲਾ ਨਾ ਹੋਵੇ ਅਤੇ ਫੇਰ ਬੇਪ੍ਰਤੀਤੀ ਨੇ ਇਸ ਦੇ ਮਨ ਨੂੰ ਕਾਬੂ ਕਰ ਲਿਆ। ਕਹਿਣ ਲੱਗਿਆ, "ਗੁਰੂ ਜੀ! ਤੁਸੀਂ ਬਾਲਕ ਹੋਂ, ਅਸੀਂ ਬਹੁਤ ਹੰਢੇ ਹੋਏ ਪਹਿਲੇ ਗੁਰੂਆਂ ਦੇ ਨਾਲ ਤੋਂ ਚਲੇ ਆ ਰਹੇ ਹਾਂ, ਗੁਰੂ ਘਰ ਦੇ ਸੇਵਕ ਹਾਂ। ਅਸੀਂ ਦਿਨ ਰਾਤ ਸੰਗਤਾਂ ਵਿਚ ਤੁਹਾਡੇ ਗੁਣ ਗਾ-ਗਾ ਕੇ ਸੁਣਾਉਂਦੇ ਹਾਂ ਤਾਂ ਕਿਤੇ ਉਨ੍ਹਾਂ ਨੂੰ ਨਿਸ਼ਚਾ ਆਉਂਦਾ ਹੈ। ਗੁਰੂ ਜੀ ਤੁਸੀਂ ਅਜੇ ਬਾਲਕ ਬੁੱਧੀ ਵਿਚ ਹੋ, ਤੁਹਾਨੂੰ ਇਸ ਗੱਲ ਦਾ ਖਿਆਲ ਕਰ ਲੈਣਾ ਚਾਹੀਦਾ ਹੈ ਕਿ ਮੇਰੇ ਵਰਗੇ ਅਨਿੰਨ ਸੇਵਕ ਉਪਰ ਸ਼ੱਕ ਨਹੀਂ ਕਰਨਾ

ਚਾਹੀਦਾ।" ਇਹ ਅੱਖਰ ਉਸ ਨੇ ਐਨੇ ਜ਼ੋਰ ਨਾਲ ਬੋਲੇ ਕਿ ਸਾਰੀ ਸੰਗਤ ਨੇ ਸੁਣ ਲਏ। ਗੁਰੂ ਮਹਾਰਾਜ ਜੀ ਮੁਸਕਰਾਏ ਅਤੇ ਕਿਹਾ ਕਿ ਦੁਲੱਚਿਆ! ਗੁਰੂ ਹਮੇਸ਼ਾ ਸਿੱਖ ਦੇ ਪੜਦੇ ਢੱਕਦਾ ਆਇਆ ਹੈ, ਉਸਦੀਆਂ ਕਮਜ਼ੋਰੀਆਂ ਨੂੰ ਉਦੋਂ ਤੱਕ ਛੁਪਾ ਕੇ ਰਖਦਾ ਹੈ ਜਦੋਂ ਤੱਕ ਕਿ ਅਵੱਸ਼ਕ ਨਾ ਹੋ ਜਾਵੇ ਕਿ ਇਸ ਸਿੱਖ ਦਾ ਭਲਾ ਇਸਦੀਆਂ ਕਮਜ਼ੋਰੀਆਂ ਪ੍ਰਗਟ ਕਰਨ ਵਿਚ ਹੀ ਹੈ। ਗੁਰੂ ਮਹਾਰਾਜ ਜੀ ਨੇ ਆਪਣੀ ਛਟੀ ਦੇ ਨਾਲ ਉਸ ਦੀ ਭਾਰੀ ਪੱਗ ਸਿਰ ਤੋਂ ਗਿਰਾ ਦਿਤੀ, ਉਸ ਪੱਗ ਦੇ ਪੇਚ ਖੁਲ੍ਹ ਗਏ ਅਤੇ ਉਨ੍ਹਾਂ ਵਿਚੋਂ ਜੜਾਊ ਕੰਗਣ ਅਤੇ ਕੁਝ ਮੋਹਰਾਂ ਛਣ-ਛਣ ਕਰਕੇ ਧਰਤੀ ਤੇ ਗਿਰ ਪਈਆਂ। ਸਾਰੀ ਸੰਗਤ ਹੈਰਾਨ ਹੋ ਗਈ ਅਤੇ ਆਪ ਦੀ ਆਤਮਕ ਸ਼ਕਤੀ ਤੋਂ ਪ੍ਰਭਾਵਿਤ ਹੋ ਕੇ ਨਿਸ਼ਚੇ ਦੇ ਘਰ ਵਿਚ ਆ ਗਈ। ਦੁਲੱਚੇ ਮਸੰਦ ਨੇ ਰੋ-ਰੋ ਕੇ ਹੰਝੂਆਂ ਦੇ ਰਾਹੀਂ ਆਪਣੇ ਅੰਤਸ਼ਕਰਣ ਦੀ ਮੈਲ ਧੋਤੀ ਅਤੇ ਗੁਰੂ ਮਹਾਰਾਜ ਜੀ ਤੋਂ ਭੁੱਲ ਬਖਸ਼ਾਉਣ ਲਈ ਤਰਲੇ ਲੈਂਦਾ ਰਿਹਾ। ਭਾਈ ਗੁਰਦਿਤਾ ਜੀ ਦੇ ਛੋਟੇ ਭਰਾ ਭਾਈ ਹਰਦਿੱਤਾ ਜੀ, ਜੋ ਬਾਬੇ ਬੁੱਢੇ ਕੀ ਅੰਸ ਵਿਚੋਂ ਹਨ, ਨੇ ਬੇਨਤੀ ਕਰਕੇ ਬਖਸ਼ਾ ਦਿਤਾ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਗੁਰਸਿੱਖੋ! ਸਿੱਖੀ ਵਿਚ ਕਈ ਭੇਦ ਹਨ। ਇਕ ਭੇਖ ਦੇ ਸਿੱਖ ਹਨ, ਇਕ ਦੇਖਾ-ਦੇਖੀ ਦੇ ਸਿੱਖ ਹਨ, ਇਕ ਹਿਰਸ ਦੇ ਸਿੱਖ ਹਨ, ਇਕ ਗੁਰਾਂ ਨੂੰ ਪਿਆਰ ਕਰਨ ਵਾਲੇ ਤੇ ਉਨ੍ਹਾਂ ਦੇ ਬਚਨਾਂ ਤੋਂ ਘੋਲ ਘੁਮਾਉਣ ਵਾਲੇ ਸਿਦਕੀ ਸਿੱਖ ਹਨ। ਇਕ ਉਹ ਸਿੱਖ ਹਨ ਜਿਨ੍ਹਾਂ ਦੇ ਮਨ ਵਿਚ ਗੁਰੂ ਤੇ ਪ੍ਰਮੇਸ਼ਰ ਲਈ ਕੋਈ ਫਰਕ ਨਹੀਂ ਹੁੰਦਾ ਅਤੇ ਗੁਰੂ ਨੂੰ ਪ੍ਰਮੇਸ਼ਰ ਦਾ ਸਰਗੁਣ ਸਰੂਪ ਜਾਣ ਕੇ ਪੂਜਦੇ ਹਨ ਜਿਵੇਂ ਕਿ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ॥*** ***ਅੰਗ - 442***

ਅਜਿਹੀਆਂ ਅਨੇਕਾਂ ਘਟਨਾਵਾਂ ਹੋਈਆਂ ਜਿਨ੍ਹਾਂ ਤੋਂ ਗੁਰਸਿੱਖਾਂ ਦਾ ਡੋਲਦਾ ਨਿਸ਼ਚਾ ਦਿਨੋ-ਦਿਨ ਗੁਰੂ ਮਹਾਰਾਜ ਦੀ ਕਿਸ਼ੋਰ ਅਵਸਥਾ ਦੇ ਸਮੇਂ ਤੋਂ ਹੀ ਦ੍ਰਿੜ੍ਹ ਹੁੰਦਾ ਚਲਿਆ ਗਿਆ ਕਿਉਂਕਿ ਗੁਰੂ ਅਤੇ ਸਿੱਖ ਦਾ ਨਿਸ਼ਚਾ ਪ੍ਰਤੀਤ ਉਪਰ ਨਿਰਭਰ ਹੈ-

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥***
***ਅੰਗ - 283***

ਇਕ ਵਾਰੀ ਗੁਰੂ ਅੰਗਦ ਪਾਤਸ਼ਾਹ ਜੀ ਨੇ ਭਾਈ ਬਾਲਾ ਜੀ ਨੂੰ ਪੁਛਿਆ ਕਿ ਭਾਈ ਬਾਲਾ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਜਿਥੇ ਤੱਕ ਵੀ ਸ੍ਰਿਸ਼ਟੀ ਹੈ ਉਸ ਵਿਚ ਵਿਚਰਦਿਆਂ ਉਨ੍ਹਾਂ ਦੇ ਅਨੇਕਾਂ ਕੌਤਕ ਦੇਖੇ, ਕਿਤੇ ਕੌੜਾ ਰੀਠਾ ਮਿਠਾ ਹੁੰਦਾ ਵੇਖਿਆ, ਕਿਤੇ ਵਲੀ ਕੰਧਾਰੀ ਵਲੋਂ ਸੁੱਟੇ ਪੱਥਰ ਨੂੰ ਮੋਮ ਵਰਗਾ ਤੇ ਰੂੰ ਵਰਗਾ ਹਲਕਾ ਹੋਇਆ ਤੱਕਿਆ, ਕਿਤੇ ਕੌਡੇ ਰਾਕਸ਼ ਵਰਗਿਆਂ ਨੂੰ ਦੇਵਤਾ ਬਣਦਾ ਤੱਕਿਆ, ਕਿਤੇ ਸੱਜਣ ਠੱਗ ਵਰਗਿਆਂ ਨੂੰ ਭਾਈ ਸੱਜਣ ਹੁੰਦਾ ਵੇਖਿਆ ਅਤੇ ਅਨੇਕਾਂ ਗੋਸ਼ਟਾਂ ਪੁਜੇ ਹੋਏ ਪੀਰਾਂ, ਫਕੀਰਾਂ ਨਾਲ ਹੁੰਦੀਆਂ ਸੁਣੀਆਂ; ਤੁਸੀਂ ਇਹ ਤਾਂ ਦੱਸੋ ਕਿ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਤੁਸੀਂ ਕੀ ਸਮਝਦੇ ਰਹੇ ਹੋ? ਭਾਈ ਬਾਲਾ ਜੀ ਨੇ ਦੋਨੋਂ ਹੱਥ ਜੋੜ ਕੇ ਸੀਸ ਨਿਵਾਇਆ ਅਤੇ ਬੇਨਤੀ ਕੀਤੀ, "ਪਾਤਸ਼ਾਹ! ਉਹ ਤਾਂ ਪੂਰਨ ਸੰਤ ਸਨ।" ਮਹਾਰਾਜ ਜੀ ਨੇ ਕਿਹਾ ਕਿ ਭਾਈ ਤੂੰ ਸੰਤ ਹੋਇਆ। ਜਿਹੋ ਜਿਹਾ ਕੋਈ ਗੁਰੂ ਉਪਰ ਨਿਸ਼ਚਾ ਕਰਦਾ ਹੈ ਉਹੋ ਜਿਹਾ ਹੀ ਹੋ ਜਾਂਦਾ ਹੈ ਕਿਉਂਕਿ ਗੁਰੂ ਸਮਰੱਥ ਤੇ ਸਰਬੱਗ ਹੁੰਦਾ ਹੈ। ਬਾਬਾ ਬੁੱਢਾ ਜੀ ਵਲ ਨਿਗ੍ਹਾ ਕਰਕੇ ਦੇਖਿਆ ਤੇ ਆਪ ਨੇ ਕਿਹਾ ਕਿ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਬਹੁਤ ਸਮਾਂ ਨੇੜੇ ਰਹਿ ਕੇ, ਮੇਰੇ ਆਉਣ ਤੋਂ ਵੀ ਬਹੁਤ ਪਹਿਲਾਂ ਤੋਂ ਤੁਸੀਂ ਪਾਤਸ਼ਾਹ ਜੀ ਦੇ ਪਿਆਰ ਦਾ ਅਨੰਦ ਮਾਣਦੇ ਰਹੇ ਹੋਂ। ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਬਾਬਾ ਜੀ ਨੇ ਫੁਰਮਾਇਆ ਕਿ ਪਾਤਸ਼ਾਹ! ਉਹ ਤਾਂ ਪੂਰਨ ਬ੍ਰਹਮਗਿਆਨੀ ਸਨ। ਮਹਾਰਾਜ ਜੀ ਨੇ ਕਿਹਾ ਕਿ ਭਾਈ! ਤੂੰ ਬ੍ਰਹਮਗਿਆਨੀ ਹੋਇਆ। ਹੋਰ ਗੁਰਸਿੱਖਾਂ ਨੂੰ ਵੀ ਪੁਛਿਆ, ਅਨੇਕ ਕਿਸਮ ਦੇ ਉਤਰ ਮਿਲੇ। ਅੰਤ ਵਿਚ ਸਾਰਿਆਂ ਨੇ ਗੁਰੂ ਅੰਗਦ ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਆਪ ਕੁਝ ਮਿੰਟਾਂ ਲਈ ਖਾਮੋਸ਼ ਹੋ ਗਏ, ਨੈਣ ਬੰਦ ਕਰ ਲਏ, ਚਿਹਰੇ ਦੀ ਰੰਗਤ ਬਦਲ ਗਈ, ਸੁਆਸ ਬਹੁਤ ਧੀਮਾ ਹੋ ਗਿਆ, ਜਦੋਂ ਆਪ ਜੀ ਨੇ ਨੇਤਰ ਖੋਲ੍ਹੇ, ਨੇਤਰਾਂ ਵਿਚੋਂ ਦੋ ਹੰਝੂ ਤਿਲ੍ਹਕ ਕੇ ਨੂਰਾਨੀ ਦਾਹੜੇ ਵਲ ਨੂੰ ਆ ਰਹੇ ਸਨ। ਆਪ ਜੀ ਨੇ ਫੁਰਮਾਨ ਕੀਤਾ ਕਿ ਪਿਆਰਿਓ! ਗੁਰੂ ਨਾਨਕ ਪਾਤਸ਼ਾਹ ਜੀ ਤਾਂ ਆਪ ਹੀ ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ ਪ੍ਰਮੇਸ਼ਰ ਸਨ। ਉਨ੍ਹਾਂ ਵਿਚ ਤੇ ਅਕਾਲ ਪੁਰਖ ਵਿਚ ਕੋਈ ਭੇਦ ਨਹੀਂ ਸੀ। ਅਸੀਂ ਤਾਂ ਉਨ੍ਹਾਂ ਨੂੰ ਮਾਲਕ-ਏ-ਕੁੱਲ ਕਰਕੇ ਜਾਤਾ। ਉਹ ਸਾਰੀ ਸ੍ਰਿਸ਼ਟੀ ਦੇ ਕਰਤਾ ਧਰਤਾ ਸਨ।

***ਆਪਿ ਨਰਾਇਣੁ ਕਲਾ ਧਾਰਿ***
***ਜਗ ਮਹਿ ਪਰਵਰਿਯਉ॥*** ***ਅੰਗ - 1395***

ਐਡੇ ਉਚੇ ਨਿਸ਼ਚੇ ਦੀ ਗੱਲ ਸੁਣ ਕੇ ਸਾਰੀ ਸੰਗਤ ਦੇ ਸੀਸ ਪਿਆਰ ਨਾਲ ਝੁਕ ਗਏ। ਉਸ ਸਮੇਂ ਮਹਾਰਾਜ ਜੀ ਨੇ ਫੁਰਮਾਇਆ ਕਿ ਪਿਆਰਿਓ! ਆਪਣੀਆਂ ਭਾਵਨਾਵਾਂ ਦੇ ਮੁਤਾਬਿਕ ਗੁਰੂ ਉਪਰ ਨਿਸ਼ਚਿਆਂ ਨੂੰ ਚਾਰ ਅਵਸਥਾਵਾਂ ਵਿਚ ਵੰਡਿਆ ਜਾ ਸਕਦਾ ਹੈ।

1. ਮੇਰਾ ਗੁਰੂ ਪੂਰਨ ਸੰਤ ਹੈ।

2. ਮੇਰਾ ਗੁਰੂ ਸਾਰਿਆਂ ਸੰਤਾਂ ਤੋਂ ਸ੍ਰੇਸ਼ਟ ਅਤੇ ਸਭ ਤੋਂ ਵੱਡਾ ਸੰਤ ਹੈ।

3. ਮੇਰਾ ਗੁਰੂ ਪ੍ਰਮੇਸ਼ਰ ਵਰਗਾ ਹੀ ਹੈ। ਉਸ ਵਿਚ ਅਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਹੈ। ਅਜਿਹੇ ਨਿਸ਼ਚੇ ਵਾਲੇ ਗੁਰੂ ਨੂੰ ਪ੍ਰਮੇਸ਼ਰ ਕਰਕੇ ਮੰਨਦੇ ਹਨ।

4. ਮੇਰਾ ਗੁਰੂ ਤਾਂ ਸਾਖਸ਼ਾਤ ਪਾਰਬ੍ਰਹਮ ਸੰਸਾਰ ਦੇ ਜੀਵਾਂ ਦੀ ਕਲਿਆਣ ਕਰਨ ਵਾਸਤੇ ਸਰੀਰਧਾਰੀ ਹੋਇਆ ਹੈ, ਇਹ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ। ਇਹ ਸਾਰਾ ਸ੍ਰਿਸ਼ਟੀ ਦਾ ਖੇਲ੍ਹ

ਇਸਦੇ ਹੁਕਮ ਵਿਚ ਹੀ ਹੋ ਰਿਹਾ ਹੈ। ਇਹ ਸੁਣ ਕੇ ਸਾਰਿਆਂ ਨੇ ਗੁਰੂ ਮਹਾਰਾਜ ਨੂੰ ਸੀਸ ਨਿਵਾਇਆ ਤੇ ਕਿਹਾ, ਸੱਚੇ ਪਾਤਸ਼ਾਹ! ਆਪ ਦਾ ਐਡਾ ਨਿਸ਼ਚਾ ਹੀ ਹੈ ਕਿ ਅਸੀਂ ਸਾਰੇ ਆਪ ਤੋਂ ਪਹਿਲਾਂ ਗੁਰੂ ਚਰਨਾਂ ਵਿਚ ਆਏ ਹੋਏ ਸਾਂ ਪਰ ਆਪ ਦੇ ਅਤਿ ਉਚੇ ਨਿਸ਼ਚੇ ਨੇ ਆਪ ਨੂੰ ਪਾਰਬ੍ਰਹਮ ਪ੍ਰਮੇਸ਼ਰ ਬਣਾ ਦਿਤਾ ਹੈ।

ਸੋ ਇਸ ਤਰ੍ਹਾਂ ਗੁਰੂ ਤੇ ਸਿੱਖ ਦਾ ਸਬੰਧ ਪੂਰਨ ਸ਼ਰਧਾ ਕਰਕੇ ਹੀ ਹੁੰਦਾ ਹੈ। ਸਿੱਖਾਂ ਦੇ ਡੋਲਦੇ ਨਿਸ਼ਚਿਆਂ ਨੂੰ ਮੁੜ ਕੇ ਸਥਿਰ ਕਰਨ ਵਾਸਤੇ ਗੁਰੂ ਅਗੰਮ ਦੀ ਕ੍ਰਿਆ ਕਰਕੇ ਨਿਸ਼ਚੇ ਬੰਨ੍ਹਵਾ ਦਿੰਦੇ ਹਨ।

ਇਕ ਵਾਰੀ ਦੀ ਗੱਲ ਹੈ ਕਿ ਗੁਰੂ ਦਸ਼ਮੇਸ਼ ਪਿਤਾ ਗੱਦੀ ਤੇ ਸ਼ਸ਼ੋਭਤ ਹੋ ਕੇ ਸੰਗਤਾਂ ਨੂੰ ਆਪਣੇ ਅਤਿ ਸੁੰਦਰ ਦਰਸ਼ਨ ਦੇ ਰਹੇ ਸਨ। ਆਪ ਦੇ ਖਿੱਚਾਂ ਭਰੇ ਨੈਣਾਂ ਦੀ ਮਸਤੀ ਨੂੰ ਕੋਈ ਤੱਕ ਨਹੀਂ ਸੀ ਸਕਦਾ। ਜਿਨ੍ਹਾਂ ਨੇ ਇਕ ਵਾਰੀ ਤੱਕ ਲਿਆ ਉਹਦੇ ਅੰਦਰ ਇਹ ਸਰੂਪ ਪ੍ਰਵੇਸ਼ ਕਰ ਜਾਇਆ ਕਰਦਾ ਸੀ। ਉਹ ਬਿਨਾਂ ਤਪ ਸਾਧਣ ਦੇ ਹੀ ਧਿਆਨ ਮੰਡਲ ਵਿਚ ਪ੍ਰਵੇਸ਼ ਕਰ ਜਾਇਆ ਕਰਦਾ ਸੀ। ਜਿਵੇਂ ਚਕੋਰ ਇਕ ਟੱਕ ਲਾ ਕੇ ਚੰਦਰਮਾ ਨੂੰ ਦੇਖਦਾ ਹੈ ਤੇ ਚੱਕਵੀ ਸੂਰਜ ਵੱਲ ਵੇਖਦੀ ਹੈ ਇਵੇਂ ਗੁਰਸਿੱਖ ਇਕ ਟੱਕ ਗੁਰੂ ਪਿਆਰ, ਗੁਰੂ ਦੇ ਦੀਦਾਰੇ ਆਪਣੇ ਹਿਰਦੇ ਵਿਚ ਵਸਾ ਰਹੇ ਸਨ। ਉਸ ਸਮੇਂ ਇਕ ਕਲੰਦਰ ਰਿੱਛ ਲੈ ਕੇ ਤਮਾਸ਼ਾ ਦਿਖਾਉਣ ਦਾ ਫੁਰਨਾ ਕਰਕੇ ਗੁਰੂ ਮਹਾਰਾਜ ਦੇ ਦਰਬਾਰ ਦੇ ਨੇੜੇ ਆ ਕੇ ਖੜ੍ਹਾ ਹੋ ਗਿਆ। ਉਸ ਕਲੰਦਰ ਨੇ ਬੇਨਤੀ ਕੀਤੀ ਕਿ ਮਹਾਰਾਜ! ਜੇ ਹੁਕਮ ਹੋਵੇ ਤਾਂ ਮੈਂ ਇਸ ਰਿੱਛ ਦੇ ਕੌਤਕ ਵਿਖਾਵਾਂ। ਭਾਵੇਂ ਗੁਰਮਤਿ ਵਿਚ ਕੌਤਕ, ਕੋਡ-ਤਮਾਸਿਆਂ ਨੂੰ ਨਰਕ ਬਰਾਬਰ ਦਸਿਆ ਹੋਇਆ ਹੈ -

***ਕਉਤਕ ਕੋਡ ਤਮਾਸਿਆ***
***ਚਿਤਿ ਨ ਆਵਸੁ ਨਾਉ॥***
***ਨਾਨਕ ਕੋੜੀ ਨਰਕ ਬਰਾਬਰੇ***
***ਉਜੜੁ ਸੋਈ ਥਾਉ॥*** ***ਅੰਗ - 707***

ਇਹ ਕਿਉਂ ਲਿਖਿਆ ਹੈ ਇਸ ਉਪਰ ਵਿਚਾਰ ਕਰਨ ਦੀ ਲੋੜ ਹੈ। ਸਾਰਾ ਸੰਸਾਰ ਤਮਾਸ਼ੇ ਦੇਖਦਾ ਹੈ, ਟੀ.ਵੀ ਤੇ ਨਾਟਕ ਦੇਖਦਾ ਹੈ, ਤਕਦਾ-ਤਕਦਾ ਐਨਾ ਮਸਤ ਹੋ ਜਾਂਦਾ ਹੈ ਕਿ ਉਸ ਦੇ ਅੰਦਰ ਮਨੋਕਲਪਤ ਘਟਨਾਵਾਂ ਮੂਰਤੀਮਾਨ ਹੋ ਜਾਂਦੀਆਂ ਹਨ ਅਤੇ ਅਧੂਰੀ ਸਿਖਿਆ ਦੁਖ ਦਾ ਕਾਰਨ ਬਣਦੀ ਸੁਖ ਖੋਹ ਲੈਂਦੀ ਹੈ। ਇਹ ਕਿਉਂ ਹੈ? ਗੁਰਸਿੱਖਾਂ ਦੇ ਅੰਦਰ ਨਾਮ ਜਪਣ ਦੇ ਬਲ ਨਾਲ ਕੁੰਡਲਨੀ ਸਿਰਝ ਜਾਇਆ ਕਰਦੀ ਹੈ ਅਤੇ ਇਕ ਅਤਿ ਮਿੱਠੀ ਜੋਤ ਸਦਾ ਹੀ ਜਗਦੀ ਰਹਿੰਦੀ ਹੈ ਜਿਵੇਂ ਬਿਨਾਂ ਤੇਲ ਬੱਤੀ ਦੇ ਕੋਈ ਦੀਵਾ ਜਲਦਾ ਹੋਵੇ, ਉਸਦੀ ਠੰਢੀ ਰੌਸ਼ਨੀ ਅੰਗ-ਅੰਗ ਵਿਚ ਖੇੜਾ ਪੈਦਾ ਕਰਦੀ ਹੈ ਅਤੇ ਹਿਰਦੇ ਕਮਲ ਰੂਪੀ ਫੁੱਲ ਨੂੰ ਸਿੱਧਾ ਕਰ ਦਿੰਦੀ ਹੈ ਜਿਸ ਵਿਚ ਹਰ ਸਮੇਂ ਅੰਮ੍ਰਿਤ ਝਰਦਾ ਰਹਿੰਦਾ ਹੈ ਜੋ ਦੁਖਾਂ ਚਿੰਤਾਵਾਂ, ਢਹਿੰਦੀਆਂ ਕਲਾਂ ਅਤੇ ਸਰੀਰਕ ਦੁੱਖਾਂ ਰੋਗਾਂ ਨੂੰ ਨੇੜੇ ਨਹੀਂ ਆਉਣ ਦਿੰਦੀ ਅਤੇ ਇਕ ਵਿਗਾਸ (ਖੇੜੇ) ਦਾ ਮੰਡਲ ਬਣਿਆ ਰਹਿੰਦਾ ਹੈ ਜਿਵੇਂ ਕਿ -

***ਨਾਨਕ ਭਗਤਾ ਸਦਾ ਵਿਗਾਸੁ॥***
***ਸੁਣਿਐ ਦੂਖ ਪਾਪ ਕਾ ਨਾਸੁ॥*** ***ਅੰਗ - 3***

ਜਿਹੜਾ ਵੀ ਕੋਈ ਦ੍ਰਿਸ਼, ਕੋਈ ਲੈਕਚਰ, ਕੋਈ ਕਥਾ ਇਸ ਦੇ ਅੰਦਰ ਲਟ-ਲਟ ਬਲਦੀ ਜੋਤ ਨੂੰ ਮੱਧਮ ਕਰਦੀ ਹੈ, ਉਹ ਉਸਦਾ ਪਤਨ ਦਾ ਕਾਰਨ ਹੋਇਆ ਕਰਦਾ ਹੈ ਅਤੇ ਸੁਰਤੀ ਮਹਾਨ ਰਸਾਂ ਵਿਚੋਂ ਤਿਲ੍ਹਕਦੀ-ਤਿਲ੍ਹਕਦੀ ਕੁ-ਰਸਾਂ ਵਿਚ ਚਲੀ ਜਾਇਆ ਕਰਦੀ ਹੈ। ਇਹ ਕੁ-ਰਸ ਆਤਮ ਜੋਤ ਦੁਆਲੇ ਵਲਗਣਾਂ ਖੜ੍ਹੀਆਂ ਕਰਦੇ ਹਨ ਅਤੇ ਮਹਾਨ ਖੇੜਿਆਂ ਵਿਚੋਂ ਸੁਰਤ ਨੂੰ ਨਿਖੇੜ ਕੇ ਦੁਖਾਂ ਦੇ ਵਿਚ ਪ੍ਰਵੇਸ਼ ਕਰਾ ਦਿਆ ਕਰਦੇ ਹਨ। ਇਸ ਕਰਕੇ ਮਹਾਂਪੁਰਸ਼, ਗੁਰਸਿੱਖ, ਸਾਧਕ ਜਗਿਆਸੂ ਇਸ ਲਟ-ਲਟ ਬਲਦੀ ਜੋਤ ਅਤੇ ਮਹਾਨ ਮਿੱਠੀ ਸ਼ਬਦ ਧੁਨ ਤੋਂ ਕਿਸੇ ਕੀਮਤ ਵਿਚ ਵੀ ਦੂਰ ਨਹੀਂ ਜਾਇਆ ਕਰਦਾ। ਇਸ ਕਰਕੇ ਇਨ੍ਹਾਂ ਕੌਤਕ, ਤਮਾਸ਼ਿਆਂ ਨੂੰ ਨਰਕ ਦੀ ਬਰਾਬਰੀ ਦਿਤੀ ਗਈ ਹੈ।

ਕਬੀਰ ਸਾਹਿਬ ਜੀ ਇਕ ਵਾਰੀ ਕਾਸ਼ੀ ਵਿਚ ਲੱਗਿਆ ਮੇਲਾ ਦੇਖਣ ਚਲੇ ਗਏ। ਜਦੋਂ ਵਾਪਸ ਆਏ ਤਾਂ ਉਨ੍ਹਾਂ ਨੂੰ ਬਹੁਤ ਸਾਰੇ ਸ਼ਰਧਾਲੂਆਂ ਨੇ ਪੁਛਿਆ ਕਿ ਮੇਲੇ ਵਿਚ ਕੀ ਦੇਖਿਆ ਸੀ। ਤਾਂ ਆਪ ਨੇ ਫੁਰਮਾਇਆ ਕਿ ਮੈਂ ਤਾਂ ਮੇਲੇ ਵਿਚ ਕੁਝ ਵੀ ਨਹੀਂ ਦੇਖਿਆ, ਇਕ ਉਜਾੜ ਵਿਚ ਘੁੰਮ ਕੇ ਆਇਆ ਹਾਂ, ਉਜਾੜਾਂ ਵਿਚ ਕੰਡੇਦਾਰ ਝਾੜੀਆਂ ਤੇ ਉਗੜੀ-ਦੁਗੜੀ ਧਰਤੀ ਹੋਇਆ ਕਰਦੀ ਹੈ, ਜਿਸਨੂੰ ਤੁਸੀਂ ਮੇਲਾ ਆਖਦੇ ਹੋ। ਇਸ ਵਿਚ ਵੀ ਅਨੇਕਾਂ ਪ੍ਰੇਮੀਆਂ ਵਿਚੋਂ ਈਰਖਾ ਦੀਆਂ ਲਾਟਾਂ, ਤ੍ਰਿਸ਼ਨਾ ਦੇ ਭਾਂਬੜ ਅਤੇ ਕੁਕਰਮਾਂ ਦੀਆਂ ਸੋਚਾਂ ਰੂਪੀ ਮੈਲੇ-ਕੁਚੈਲੇ ਖਿਆਲ ਨਿਕਲਦੇ ਰਹਿੰਦੇ ਹਨ। ਇਸ ਲਈ ਮੈਂ ਤਾਂ ਇਕ ਅਜਿਹਾ ਉਜਾੜ ਦੇਖ ਕੇ ਆਇਆ ਹਾਂ ਜਿਥੇ ਕੁ-ਰਸ ਹੀ ਕੁ-ਰਸ ਹਨ। ਜਦੋਂ ਪੁਛਿਆ ਗਿਆ ਕਿ ਫੇਰ ਆਪ ਜਾਣਦੇ ਹੋਏ ਵੀ ਕਿਉਂ ਮੇਲੇ ਵਿਚ ਗਏ? ਤਾਂ ਆਪ ਜੀ ਨੇ ਕਿਹਾ ਕਿ ਮੈਂ ਤਾਂ ਇਸ ਆਸ਼ੇ ਨੂੰ ਮੁਖ ਰੱਖ ਕੇ ਗਿਆ ਸੀ ਕਿ ਕੋਈ ਰੱਬ ਦਾ ਪਿਆਰਾ ਮਿਲ ਜਾਵੇਗਾ, ਉਸ ਦੇ ਦਰਸ਼ਨ ਹੋਣ ਨਾਲ ਮੈਂ ਵੀ ਬਖਸ਼ਿਆ ਜਾਵਾਂਗਾ ਅਤੇ ਆਪ ਜੀ ਨੇ ਫੁਰਮਾਨ ਕੀਤਾ -

***ਕਬੀਰ ਜਹ ਜਹ ਹਉ ਫਿਰਿਓ***
***ਕਉਤਕ ਠਾਓ ਠਾਇ॥***
***ਇਕ ਰਾਮ ਸਨੇਹੀ ਬਾਹਰਾ***
***ਊਜਰੁ ਮੇਰੈ ਭਾਂਇ॥*** ***ਅੰਗ - 1365***

ਸੋ ਇਸ ਤਰ੍ਹਾਂ ਭਾਵੇਂ ਗੁਰੂ ਹਾਜ਼ਰੀ ਵਿਚ ਰਿੱਛ ਦਾ ਤਮਾਸ਼ਾ ਬਿਰਤੀਆਂ ਨੂੰ ਉਖੇੜਨ ਵਾਲਾ ਹੀ ਸਾਬਤ ਹੁੰਦਾ ਹੈ ਪਰ ਗੁਰੂ ਮਹਾਰਾਜ ਜੀ ਦੇ ਦਿਬ ਨੈਣਾਂ ਨੇ ਰਿੱਛ ਦੇ ਅੰਦਰ ਫਸੀ ਇਕ ਸਿੱਖ ਰੂਹ ਨੂੰ ਤੱਕਿਆ ਜੋ ਕਿਸੇ ਗੁਰਸਿੱਖ ਦੇ ਸਰਾਪ ਦੇ ਕਾਰਨ ਰਿੱਛ ਜੂਨੀ ਵਿਚ ਦੁਖ ਪਾ ਰਹੀ ਸੀ। ਕਲੰਦਰ ਨੂੰ ਹੁਕਮ ਹੋ ਗਿਆ ਕਿ ਤਮਾਸ਼ਾ ਵਿਖਾ। ਉਸ ਕਲੰਦਰ ਨੇ ਚਮੜੇ ਦੇ ਕਪੜੇ ਪਹਿਨੇ ਹੋਏ ਸਨ, ਰਿੱਛ ਦੇ ਮੂੰਹ ਉਪਰ ਕੱਸ ਕੇ ਮੂਹਰੀ ਪਾਈ

ਹੋਈ ਸੀ। ਤਮਾਸ਼ਾ ਸ਼ੁਰੂ ਹੋ ਗਿਆ, ਕਦੇ ਕਲੰਦਰ ਘੋਲ ਵਿਚ ਹੇਠਾਂ ਗਿਰ ਜਾਂਦਾ ਹੈ, ਅਤੇ ਕਦੇ ਰਿੱਛ ਕਲੰਦਰ ਦੇ ਹੇਠਾਂ ਆ ਜਾਂਦਾ ਸੀ। ਰਿੱਛ ਬਹੁਤ ਤਕੜਾ ਸੀ, ਕਲੰਦਰ ਵੀ ਬਹੁਤ ਹੁਸ਼ਿਆਰ ਸੀ। ਸੰਗਤਾਂ ਖਿੜ-ਖਿੜਾ ਕੇ ਹੱਸ ਰਹੀਆਂ ਸਨ। ਗੁਰੂ ਮਹਾਰਾਜ ਜੀ ਦਾ ਚੌਰ ਬਰਦਾਰ ਭਾਈ ਕੀਰਤੀਆ ਵੀ ਇਸ ਹਾਸੇ ਵਿਚ ਸੰਮਿਲਤ ਹੋ ਕੇ ਸਭ ਨਾਲੋਂ ਵੱਧ ਉਚੀ-ਉਚੀ ਹੱਸ ਰਿਹਾ ਸੀ। ਗੁਰੂ ਮਹਾਰਾਜ ਜੀ ਅਜੇ ਕਿਸ਼ੋਰ ਅਵਸਥਾ ਵਿਚ ਹੀ ਸਨ ਜੋ 10 ਤੋਂ 15 ਸਾਲ ਤੱਕ ਦੀ ਹੋਇਆ ਕਰਦੀ ਹੈ। ਉਹ ਭਾਈ ਕੀਰਤੀਏ ਵਲ ਨੂੰ ਪਿਛੇ ਮੁੜ ਕੇ ਕਹਿਣ ਲੱਗੇ, "ਕੀਰਤੀਆ! ਤੂੰ ਨਾ ਹੱਸ, ਸੰਗਤ ਨੂੰ ਹੱਸ ਲੈਣ ਦੇ।" ਕਈਆਂ ਦੇ ਮਨਾਂ ਵਿਚ ਸੰਸਾ ਪੈਦਾ ਹੋ ਗਿਆ ਕਿ ਗੁਰੂ ਛੇਵੇਂ ਪਾਤਸ਼ਾਹ ਦੇ ਕੌਤਕ ਦੇਖ ਕੇ ਗੁਰਸਿੱਖ ਇਸ ਪਰਿਵਰਤਨ ਨੂੰ ਸਹਿਨ ਨਹੀਂ ਕਰ ਸਕੇ ਸਨ ਅਤੇ ਪਹਿਲਵਾਨਾਂ ਦੇ ਘੋਲ, ਸ਼ੇਰਾਂ ਦੇ ਸ਼ਿਕਾਰ, ਬਾਜਾਂ ਦਾ ਰੱਖਣਾ ਪਸੰਦ ਨਾ ਕਰਕੇ adjust ਨਹੀਂ ਹੋ ਸਕੇ ਸਨ। ਇਵੇਂ ਹੀ ਕੁਝ ਸਮੇਂ ਲਈ ਮਸੰਦਾਂ ਦੇ ਮਨ ਵਿਚ ਅਜਿਹੀਆਂ ਹੀ ਗੱਲਾਂ ਪੈਦਾ ਹੋਈਆਂ ਜੋ ਸ਼ੰਕਿਆਂ ਵਿਚ ਗ੍ਰਸਤ ਕਰ ਰਹੀਆਂ ਸਨ ਕਿਉਂਕਿ ਪੂਜਾ ਦੇ ਧਾਨ ਵਿਚ ਇਕ ਜ਼ਬਰਦਸਤ ਨੁਕਸ ਹੈ ਕਿ ਜੋ ਇਸਨੂੰ ਖਾਂਦਾ ਹੈ ਉਹਦੇ ਨਾਲ ਤਿੰਨ ਗੱਲਾਂ ਵਾਪਰ ਜਾਂਦੀਆਂ ਹਨ -

*ਧਰਮਸਾਲਾ ਦੀਆਂ ਰੋਟੀਆਂ*
*ਤਿੰਨ ਕੰਮ ਕਰੇਨ,*
*ਮਤ ਮਾਰਨ, ਹੱਡ ਗਾਲਣ,*
*ਭਜਨ ਕਰਨ ਨ ਦੇਣ।*

ਪਰ ਫੇਰ ਵੀ ਭਾਈ ਕੀਰਤੀਏ ਨਾਲ ਹੋਈ ਗੱਲਬਾਤ ਧਿਆਨ ਨਾਲ ਸੁਣ ਰਹੇ ਸਨ ਅਤੇ ਸਮਝਦੇ ਸਨ ਕਿ ਗੁਰੂ ਜੀ ਨਿਰਾ ਤਮਾਸ਼ਾ ਹੀ ਨਹੀਂ ਦਿਖਾ ਰਹੇ, ਜ਼ਰੂਰ ਇਹਦੇ ਵਿਚ ਕੋਈ ਸਿਖਿਆ ਅਸਾਡੇ ਲਈ ਦੇਣਗੇ। ਜਦੋਂ ਭਾਈ ਕੀਰਤੀਏ ਨੇ ਗੁਰੂ ਮਹਾਰਾਜ ਜੀ ਨੂੰ ਪੁਛਿਆ ਕਿ ਮਹਾਰਾਜ! ਸਾਰੀ ਸੰਗਤ ਹੱਸ ਰਹੀ ਹੈ ਤੇ ਮੈਂ ਕਿਉਂ ਨਾ ਹੱਸਾਂ? ਗੁਰੂ ਮਹਾਰਾਜ ਜੀ ਨੇ ਸਹਿਜ ਨਾਲ ਹੀ ਕਿਹਾ ਕਿ ਕੀਰਤੀਆ! ਇਹ ਤੇਰਾ ਪਿਤਾ ਸੋਭਾ ਰਾਮ (ਗੁਰਦਾਸ) ਹੈ। ਉਸਨੂੰ ਇਹ ਗੱਲ ਗੁਰੂ ਮਹਾਰਾਜ ਦੀ ਬਿਲਕੁਲ ਨਾ ਭਾਈ। ਉਸਨੇ ਬੇਨਤੀ ਕੀਤੀ ਕਿ ਮਹਾਰਾਜ! ਮੇਰਾ ਪਿਤਾ ਗੁਰੂ ਸੱਤਵੇਂ, ਅੱਠਵੇਂ, ਨੌਂਵੇਂ ਪਾਤਸ਼ਾਹ ਦੀ ਸੇਵਾ ਵਿਚ ਚੌਰ ਬਰਦਾਰ ਹੋ ਕੇ ਸੇਵਾ ਕਰਦਾ ਰਿਹਾ ਸੀ, ਉਹ ਹਮੇਸ਼ਾ ਗੁਰੂ ਅੱਗੇ ਸੰਗਤਾਂ ਵਿਚ ਅਰਦਾਸ ਕਰਿਆ ਕਰਦਾ ਸੀ ਅਤੇ ਪ੍ਰਸ਼ਾਦ ਵੰਡਿਆ ਕਰਦਾ ਸੀ। ਮੇਰੇ ਯਾਦ ਹੈ ਕਿ ਉਹ ਘਰ ਦਾ ਕੋਈ ਕੰਮ ਨਹੀਂ ਸੀ ਕਰਦਾ, ਸਦਾ ਹੀ ਗੁਰੂ ਸੇਵਾ ਵਿਚ ਤਤਪਰ ਰਹਿੰਦਾ ਸੀ। ਐਨੀ ਸੇਵਾ ਕਰਨ ਦੇ ਬਾਵਜੂਦ ਭੀ ਉਸਦੀ ਸੇਵਾ ਥਾਂ ਨਾ ਪਈ ਅਤੇ ਉਸਨੂੰ ਇਸ ਤਮੋਗੁਣ ਜੂਨੀ ਵਿਚ ਪ੍ਰਵੇਸ਼ ਕਰਕੇ ਰਿੱਛ ਦੀ ਜੂਨੀ ਭੋਗਣੀ ਪਈ। ਜੇ ਤੁਹਾਡੀਆਂ ਸੇਵਾਵਾਂ ਕਰਨ ਦਾ ਇਹੋ ਫਲ ਹੈ ਤਾਂ ਮੈਂ ਤਾਂ ਬਾਂਦਰ ਜ਼ਰੂਰ ਬਣਾਂਗਾ। ਮੇਰਾ ਪਿਤਾ ਰਿੱਛ ਬਣਿਆਂ, ਮੈਂ ਬਾਂਦਰ ਬਣ ਜਾਵਾਂਗਾ। ਇਹ ਗੱਲ ਸਾਰੇ ਸਰੋਤਿਆਂ ਦਾ ਧਿਆਨ ਕੇਂਦਰਤ ਕਰਕੇ, ਗੁਰੂ ਮਹਾਰਾਜ ਦੇ ਬਚਨਾਂ ਵਲ ਆ ਗਈ। ਆਪ ਨੇ ਸਹਿਜੇ ਹੀ ਫੁਰਮਾਨ ਕੀਤਾ ਕਿ ਭਾਈ ਕੀਰਤੀਆ! ਸੇਵਾ, ਜੇ ਵਿਧੀ ਪੂਰਬਕ ਕੀਤੀ ਜਾਵੇ ਤਾਂ ਥਾਂ ਪਿਆ ਕਰਦੀ ਹੈ -

*ਸਾ ਸੇਵਾ ਕੀਤੀ ਸਫਲ ਹੈ*
*ਜਿਤੁ ਸਤਿਗੁਰ ਕਾ ਮਨੁ ਮੰਨੇ॥*
*ਜਾ ਸਤਿਗੁਰ ਕਾ ਮਨੁ ਮੰਨਿਆ*
*ਤਾ ਪਾਪ ਕਸੰਮਲ ਭੰਨੇ॥* ***ਅੰਗ - 314***

ਆਪਣੇ ਤਨ ਮਨ ਨੂੰ ਗੁਰੂ ਅੱਗੇ ਭੇਟ ਕਰਕੇ, ਸੇਵਾ ਕਰਨੀ ਸਫਲ ਹੋਇਆ ਕਰਦੀ ਹੈ ਜਿਵੇਂ ਕਿ -

*ਹਸਤੀ ਸਿਰਿ ਜਿਉ ਅੰਕਸੁ ਹੈ*
*ਅਹਰਣਿ ਜਿਉ ਸਿਰੁ ਦੇਇ॥*
*ਮਨੁ ਤਨੁ ਆਗੈ ਰਾਖਿ ਕੈ*
*ਊਭੀ ਸੇਵ ਕਰੇਇ॥*
*ਇਉ ਗੁਰਮੁਖਿ ਆਪੁ ਨਿਵਾਰੀਐ*
*ਸਭੁ ਰਾਜੁ ਸ੍ਰਿਸਟਿ ਕਾ ਲੇਇ॥*
*ਨਾਨਕ ਗੁਰਮੁਖਿ ਬੁਝੀਐ*
*ਜਾ ਆਪੇ ਨਦਰਿ ਕਰੇਇ॥* ***ਅੰਗ - 648***

ਜੇ ਇਸ ਦੇ ਵਿਪਰੀਤ ਹਉਮੈ ਵਿਚ ਸੇਵਾ ਕੀਤੀ ਜਾਵੇ ਕਿ ਮੈਂ ਸੇਵਾ ਕਰਦਾ ਹਾਂ, ਮੇਰੇ ਬਿਨਾਂ ਇਹ ਸੇਵਾ ਕੋਈ ਨਹੀਂ ਕਰ ਸਕਦਾ ਤਾਂ ਉਹ ਸੇਵਾ ਸੁਖ ਤੇ ਸ਼ਾਂਤੀ ਨਹੀਂ ਦਿਆ ਕਰਦੀ, ਉਸਦੀ ਥਾਂ ਤੇ ਆਦਮੀ ਦੇ ਮਨ ਵਿਚ ਤਮੋ ਗੁਣ ਪੈਦਾ ਹੋ ਜਾਂਦਾ ਹੈ। (ਬਹੁਤ ਸਾਰੇ ਪ੍ਰੇਮੀ ਬਹੁਤ ਮਿਹਨਤ ਕਰਕੇ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਉਂਦੇ ਹਨ ਅਤੇ ਬਹੁਤ ਪ੍ਰਸੰਸਾ ਪ੍ਰਾਪਤ ਕਰਦੇ ਹਨ ਪਰ ਜਦੋਂ ਗੁਰਦੁਆਰੇ ਦੀ ਸੰਭਾਲ ਲਈ ਬਣੀ ਹੋਈ ਕਮੇਟੀ ਦੀ ਚੋਣ ਹੁੰਦੀ ਹੈ, ਜੇ ਉਹ ਇਸ ਵਿਚ ਨਾ ਆ ਸਕਣ ਤੇ ਹੋਰ ਹੀ ਪ੍ਰੇਮੀ ਪ੍ਰਧਾਨ ਸਕੱਤਰ ਬਣ ਜਾਣ ਤਾਂ ਉਨ੍ਹਾਂ ਦੇ ਮਨ ਉਤੇ ਐਸੀ ਸੱਟ ਲਗਦੀ ਹੈ ਕਿ ਅਸੀਂ ਤਾਂ ਘਰ ਦੇ ਕੰਮ ਛੱਡ-ਛੱਡ ਕੇ ਸੇਵਾ ਕਰਦੇ ਰਹੇ ਹਾਂ ਤੇ ਉਹ ਦੁਖੀ ਹੋ ਜਾਂਦੇ ਹਨ। ਇਥੋਂ ਤੱਕ ਵੀ ਦੇਖਿਆ ਗਿਆ ਹੈ ਕਿ ਉਹ ਗੁਰਦੁਆਰਾ ਸਾਹਿਬ ਜਾਣਾ ਹੀ ਛੱਡ ਦਿੰਦੇ ਹਨ।) ਅਜਿਹੀ ਸੇਵਾ ਨੂੰ ਹਉਮੈ ਵਿਚ ਕੀਤੀ ਹੋਈ ਸੇਵਾ ਕਿਹਾ ਜਾਂਦਾ ਹੈ ਜਿਸ ਬਾਰੇ ਹੁਕਮ ਹੈ -

*ਵਿਚਿ ਹਉਮੈ ਸੇਵਾ ਥਾਇ ਨ ਪਾਏ॥*
*ਜਨਮਿ ਮਰੈ ਫਿਰਿ ਆਵੈ ਜਾਏ॥*
*ਸੋ ਤਪੁ ਪੂਰਾ ਸਾਈ ਸੇਵਾ*
*ਜੋ ਹਰਿ ਮੇਰੇ ਮਨਿ ਭਾਣੀ ਹੇ॥* ***ਅੰਗ - 1070***

ਸੇਵਾ ਉਸੇ ਦੀ ਥਾਂ ਪੈਂਦੀ ਹੈ ਜੋ ਨਿਸ਼ਕਾਮ ਹੋ ਕੇ ਸੇਵਾ ਕਰਦਾ ਹੈ। ਉਸਦੀ ਸੇਵਾ ਕਰਨ ਨਾਲ ਅੰਦਰਲਾ ਹਨ੍ਹੇਰਾ ਦੂਰ ਹੋ ਜਾਇਆ ਕਰਦਾ ਹੈ ਅਤੇ ਅੰਦਰ ਜੋਤਿ ਜਗ ਜਾਂਦੀ ਹੈ, ਅਨਹਦ ਸ਼ਬਦ ਦੀ ਧੁਨ ਵਿਚ ਮਸਤ ਹੋਇਆ ਸਦਾ ਹੀ ਖਿੜਿਆ ਰਹਿੰਦਾ ਹੈ ਅਤੇ ਅੰਤ ਅਜਿਹੇ ਗੁਰਸਿੱਖ ਨੂੰ ਗੁਰੂ ਉਪਦੇਸ਼ ਦੇ ਕੇ ਪਾਰਬ੍ਰਹਮ ਨਾਲ ਅਭੇਦ ਕਰਾ ਦਿੰਦਾ ਹੈ -

*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥*
***ਅੰਗ - 287***

*'ਚਲਦਾ...................।'*

# ਜਨਮੁ ਪਦਾਰਥੁ ਸਫਲੁ ਹੋਇ

*ਪ੍ਰਵਚਨ - ਸੰਤ ਬਾਬਾ ਲਖਬੀਰ ਸਿੰਘ ਜੀ*
*ਸੰਪਾਦਕ - ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-28)*

## 6. ਪੂਰੇ ਸਤਿਗੁਰੂ ਦੀ ਕ੍ਰਿਪਾ

ਤੀਜੀ ਕ੍ਰਿਪਾ ਸਮਰੱਥ ਸਤਿਗੁਰੂ ਜੀ ਦੀ ਹੋਇਆ ਕਰਦੀ ਹੈ ਜਿਸ ਦੀ ਮਹਿਮਾ ਬਾਰੇ ਪਵਿੱਤਰ ਫੁਰਮਾਨ ਹੈ-

*ਗੁਰ ਜੈਸਾ ਨਾਹੀ ਕੋ ਦੇਵ ॥*
*ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥ ੧ ॥ ਰਹਾਉ ॥*
*ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥*
*ਸਤਿਗੁਰੁ ਮੇਰਾ ਮਾਰਿ ਜੀਵਾਲੈ ॥*
*ਸਤਿਗੁਰ ਮੇਰੇ ਕੀ ਵਡਿਆਈ ॥*
*ਪ੍ਰਗਟੁ ਭਈ ਹੈ ਸਭਨੀ ਥਾਈ ॥ ੨ ॥*
*ਸਤਿਗੁਰੁ ਮੇਰਾ ਤਾਣੁ ਨਿਤਾਣੁ ॥*
*ਸਤਿਗੁਰੁ ਮੇਰਾ ਘਰਿ ਦੀਬਾਣੁ ॥*
*ਸਤਿਗੁਰ ਕੈ ਹਉ ਸਦ ਬਲਿ ਜਾਇਆ ॥*
*ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥ ੩ ॥*
*ਜਿਨਿ ਗੁਰ ਸੇਵਿਆ ਤਿਸੁ ਭਉ ਨ ਬਿਆਪੈ ॥*
*ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ ॥*
*ਨਾਨਕ ਸੋਧੇ ਸਿੰਮ੍ਰਿਤਿ ਬੇਦ ॥*
*ਪਾਰਬ੍ਰਹਮ ਗੁਰ ਨਾਹੀ ਭੇਦ ॥ ੪ ॥ ੧੧ ॥ ੨੪ ॥*
*ਅੰਗ - ੧੧੪੨*

ਗੁਰੂ ਵਰਗਾ ਹੋਰ ਕੋਈ ਸਮਰੱਥ ਨਹੀਂ ਭਾਵ ਕੋਈ ਦੇਵਤਾ ਪੂਰੇ ਸਤਿਗੁਰੂ ਦੀ ਬਰਾਬਰੀ ਨਹੀਂ ਕਰ ਸਕਦਾ। ਪਰ ਜਿਸ ਦੇ ਭਾਗਾਂ ਵਿਚ ਲਿਖਿਆ ਹੋਵੇ ਉਸ ਨੂੰ ਹੀ ਪੂਰਾ ਗੁਰੂ ਮਿਲਦਾ ਹੈ। ਅਕਾਲ ਪੁਰਖ ਵਿਚ ਅਭੇਦ ਹੋਣ ਕਰਕੇ ਗੁਰੂ ਸੱਚਾ ਸਿਰਜਣਹਾਰਾ ਤੇ ਸਭਨਾਂ ਨੂੰ ਦਾਤਾਂ ਦੇਣ ਵਾਲਾ ਹੈ। ਗੁਰੂ ਦਾ ਆਪਣਾ ਕੋਈ ਨਿਜੀ ਸੁਆਰਥ ਨਹੀਂ ਹੁੰਦਾ, ਉਹ ਸਭ ਦੀ ਪਾਲਣਾ ਕਰਨ ਵਾਲਾ ਤੇ ਜੀਵਨ ਦਾਨ ਦੇਣ ਵਾਲਾ ਹੈ। ਲੋਕ, ਪਰਲੋਕ ਵਿਚ ਵੀ ਪੂਰੇ ਸਤਿਗੁਰੂ ਦੀ ਸੋਭਾ ਹੈ। ਗੁਰੂ ਨਿਤਾਣਿਆਂ ਦਾ ਤਾਣ ਤੇ ਨਿਆਸਰਿਆਂ ਦਾ ਆਸਰਾ ਹੈ। ਧੰਨ ਸਤਗੁਰੂ ਹੈ ਜਿਸ ਨੇ ਵਹਿਮਾਂ ਭਰਮਾਂ ਚੋਂ ਕੱਢ ਕੇ ਸਭਨਾਂ ਵਾਸਤੇ ਆਤਮਿਕ ਜੀਵਨ ਦਾ ਸਿੱਧਾ ਰਾਹ ਬਣਾਇਆ ਹੈ ਜਿਸ 'ਤੇ ਚੱਲ ਕੇ ਸੰਸਾਰ ਸਾਗਰ ਤੋਂ ਸਹਿਜੇ ਪਾਰ ਹੋ ਜਾਈਦਾ ਹੈ। ਐਸੇ ਗੁਰੂ ਤੋਂ ਸੈਂਕੜੇ ਵਾਰ ਬਲਿਹਾਰ ਜਾਂਦੇ ਹਾਂ ਜੋ ਆਪ ਮੁਕਤ (ਗੁਰ-ਪ੍ਰਮੇਸ਼ਰ) ਹੈ ਤੇ ਸਾਨੂੰ ਤਾਰਨ ਦੇ ਸਮਰੱਥ ਹੈ। ਸਤਿਗੁਰੂ ਐਸਾ ਦਇਆਲੂ ਹੈ ਕਿ ਕਿਸੇ ਦੇ ਗੁਣ ਔਗੁਣ ਵਿਚਾਰਨ ਤੋਂ ਬਗੈਰ ਹੀ ਸਭ ਨੂੰ ਸਿੱਖੀ ਦੀ ਦਾਤ ਦੇ ਕੇ ਚਰਨਾਂ ਨਾਲ ਜੋੜ ਲੈਂਦਾ ਹੈ। ਨਾਮ ਪਦਾਰਥ ਦੀ ਬਖਸ਼ਿਸ਼ ਦੁਆਰਾ ਗੁਰਸਿੱਖ ਨੂੰ ਅਕਾਲ ਮੰਡਲ ਦਾ ਵਾਸੀ ਬਣਾ ਦਿੰਦਾ ਹੈ।

*ਐਸੇ ਗੁਰ ਕਉ ਬਲਿ ਬਲਿ ਜਾਈਐ*
*ਆਪਿ ਮੁਕਤੁ ਮੋਹਿ ਤਾਰੈ ॥ ਅੰਗ - ੧੩੦੧*
*ਨਾਮੁ ਪਦਾਰਥੁ ਸਹਜੇ ਪਾਇਆ*
*ਇਹ ਸਤਿਗੁਰ ਕੀ ਵਡਿਆਈ ॥ ੩ ॥ ਅੰਗ- ੧੨੬੫*

*ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ*
*ਬਖਸਿ ਲੀਆ ਖਿਨ ਮਾਹੀ ॥ ਅੰਗ - ੫੨੨*

ਜਿਹੜੀ ਕਿਰਪਾ ਤੇ ਦਇਆ ਸਤਿਗੁਰੂ ਜੀ ਨੇ ਕਰਨੀ ਹੈ ਉਹ ਕੋਈ ਹੋਰ ਨਹੀਂ ਕਰ ਸਕਦਾ ਭਾਵੇਂ ਮਨੁੱਖ ਨੌਂ ਖੰਡ ਪ੍ਰਿਥਵੀ ਦਾ ਚੱਕਰ ਲਾ ਕੇ ਫਿਰ ਆਵੇ। ਜਿਵੇਂ ਅੰਬ ਦਾ ਸਵਾਦ ਇਮਲੀ ਤੋਂ ਨਹੀਂ ਆ ਸਕਦਾ, ਬੱਚੇ ਨੂੰ ਪਿਤਾ ਦਾ ਪਿਆਰ ਪੜੌਸੀ ਤੋਂ ਨਹੀਂ ਮਿਲ ਸਕਦਾ, ਛੱਪੜ ਵਿਚੋਂ ਸਾਗਰ ਦਾ ਖਜ਼ਾਨਾ ਨਹੀਂ ਮਿਲ ਸਕਦਾ, ਦੀਵੇ ਦੀ ਰੋਸ਼ਨੀ ਸੂਰਜ ਦਾ ਮੁਕਾਬਲਾ ਨਹੀਂ ਕਰ ਸਕਦੀ, ਬਾਰਸ਼ ਦੇ ਮੁਕਾਬਲੇ ਖੂਹ ਦਾ ਪਾਣੀ ਧਰਤੀ ਦੀ ਪਿਆਸ ਨਹੀਂ ਬੁਝਾ ਸਕਦਾ ਤੇ ਨਾ ਹੀ ਖੇਤਾਂ ਤੇ ਟੋਭਿਆਂ ਨੂੰ ਭਰ ਸਕਦਾ ਹੈ, ਢੱਕ-ਪਲਾਸ ਆਦਿ ਵਿਚੋਂ ਚੰਦਨ ਦੀ ਮਹਿਕ ਨਹੀਂ ਆ ਸਕਦੀ। ਇਸ ਤਰ੍ਹਾਂ ਨਾਲ ਅਧੂਰੇ ਗੁਰੂ, ਪੂਰਨ ਸਤਿਗੁਰੂ ਦਾ ਮੁਕਾਬਲਾ ਨਹੀਂ ਕਰ ਸਕਦੇ।

*ਆਂਬ ਕੀ ਸਧਰ ਕਤ ਮਿਟਤ ਆਂਬਲੀ ਖਾਏ*
*ਪਿਤਾ ਕੋ ਪਿਆਰ ਨ ਪਰੋਸੀ ਪਹਿ ਪਾਈਐ।*
*ਸਾਗਰ ਕੀ ਨਿਧਿ ਕਤ ਪਾਈਅਤ ਪੋਖਰ ਸੈ*
*ਦਿਨ ਕਰਿ ਸਰਿ ਦੀਪ ਜੋਤਿ ਨ ਪੁਜਾਈਐ।*
*ਇੰਦ੍ਰ ਬਰਖਾ ਸਮਾਨ ਪੁਜਸਿ ਨ ਕੂਪ ਜਲ*
*ਚੰਦਨ ਸੁਬਾਸ ਨ ਪਲਾਸ ਮਹਿਕਾਈਐ।*
*ਸ੍ਰੀ ਗੁਰ ਦਇਆਲ ਕੀ ਦਇਆ ਨ ਆਨ ਦੇਵ ਮੈ*
*ਜਉ ਖੰਡ ਬ੍ਰਹਮੰਡ ਉਦੇ ਅਸਤ ਲਉ ਧਾਈਐ।*
*ਕਬਿੱਤ ਭਾਈ ਗੁਰਦਾਸ ਜੀ - ੪੭੨*

ਸੰਸਾਰ ਦੇ ਅੰਦਰ ਇਸ ਪ੍ਰਕਾਰ ਪੰਜ ਕਿਸਮ ਦੇ ਗੁਰੂ ਹੁੰਦੇ ਹਨ -

### 1. ਕੱਚਾ ਗੁਰੂ

ਉਹ ਆਪ ਵੀ ਮੁਕਤ ਨਹੀਂ ਹੁੰਦਾ ਤੇ ਨਾ ਹੀ ਕਿਸੇ ਹੋਰ ਨੂੰ ਮੁਕਤੀ ਦੇ ਸਕਦਾ ਹੈ।

*ਕਾਚੇ ਗੁਰ ਤੇ ਮੁਕਤਿ ਨ ਹੂਆ॥ ਅੰਗ - ੯੩੨*

### 2. ਅੰਨਾ ਗੁਰੂ

ਇਸ ਦੇ ਗਿਆਨ ਰੂਪੀ ਨੇਤਰ ਨਾ ਹੋਣ ਕਰਕੇ, ਇਹ ਆਪ ਵੀ ਪਾਰ ਨਹੀਂ ਲੰਘ ਸਕਦਾ ਤੇ ਨਾਹੀ ਆਪਣੇ ਚੇਲਿਆਂ ਨੂੰ ਪਾਰ ਲੰਘਾ ਸਕਦਾ ਹੈ।

*ਅੰਧੇ ਗੁਰੂ ਤੇ ਭਰਮੁ ਨ ਜਾਈ ॥*

*ਮੂਲੁ ਛੋਡਿ ਲਾਗੇ ਦੂਜੈ ਭਾਈ ॥*
*ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥ ੩ ॥*

*ਅੰਗ - ੨੩੨*

*ਗੁਰੂ ਜਿਨਾ ਕਾ ਅੰਧੁਲਾ*
*ਸਿਖ ਭੀ ਅੰਧੇ ਕਰਮ ਕਰੇਨਿ ॥ ਅੰਗ - ੯੫੧*

## 3. ਪੰਡਤ ਗੁਰੂ

ਇਹ ਵਿਦਵਾਨ ਹੁੰਦਾ ਹੈ ਕਿਉਂਕਿ ਇਸ ਨੇ ਬਹੁਤ ਵਿਦਿਆ ਪੜ੍ਹੀ ਹੁੰਦੀ ਹੈ। ਧਰਮ ਪੁਸਤਕਾਂ ਦਾ ਪੜ੍ਹਿਆ ਲਿਖਿਆ ਹੋਣ ਕਰਕੇ ਗੱਲਾਂ-ਬਾਤਾਂ ਰਾਹੀਂ ਦਸ ਤਾਂ ਸਭ ਕੁਝ ਸਕਦਾ ਹੈ ਪਰ ਉਸ ਦਾ ਆਪਣਾ ਨਿਜੀ ਅਨੁਭਵ ਨਹੀਂ ਹੁੰਦਾ ਜਿਸ ਕਰਕੇ ਕਿਸੇ ਨੂੰ ਪਾਰ ਨਹੀਂ ਲੰਘਾ ਸਕਦਾ।

*ਅਵਰ ਉਪਦੇਸੈ ਆਪਿ ਨ ਕਰੈ ॥*
*ਆਵਤ ਜਾਵਤ ਜਨਮੈ ਮਰੈ ॥ ਅੰਗ - ੨੬੯*

## 4. ਅਵਧੂਤ ਗੁਰੂ

ਇਹ ਆਪ ਤਾਂ ਪਾਰ ਹੋ ਜਾਂਦਾ ਹੈ ਪਰ ਹੋਰ ਕਿਸੇ ਨੂੰ ਸੰਸਾਰ ਸਾਗਰ ਤੋਂ ਪਾਰ ਨਹੀਂ ਲੰਘਾ ਸਕਦਾ।

ਗੁਰੂ ਛੇਵੇਂ ਪਾਤਸ਼ਾਹ ਜੀ ਦੇ ਬਚਨਾਂ ਵਿਚ ਵੀ ਚਾਰ ਕਿਸਮ ਦੇ ਗੁਰੂਆਂ ਦਾ ਜ਼ਿਕਰ ਇਸ ਤਰ੍ਹਾਂ ਨਾਲ ਆਉਂਦਾ ਹੈ।

### (i). ਭ੍ਰਿੰਗੀ ਗੁਰੂ

ਜਿਵੇਂ ਭ੍ਰਿੰਗੀ ਕਿਸੇ ਖਾਸ ਕਿਸਮ ਦੇ ਕੀੜੇ ਨੂੰ ਆਪਣੇ ਜਿਹਾ ਕਰ ਲੈਂਦਾ ਹੈ ਪਰ ਹਰੇਕ ਨੂੰ ਨਹੀਂ ਕਰ ਸਕਦਾ। ਇਸੇ ਤਰ੍ਹਾਂ ਜੋ ਭ੍ਰਿੰਗੀ ਗੁਰੂ ਹੁੰਦਾ ਹੈ ਉਹ ਵੀ ਕਿਸੇ ਇਕ ਨੂੰ ਪਾਰ ਕਰ ਸਕਦਾ ਹੈ।

### (ii). ਪਾਰਸ ਗੁਰੂ

ਜਿਵੇਂ ਪਾਰਸ ਸਾਰੀਆਂ ਧਾਤਾਂ ਨੂੰ ਸੋਨਾ ਤਾਂ ਬਣਾ ਸਕਦਾ ਹੈ ਪਰ ਪਾਰਸ ਨਹੀਂ ਕਰ ਸਕਦਾ ਇਸੇ ਤਰ੍ਹਾਂ ਪਾਰਸ ਗੁਰੂ ਵੀ ਅਪਣੇ ਵਰਗਾ ਨਹੀਂ ਬਣਾ ਸਕਦਾ।

### (iii) ਚੰਦਨ ਗੁਰੂ

ਜਿਵੇਂ ਚੰਦਨ ਖਾਸ ਰੁੱਤ ਵਿਚ ਨਾਲ ਦੇ ਬ੍ਰਿਛਾਂ ਨੂੰ ਸੁਗੰਧਤ ਕਰ ਦਿੰਦਾ ਹੈ ਪਰ ਸਾਰੀਆਂ ਰੁੱਤਾਂ ਵਿਚ ਨਹੀਂ ਕਰ ਸਕਦਾ ਅਤੇ ਬਾਂਸ ਨੂੰ ਕਿਸੇ ਰੁੱਤ ਵਿਚ ਵੀ ਸੁਗੰਧਤ ਨਹੀਂ ਕਰ ਸਕਦਾ। ਇਸੇ ਤਰ੍ਹਾਂ ਚੰਦਨ ਗੁਰੂ ਦਾ ਅਸਰ ਵੀ ਲਗਾਤਰ ਨਹੀਂ ਹੁੰਦਾ ਅਤੇ ਹਰ ਕਿਸੇ ਉਤੇ ਨਹੀਂ ਹੋ ਸਕਦਾ।

### (iv) ਦੀਪਕ ਗੁਰੂ

ਸ਼ਿਸ਼ ਦੀ ਜੋਤ ਜਗਾ ਕੇ ਆਪਣੇ ਵਰਗਾ ਬਣਾ ਦਿੰਦਾ ਹੈ।

## 5. ਸਮਰੱਥ ਗੁਰੂ

ਪੂਰਾ ਹੁੰਦਾ ਹੈ ਜਿਹੜਾ ਆਪ ਵੀ ਮੁਕਤ ਹੁੰਦਾ ਹੈ, ਸੰਸਾਰ ਨੂੰ ਪਾਰ ਕਰਨ ਦੇ ਸਮਰੱਥ ਹੁੰਦਾ ਹੈ ਤੇ ਜੋ ਵੀ ਸਰਨ ਆਵੇ ਉਸ ਨੂੰ ਨਾਮ ਦਾਨ ਦੇ ਕੇ ਪਾਰ ਲੰਘਾ ਦਿੰਦਾ ਹੈ। ਜਿਵੇਂ ਇਕ ਜਗਦੇ ਦੀਵੇ ਨਾਲ ਹਜ਼ਾਰਾਂ ਬੁਝੇ ਹੋਏ ਦੀਵੇ ਜਗ ਪੈਂਦੇ ਹਨ, ਇਸ ਤਰ੍ਹਾਂ ਗਿਆਨ ਦੇ ਪ੍ਰਕਾਸ਼ ਦੁਆਰਾ ਸਮਰੱਥ ਗੁਰੂ ਸਭ ਨੂੰ ਨਾਮ ਦੀ ਸੋਝੀ ਬਖਸ਼ ਕੇ ਭਵਜਲ ਵਿਚੋਂ ਕੱਢ ਦਿੰਦਾ ਹੈ।

*ਏਹੁ ਭਉਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ॥*
*ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥*

*ਅੰਗ - ੧੪੨੪*

*ਸਤਿਗੁਰ ਗੁਣੀ ਨਿਧਾਨ ਹੈ ਗੁਣ ਕਰ ਬਖਸ਼ੈ ਅਵਗੁਣਿਆਰੇ।*
*ਸਤਿਗੁਰ ਪੂਰਾ ਵੈਦ ਹੈ ਪੰਜੇ ਰੋਗ ਅਸਾਧ ਨਿਵਾਰੇ।*
*ਸੁਖ ਸਾਗਰ ਗੁਰਦੇਉ ਹੈ ਸੁਖ ਦੇ ਮੇਲ ਲਏ ਦੁਖਿਆਰੇ।*
*ਗੁਰ ਪੂਰਾ ਨਿਰਵੈਰ ਹੈ ਨਿੰਦਕ ਦੋਖੀ ਬੇਮੁਖ ਤਾਰੇ।*
*ਗੁਰ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ।*
*ਸਤਿਗੁਰ ਪੁਰਖ ਸੁਜਾਣ ਹੈ ਵਡੇ ਅਜਾਣ ਮੁਗਧ ਨਿਸਤਾਰੇ।*
*ਸਤਿਗੁਰੁ ਆਗੂ ਜਾਣੀਐ ਬਾਂਹ ਪਕੜ ਅੰਧਲੇ ਉਧਾਰੇ।*
*ਮਾਣ ਨਿਮਾਣੇ ਸਦ ਬਲਿਹਾਰੇ।*

*ਵਾਰ ਭਾਈ ਗੁਰਦਾਸ ਜੀ - ੨੬/੧੯*

ਨਿਮਾਣਿਆਂ ਨੂੰ ਮਾਣ ਦੇਣ ਵਾਲੇ ਪੂਰੇ ਸਤਿਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਸਮੁੱਚੀ ਮਾਨਵਤਾ ਉਤੇ ਕ੍ਰਿਪਾ ਕਰ ਦਿਤੀ। ਇਹ ਮਨੁੱਖ ਜਿਹੜਾ ਚਹੁੰ ਵਰਨਾਂ ਵਿਚ ਵੰਡਿਆ ਹੋਇਆ ਸੀ, ਉਸ ਨੂੰ ਇਕੋ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਬਖਸ਼ ਕੇ ਜਾਤ-ਪਾਤ ਤੇ ਅਮੀਰ-ਗਰੀਬ ਦਾ ਵਿਤਕਰਾ ਦੂਰ ਕਰ ਦਿਤਾ। ਨਿਰਭਉ ਤੇ ਨਿਰਵੈਰ ਸਤਿਗੁਰੂ ਜੀ ਤੋਂ ਬਲਿਹਾਰ ਜਾਂਦੇ ਹਾਂ ਜਿਨ੍ਹਾਂ ਨੇ ਸਿੱਖਾਂ ਨੂੰ ਇਕ ਸੰਗਤ ਤੇ ਇਕ ਪੰਗਤ ਵਿਚ ਬਿਠਾ ਕੇ ਊਚ ਨੀਚ ਦਾ ਫਰਕ ਮਿਟਾ ਦਿਤਾ। ਗੁਰੂ ਦਰਬਾਰ ਵਿਚ ਸਭ ਨੂੰ ਖੁਲ੍ਹ ਹੈ, ਕੋਈ ਜਾਤ ਦਾ ਆਵੇ, ਅਮੀਰ ਆਵੇ, ਗਰੀਬ ਆਵੇ, ਸਭ ਨੂੰ ਬਰਾਬਰੀ ਹੈ, ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਤੇ ਨਾਮ ਦੀ ਦਾਤ ਲੈ ਕੇ ਗੁਰੂ ਚਰਨਾਂ ਨਾਲ ਜੁੜ ਕੇ ਜੀਵਨ ਸਫਲ ਕਰ ਸਕਦਾ ਹੈ।

*ਸਚੈ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿੱਧਾਂ ਖੇਲਾ।*
*ਗੁਰੁ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡਿਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*

*ਵਾਰ ਭਾਈ ਗੁਰਦਾਸ ਸਿੰਘ (ਦੂਜਾ), ੪੧/੧*

ਜਿਹੜਾ ਮਨਮੁੱਖ ਹੈ ਉਹ ਗੁਰੂ ਦੀ ਸੰਗਤ ਤੋਂ ਵਿਛੜ ਕੇ ਦਰ-ਦਰ ਦੀਆਂ ਠੋਕਰਾਂ ਖਾ ਕੇ ਦੁੱਖੀ ਹੁੰਦਾ ਹੈ। ਪੂਰੇ ਸਤਿਗੁਰੂ ਦੀ ਸੰਗਤ ਵਿਚ ਸਦੀਵੀ ਸੁਖ ਹੈ। ਗੁਰਸਿੱਖ ਲਈ ਇਹ ਅਤੀ ਜ਼ਰੂਰੀ ਹੈ ਕਿ ਉਹ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਨਾਮ ਦੀ ਦਾਤ ਪ੍ਰਾਪਤ ਕਰੇ। ਅੰਮ੍ਰਿਤ

ਵੇਲੇ ਜਾਗ ਕੇ, ਇਸ਼ਨਾਨ ਆਦਿ ਕਰਕੇ ਗੁਰਮੰਤਰ ਦਾ ਜਾਪ ਕਰੇ ਫੇਰ ਪੰਜਾਂ ਬਾਣੀਆਂ ਦਾ ਨਿਤਨੇਮ ਕਰੇ। ਸ਼ਾਮ ਨੂੰ ਰਹਿਰਾਸ, ਸੌਣ ਵੇਲੇ ਕੀਰਤਨ ਸੋਹਿਲੇ ਦਾ ਪਾਠ ਕਰੇ ਅਤੇ ਗੁਰਮਤਿ ਰਹਿਤਾਂ ਦਾ ਪੱਕਾ ਧਾਰਨੀ ਬਣ ਕੇ ਰਹੇ। ਉਠਦਿਆਂ ਬਹਿੰਦਿਆਂ ਕੰਮ-ਕਾਜ ਕਰਦਿਆਂ ਹਰ ਵੇਲੇ ਜਾਪ ਕਰਦਾ ਰਹੇ। ਸਤਿਗੁਰ ਜੀ ਵਲੋਂ ਜਿੱਥੇ ਗੁਰਸਿੱਖ ਨੂੰ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਦੇਣ ਦਾ ਹੁਕਮ ਹੈ ਉਥੇ ਸਵਾਸਾਂ ਤੇ ਸਮੇਂ ਨੂੰ ਸਫਲ ਕਰਨ ਲਈ ਢਾਈ ਘੰਟੇ ਦਾ ਦਸਵੰਧ ਦੇਣਾ ਵੀ ਜ਼ਰੂਰੀ ਹੈ। ਇਸ ਤਰ੍ਹਾਂ ਨਾਲ ਗ੍ਰਹਿਸਤ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਹੋਇਆ ਸੇਵਾ ਤੇ ਸਿਮਰਨ ਵਿਚ ਲਗ ਕੇ ਜੀਵਨ ਮੁਕਤ ਦੀ ਪਦਵੀ ਹਾਸਲ ਕਰ ਸਕਦਾ ਹੈ।

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥ ੨ ॥* *ਅੰਗ - ੫੨੨*

## 7. ਆਪਣੇ ਉੱਤੇ ਆਪਣੀ ਕਿਰਪਾ (ਉੱਦਮ)

ਸਾਧਸੰਗਤ ਜੀ! ਜਿਵੇਂ ਸੰਸਾਰ ਦਾ ਕੋਈ ਵੀ ਕੰਮ ਮਿਹਨਤ, ਹਿੰਮਤ ਅਤੇ ਉਤਸ਼ਾਹ ਤੋਂ ਬਿਨਾਂ ਸਫਲ ਨਹੀਂ ਹੋ ਸਕਦਾ ਇਸੇ ਤਰ੍ਹਾਂ ਭਗਤੀ ਵਾਸਤੇ ਵੀ ਉਦਮ, ਲਗਨ, ਉਤਸ਼ਾਹ ਅਤੇ ਦ੍ਰਿੜ੍ਹ ਇਰਾਦੇ ਦੀ ਲੋੜ ਹੋਇਆ ਕਰਦੀ ਹੈ।

*ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥*
*ਅੰਗ - ੮੧੫*
*ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥*
*ਅੰਗ - ੪੫੬*

*ਸਗਲ ਉਦਮ ਮਹਿ ਉਦਮੁ ਭਲਾ ॥*
*ਹਰਿ ਕਾ ਨਾਮੁ ਜਪਹੁ ਜੀਅ ਸਦਾ ॥* *ਅੰਗ - ੨੬੬*

ਸਤਿਗੁਰ ਜੀ ਦਾ ਹੁਕਮ ਹੈ ਕਿ ਜਿਹੜਾ ਵੀ ਆਪਣੇ ਆਪ ਨੂੰ ਗੁਰੂ ਦਾ ਸਿੱਖ ਅਖਵਾਉਂਦਾ ਹੈ ਉਹ ਨਿਤਾਪ੍ਰਤੀ ਉਦਮ ਕਰਕੇ ਅੰਮ੍ਰਿਤ ਵੇਲੇ ਜਾਗ ਕੇ ਪਹਿਲਾਂ ਸਰੀਰ ਦਾ ਇਸ਼ਨਾਨ ਕਰੇ ਤੇ ਫੇਰ ਚੌਂਕੜਾ ਮਾਰ ਕੇ ਅੰਤਰ ਆਤਮੇ ਅੰਦਰਲੇ ਸਰੋਵਰ ਵਿਚ ਚੁੱਭੀ ਲਾ ਕੇ ਗੁਰੂ ਮੰਤਰ ਦਾ ਜਾਪ ਕਰੇ। ਇਸ ਨਾਲ ਸਾਰੇ ਦੁਖਾਂ, ਕਲੇਸ਼ਾਂ ਤੇ ਪਾਪਾਂ ਦਾ ਨਾਸ਼ ਹੋ ਜਾਵੇਗਾ। ਫੇਰ ਗੁਰਬਾਣੀ ਦਾ ਪਾਠ ਗਾਵੇ ਤੇ ਗੁਰਬਾਣੀ ਨੂੰ ਸੁਣੇ ਤੇ ਨਾਲੇ ਬਹਿੰਦਿਆਂ, ਉਠਦਿਆਂ, ਕੰਮ ਕਾਰ ਕਰਦਿਆਂ ਨਾਮ ਵਿਚ ਚਿੱਤ ਰੱਖੇ। ਇਸ ਤਰ੍ਹਾਂ ਨਾਲ ਜਪਦਿਆਂ ਜਦੋਂ ਸੁਆਸ-ਸੁਆਸ ਸਿਮਰਨ ਬਣ ਜਾਂਦਾ ਹੈ ਫੇਰ ਕਰਤਾਰ ਚੇਤੇ ਰਹਿੰਦਾ ਹੈ। ਗੁਰੂ ਦੀ ਪ੍ਰਸੰਨਤਾ ਮਿਲਦੀ ਹੈ।

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥* *ਅੰਗ - ੩੦੫*

ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੋਇਆ ਮਿਲਦਾ ਹੈ ਕਿ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਜਦੋਂ ਕੋਈ ਮੱਥਾ ਟੇਕਦਾ ਸੀ ਤਾਂ ਗੁਰੂ ਬਾਬਾ ਜੀ ਬਚਨ ਕਰਦੇ ਕਿ "ਤੈਨੂੰ ਕਰਤਾਰ ਚਿੱਤ ਆਵੇ।" ਜਦੋਂ ਕਰਤਾਰ ਚਿੱਤ ਆ ਜਾਵੇ ਤਾਂ ਸਾਰੇ ਹੀ ਸੁੱਖ ਹਨ, ਜੇਕਰ ਕਰਤਾਰ ਵਿਸਰ ਜਾਵੇ ਤਾਂ ਫਿਰ ਦੁੱਖ ਹੀ ਦੁੱਖ ਹਨ। ਮਨੁੱਖ ਨੂੰ ਦੁਨਿਆਵੀ ਸੁੱਖ, ਧਨ-ਦੌਲਤ, ਮਾਣ-ਇਜ਼ਤ ਵਡਿਆਈ ਮਿਲ ਜਾਵੇ ਤਾਂ ਫਿਰ ਪ੍ਰਮੇਸ਼ਰ ਭੁੱਲ ਜਾਂਦਾ ਹੈ। ਜਦੋਂ ਐਸ਼ਵਰਜ ਦੇ ਸੁੱਖ ਸਾਧਨ ਮੁਹੱਈਆ ਹੋਣ ਤਾਂ ਮਨੁੱਖ ਸਮਝਦਾ ਹੈ ਕਿ ਇਹ ਮੇਰੀ ਜ਼ਿੰਦਗੀ ਦੀਆਂ ਸੁਨਿਹਰੀ ਘੜੀਆਂ ਹਨ ਕਿਉਂਕਿ ਧਨ-ਪਦਾਰਥ ਅਤੇ ਰਾਜ-ਭਾਗ ਦੇ ਸਾਰੇ ਸੁੱਖ ਪ੍ਰਾਪਤ ਹੋ ਗਏ। ਸਾਧਸੰਗਤ ਜੀ! ਗੰਭੀਰਤਾ ਨਾਲ ਵਿਚਾਰ ਕਰੀਏ ਕਿ ਜੇਕਰ ਇਹ ਸਭ ਕੁਝ ਹੁੰਦੇ ਹੋਏ ਵੀ ਅਸੀਂ ਦਾਤਾਂ ਨੂੰ ਪਿਆਰੀਆਂ ਸਮਝ ਕੇ ਦੇਣਹਾਰ ਕਰਤਾਰ ਨੂੰ ਭੁੱਲ ਜਾਈਏ ਤਾਂ ਫੇਰ ਕੀ ਬਣ ਜਾਂਦਾ ਹੈ?

*ਦਾਤਿ ਪਿਆਰੀ ਵਿਸਰਿਆ ਦਾਤਾਰਾ॥*
*ਜਾਣੈ ਨਾਹੀ ਮਰਣੁ ਵਿਚਾਰਾ॥* *ਅੰਗ - ੬੭੬*
*ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ॥*
*ਨਾਮੁ ਵਿਸਾਰਿ ਨਾਨਕ ਪਛੁਤਾਨਾ॥* *ਅੰਗ - ੨੮੮*

ਫੇਰ ਜੀਵਨ ਦੀਆਂ ਇਹ ਸੁਨਿਹਰੀ ਘੜੀਆਂ ਮੰਦਭਾਗੀ ਘੜੀਆਂ ਬਣ ਜਾਂਦੀਆ ਹਨ ਕਿਉਂਕਿ ਦਰਗਾਹ ਵਿਚ ਜਾ ਕੇ ਪਛਤਾਉਣਾ ਪਵੇਗਾ। ਸੁਨਿਹਰੀ ਘੜੀਆਂ ਉਹ ਹੁੰਦੀਆਂ ਹਨ ਜਿਨ੍ਹਾਂ ਵਿਚ ਮਨ ਇਕਾਗਰ ਹੋ ਕੇ ਪ੍ਰਭੂ ਦੀ ਸਿਫਤ ਵਿਚ ਜੁੜ ਜਾਵੇ ਅਤੇ ਕਰਤਾਰ ਚਿੱਤ ਆਵੇ। ਇਸ ਲਈ ਗੁਰੂ ਦੇ ਸਿੱਖ ਨੂੰ ਸਤਸੰਗ ਕਰਨਾ ਵੀ ਅਤੀ ਜ਼ਰੂਰੀ ਹੈ ਕਿਉਂਕਿ ਇਥੇ ਹਰੀ ਜਸ ਤੇ ਨਾਮ ਦੀਆਂ ਵਿਚਾਰਾਂ ਸੁਣਨ ਵਾਸਤੇ ਜੁੜ ਕੇ ਬੈਠਦਾ ਹੈ। ਮੁਕਤੀ ਦੇ ਚਾਰ ਦਰਵਾਜਿਆਂ ਵਿਚੋਂ ਸਭ ਤੋਂ ਪਹਿਲਾ ਦਰਵਾਜ਼ਾ ਸਤਸੰਗ ਦਾ ਮੰਨਿਆ ਗਿਆ ਹੈ। ਸਤਸੰਗਤ ਤੋਂ ਬਿਨਾਂ ਮਨੁੱਖ ਪਸ਼ੂ ਢੋਰ ਵਰਗਾ ਹੈ ਕਿਉਂਕਿ ਇਸ ਤੋਂ ਬਿਨਾਂ ਜੀਵਨ ਮਨੋਰਥ ਦੀ ਸਮਝ ਨਹੀਂ ਪੈਂਦੀ। ਸਤਸੰਗਤ ਵਿਚ ਆ ਕੇ ਮਾੜੇ ਕਰਮਾਂ ਨੂੰ ਛੱਡਣ ਤੇ ਚੰਗੇ ਕਰਮਾਂ ਨੂੰ ਕਰਨ ਦੀ ਸਮਝ ਪੈ ਜਾਂਦੀ ਹੈ ਜਿਵੇਂ ਹੰਸ ਦੁੱਧ ਵਿਚ ਚੁੰਜ ਮਾਰ ਕੇ ਤੱਤ ਵਸਤੂ ਨੂੰ ਗ੍ਰਹਿਣ ਕਰ ਲੈਂਦਾ ਹੈ। ਜਿਵੇਂ ਪਾਰਸ ਦੀ ਸੰਗਤ ਕਰਕੇ ਲੋਹਾ ਕੰਚਨ ਬਣ ਜਾਂਦਾ ਹੈ, ਇਸੇ ਤਰ੍ਹਾਂ ਸਤਸੰਗਤ ਕਰਨ ਨਾਲ ਮਨੁੱਖ ਨੂੰ ਬਿਬੇਕ ਬੁੱਧੀ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਸ ਤਰ੍ਹਾਂ ਭਾਗਾਂ ਬਿਨਾਂ ਪੂਰਾ ਸਤਿਗੁਰੂ ਨਹੀਂ ਮਿਲਦਾ ਉਸੇ ਤਰ੍ਹਾਂ ਚੰਗੇ ਭਾਗਾਂ ਬਿਨਾ ਸਤਸੰਗਤ ਵੀ ਨਹੀਂ ਮਿਲਿਆ ਕਰਦੀ। ਜਿਸ

ਨੂੰ ਵਾਹਿਗੁਰੂ ਨੇ ਆਪਣੀ ਸੋਝੀ ਬਖਸ਼ਣੀ ਹੋਵੇ ਤੇ ਨਾਮ ਨਾਲ ਜੋੜਨਾ ਹੋਵੇ ਉਸ ਨੂੰ ਸਤਸੰਗਤ ਵਿਚ ਦਾਖਲਾ ਮਿਲ ਜਾਂਦਾ ਹੈ। ਜਿਹੜੇ ਵਾਹਿਗੁਰੂ ਦੀਆਂ ਦਾਤਾਂ ਲੈ ਕੇ ਸ਼ੁਕਰਾਨਾ ਨਹੀਂ ਕਰਦੇ, ਨਾਮ ਨਹੀਂ ਜਪਦੇ ਉਨ੍ਹਾਂ ਨੂੰ ਗੁਰਬਾਣੀ ਵਿਚ ਚੋਰ ਆਖਿਆ ਗਿਆ ਹੈ।

*ਜਿਸ ਨੋ ਆਪੇ ਰੰਗੇ ਸੁ ਰਪਸੀ ਸਤਸੰਗਤਿ ਮਿਲਾਇ ॥*
*ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ ॥ ੫ ॥*
*ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥*
*ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ ॥*

*ਅੰਗ - ੪੨੭*

*ਮਿਲਿ ਸਤਸੰਗਤਿ ਖੋਜੁ ਦਸਾਈ*
*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥* *ਅੰਗ - ੯੪*

ਸਤਸੰਗਤ ਦੇ ਅੰਦਰ ਪ੍ਰਭੂ ਦਾ ਨਿਵਾਸ ਹੁੰਦਾ ਹੈ ਤੇ ਨਾਮ ਜਪਣ ਵਾਲਿਆਂ ਦੀ ਮਹਿਮਾ ਸੁਣ ਕੇ ਆਤਮ ਮਾਰਗ ਦੀ ਸੋਝੀ ਮਿਲਦੀ ਹੈ। ਕਲਜੁਗ ਦੇ ਅੰਦਰ ਪੂਰਾ ਗੁਰੂ ਮਿਲ ਜਾਣਾ ਤੇ ਸਤਸੰਗਤ ਦੀ ਪ੍ਰਾਪਤੀ ਹੋ ਜਾਣੀ ਵੱਡੇ ਭਾਗਾਂ ਦੀ ਨਿਸ਼ਾਨੀ ਹੁੰਦੀ ਹੈ। ਕਲਜੁਗ ਦੇ ਦੋ ਪੱਖ ਮੰਨੇ ਗਏ ਹਨ, ਇਕ ਬਾਰੇ ਤਾਂ ਆਮ ਕਰਕੇ ਕਿਹਾ ਜਾਂਦਾ ਹੈ ਕਿ ਇਹ ਬੜਾ ਮਾੜਾ ਤੇ ਭਿਆਨਕ ਜੁੱਗ ਹੈ ਤੇ ਗੁਰਬਾਣੀ ਦਾ ਫੁਰਮਾਨ ਵੀ ਹੈ।

*ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥ ੧ ॥*

*ਅੰਗ - ੪੭੦*

*ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥* *ਅੰਗ - ੧੬੧*
*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥* *ਅੰਗ - ੫੫੬*

*ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥*
*ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥ ੩ ॥*

*ਅੰਗ - ੯੦੨*

ਕਲੀਕਾਲ ਦਾ ਜੁੱਗ ਵਿਸ਼ੇ-ਵਿਕਾਰਾਂ, ਚੋਰੀ-ਠੱਗੀ-ਫਰੇਬ, ਵੈਰ-ਵਿਰੋਧ ਆਦਿ ਅੱਗ ਨਾਲ ਤਪਿਆ ਹੋਇਆ ਯੁੱਗ ਹੈ ਅਤੇ 'ਝੂਠ' ਇਸ ਦਾ ਚਾਲਕ ਹੋਣ ਕਰਕੇ ਮਨੁੱਖ ਨੂੰ ਮਾੜੀ ਦਿਸ਼ਾ ਵਲ ਭਜਾਈ ਫਿਰਦਾ ਹੈ। ਇਸ ਜੁਗ ਵਿਚ ਬਹੁਤੇ ਲੋਕ ਭੂਤ-ਪ੍ਰੇਤ ਬਿਰਤੀ ਵਾਲੇ ਹਨ ਇਸ ਕਰਕੇ ਕਿਸੇ ਦਾ ਕੋਈ ਕਰਮ-ਧਰਮ ਤੇ ਮਾਣ ਮਰਿਆਦਾ ਨਹੀਂ ਰਹੇਗੀ। ਜੇ ਕੋਈ ਸਤ-ਧਰਮ ਤੇ ਚੱਲ ਕੇ ਆਚਰਣ ਕਾਇਮ ਰੱਖਣਾ ਚਾਹੇ ਤਾਂ ਰਹਿ ਨਹੀਂ ਸਕੇਗਾ, ਤਪ ਕਰਨ ਵਾਲਾ ਇੰਦਰੀਆਂ ਨੂੰ ਵਸ ਨਹੀਂ ਕਰ ਸਕੇਗਾ, ਨਾਮ ਜਪਣ ਵਾਲੇ ਨੂੰ ਚੰਗਾ ਨਹੀਂ ਸਮਝਿਆ ਜਾਵੇਗਾ, ਉਸ ਨੂੰ ਲੋਕ ਬਦਨਾਮ ਕਰਨਗੇ, ਇਹ ਕਲਜੁਗ ਦੇ ਲੱਛਣ ਹਨ। ਪਰ ਬਾਵਜੂਦ ਇਸ ਦੇ ਕਿ ਕਲਜੁਗ ਬਹੁਤ ਭੈੜਾ ਹੈ, ਇਸ ਵਿਚ ਚੰਗਿਆਈ ਵੀ ਹੈ। ਜਿਨ੍ਹਾਂ ਨੇ ਮਾੜੇ ਕੰਮ ਕਰਨੇ ਹਨ ਉਨ੍ਹਾਂ ਵਾਸਤੇ ਤਾਂ ਕਲਜੁਗ ਦਾ ਸਮਾਂ ਮਾੜਾ ਹੈ ਕਿਉਂਕਿ ਭੈੜੇ ਕੰਮ ਕਰਕੇ ਨਰਕ ਭੋਗਣਾ ਪੈਂਦਾ ਹੈ। ਮਾੜੇ ਕੰਮ ਕਰਨ ਨਾਲ ਬਹੁਤ ਜਲਦੀ ਐਸੇ ਸਾਧਨ ਬਣ ਜਾਂਦੇ ਹਨ ਕਿ ਜ਼ਿੰਦਗੀ ਬਰਬਾਦ ਹੋ ਜਾਂਦੀ ਹੈ।

*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥*

*ਅੰਗ - ੬੪੨*

ਕਲਜੁਗ ਦਾ ਚੰਗਾ ਪੱਖ ਵੀ ਬਹੁਤ ਉੱਤਮ ਹੈ ਕਿਉਂਕਿ ਇਸ ਵਿਚ ਨਾਮ ਦੀ ਮਹਿਮਾ ਹੈ। ਜਿਨ੍ਹਾਂ ਨੇ ਸੇਵਾ ਸਿਮਰਨ ਤੇ ਪਰਉਪਕਾਰ ਦੇ ਕੰਮ ਕਰਨੇ ਹਨ ਉਨ੍ਹਾਂ ਗੁਰਸਿੱਖਾਂ, ਗੁਰਮੁਖ ਪਿਆਰਿਆਂ ਤੇ ਭਗਤਾਂ ਵਾਸਤੇ ਇਹ ਜੁੱਗ ਬਹੁਤ ਚੰਗਾ ਹੈ ਕਿਉਂਕਿ ਇਹ ਨਾਮ ਬੀਜਣ ਦੀ ਰੁੱਤ ਹੈ।

*ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥*
*ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥*

*ਅੰਗ - ੩੪੬*

*ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥*

*ਅੰਗ - ੧੧੮੫*

*ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥*
*ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ*
*ਕਲਿ ਮਹਿ ਕੀਰਤਿ ਹਰਿ ਨਾਮਾ ॥ ੨ ॥*
*ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥ ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥*

*ਅੰਗ - ੭੯੭*

ਕਲਜੁਗ ਬਾਰੇ ਪਿਆਰੇ ਮਹਾਂਪੁਰਸ਼ (ਸਚਖੰਡ ਵਾਸੀ ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ, ਰਤਵਾੜਾ ਸਾਹਿਬ ਵਾਲੇ) ਇਕ ਸਾਖੀ ਸੁਣਾਇਆ ਕਰਦੇ ਸਨ ਕਿ ਦੁਆਪਰ ਜੁੱਗ ਜਦੋਂ ਖਤਮ ਹੋਣ ਵਾਲਾ ਸੀ ਤਾਂ ਪਾਂਡਵਾਂ ਨੂੰ ਅੰਮ੍ਰਿਤ ਵੇਲੇ ਵੱਖ-ਵੱਖ ਦ੍ਰਿਸ਼ਟਾਂਤ ਨਜ਼ਰ ਆਏ ਤੇ ਪੰਜ ਭਰਾਵਾਂ ਨੇ ਸ੍ਰੀ ਕ੍ਰਿਸ਼ਨ ਜੀ ਪਾਸੋਂ ਇਸ ਬਾਰੇ ਪੁੱਛਿਆ। ਪਹਿਲੇ ਦੇ ਉਤਰ ਵਿਚ ਉਨ੍ਹਾਂ ਦੱਸਿਆ ਕਿ ਜੋ ਵਾੜ ਖੇਤ ਨੂੰ ਖਾ ਰਹੀ ਸੀ ਇਸ ਦਾ ਮਤਲਬ ਹੈ ਕਿ ਕਲਜੁਗ ਦੇ ਰਾਜੇ ਪਰਜਾ ਦਾ ਧਨ ਲੁੱਟ-ਲੁੱਟ ਕੇ ਆਪਣੇ ਬੈਂਕ ਭਰਨਗੇ। ਦੂਜੇ ਨੂੰ ਦਿਸਿਆ ਕਿ ਦੋ ਸੁੰਡਾਂ ਵਾਲਾ ਹਾਥੀ ਜਿਹੜਾ ਇਕ ਨਾਲ ਘਾਹ ਤੇ ਦੂਜੀ ਨਾਲ ਮਾਸ ਖਾ ਰਿਹਾ ਸੀ ਇਸ ਤੋਂ ਭਾਵ ਹੈ ਕਿ ਕਲਜੁਗ ਦੇ ਨਿਆਇਕਾਰ ਝੂਠੇ ਤੇ ਸੱਚੇ ਦੋਵਾਂ ਤੋਂ ਰਿਸ਼ਵਤ ਲਿਆ ਕਰਨਗੇ। ਤੀਜੇ ਦਾ ਉਤਰ ਸੀ ਸੀ ਕਿ ਤਿੰਨ ਖੂਹਾਂ ਵਿਚੋਂ ਜਿਹੜਾ ਆਲੇ-ਦੁਆਲੇ ਦੇ ਦੋਵਾਂ ਦਾ ਪਾਣੀ ਇਕ ਦੂਜੇ ਨੂੰ ਪੈ ਰਿਹਾ ਸੀ ਪਰ ਵਿਚਕਾਰਲਾ ਖਾਲੀ ਸੀ ਤੋਂ ਭਾਵ ਕਿ ਕਲਜੁਗ ਵਿਚ ਸਕੇ ਭਰਾਵਾਂ ਦਾ ਪਿਆਰ ਘਟ ਜਾਵੇਗਾ ਤੇ ਪਰਾਇਆਂ ਨਾਲ ਮਿਲਵਰਤਣ ਹੋਵੇਗਾ। ਚੌਥੇ ਨੂੰ ਜਵਾਬ ਦਿਤਾ ਕਿ ਜਿਸ ਹੰਸ ਦੇ ਖੰਭਾਂ ਉਤੇ ਵੇਦਾਂ ਦੇ ਸਲੋਕ ਲਿਖੇ ਹੋਏ ਸਨ ਤੇ ਗੰਦਗੀ ਦੇ ਢੇਰ ਤੇ ਬੈਠਾ ਚੁੰਜਾਂ ਮਾਰ ਰਿਹਾ ਸੀ, ਇਹ ਕਲਜੁਗ ਦੇ ਧਾਰਮਿਕ ਪ੍ਰਚਾਰਕਾਂ ਦਾ ਵਰਤਾਰਾ ਸੀ ਕਿ ਉਨ੍ਹਾਂ ਦਾ ਆਪਣਾ ਜੀਵਨ ਗਿਰਾਵਟ ਵਿਚ ਆ ਜਾਵੇਗਾ ਪਰ ਜਨਤਾ ਨੂੰ ਸ਼ਾਸਤਰ ਵਿਦਿਆ ਦਾ ਉਪਦੇਸ਼ ਦਿਆ ਕਰਨਗੇ। ਪੰਜਵਾਂ

ਜੋ ਹਜ਼ਾਰਾਂ ਮਣ ਦੇ ਪੱਥਰ ਦਾ ਪਹਾੜ ਸਭ ਕਾਸੇ ਨੂੰ ਮਲੀਆਮੇਟ ਕਰਦਾ ਆ ਰਿਹਾ ਸੀ ਤੇ ਇਕ ਘਾਹ ਦੇ ਤੀਲੇ ਨੇ ਰੋਕ ਲਿਆ। ਇਸ ਦਾ ਮਤਲਬ ਹੈ ਕਿ ਕਲਜੁਗ ਨੇ ਕਿਸੇ ਦਾ ਕਰਮ ਧਰਮ ਨਹੀਂ ਰਹਿਣ ਦੇਣਾ ਪਰ ਜਿਹੜਾ ਨਾਮ ਨਾਲ ਜੁੜ ਕੇ ਰਹੇਗਾ ਉਸ ਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ। ਪਾਂਡਵਾਂ ਦਾ ਪੋਤਰਾ ਰਾਜਾ ਪ੍ਰੀਛਤ ਬੜਾ ਧਰਮੀ ਰਾਜਾ ਸੀ। ਇਸ ਦੇ ਸਮੇਂ ਕਲਜੁਗ ਲੱਗ ਚੁੱਕਿਆ ਸੀ, ਇਸ ਨੇ ਵੇਖਿਆ ਕਿ ਕਾਲੇ ਕਪੜਿਆਂ ਵਾਲਾ ਵਿਕਰਾਲ ਸ਼ਕਲ ਦਾ ਬੰਦਾ ਬੈਲ ਨੂੰ ਮਾਰ ਰਿਹਾ ਸੀ। ਉਸ ਦੀਆਂ ਤਿੰਨ ਲੱਤਾਂ ਤੋੜ ਦਿਤੀਆਂ ਤੇ ਉਹ ਇਕ ਲੱਤ ਭਾਰ ਖੜ੍ਹਾ ਸੀ। ਰਾਜੇ ਨੇ ਜਦੋਂ ਤਲਵਾਰ ਕੱਢ ਕੇ ਪੁਛਿਆ ਤਾਂ ਉਸ ਨੇ ਦਸਿਆ ਕਿ ਮੈਂ ਕਲਜੁਗ ਹਾਂ ਤੇ ਇਹ ਧਰਮ ਰੂਪੀ ਬੈਲ ਹੈ। ਇਸ ਦੇ ਚਾਰ ਪੈਰ ਹੁੰਦੇ ਹਨ; ਰਾਜਾ, ਤੀਰਥ ਅਤੇ ਧਰਮ ਦੇ ਉਪਦੇਸ਼ਕ, ਇਹ ਤਿੰਨੇ ਮੈਂ ਭ੍ਰਿਸ਼ਟ ਕਰ ਦੇਣੇ ਹਨ। ਚੌਥਾ ਪੈਰ ਪ੍ਰਮੇਸ਼ਰ ਦੇ ਨਾਮ ਦਾ ਹੈ ਜਿਸ ਦੇ ਆਸਰੇ ਧਰਮ ਕਾਇਮ ਰਹਿ ਸਕੇਗਾ। ਪ੍ਰੀਛਤ ਕਹਿਣ ਲੱਗਿਆ ਕਿ ਫੇਰ ਤਾਂ ਤੈਨੂੰ ਮਾਰਨਾ ਹੀ ਬੇਹਤਰ ਹੈ ਜੇ ਤੂੰ ਐਸੇ ਉਪੱਦ੍ਰਵ ਕਰਨੇ ਹਨ। ਕਹਿਣ ਲੱਗਾ, ਰਾਜਨ! ਜੇ ਮੇਰੇ ਵਿਚ ਐਨੇ ਔਗਣ ਹਨ ਤਾਂ ਗੁਣ ਵੀ ਬਹੁਤ ਵੱਡਾ ਹੈ ਕਿਉਂਕਿ ਮੇਰੇ ਜੁੱਗ ਵਿਚ ਨਾਮ ਤੇ ਸਤਿਸੰਗ ਦੀ ਬਹੁਤ ਮਹਿਮਾ ਹੈ। ਸਤਜੁਗ ਵਿਚ ਜੇ ਕੋਈ ਦਸ ਹਜ਼ਾਰ ਸਾਲ ਤਪ ਕਰੇ, ਤ੍ਰੇਤੇ ਵਿਚ ਇਕ ਹਜ਼ਾਰ ਸਾਲ ਤਪ ਕਰੇ ਤੇ ਦੁਆਪਰ ਵਿਚ ਸੌ ਸਾਲ ਤਪ ਕਰੇ ਤਾਂ ਉਹ ਮੇਰੇ ਜੁੱਗ (ਕਲਜੁਗ) ਵਿਚ ਕੀਤੇ ਹੋਏ ਇਕ ਘੜੀ ਦੇ ਸਤਸੰਗ ਦੇ ਬਰਾਬਰ ਹੈ।

ਜਨਮ ਸਾਖੀ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਜੀ ਸੰਸਾਰ ਦਾ ਉਧਾਰ ਕਰਦੇ ਹੋਏ ਰਾਮੇਸ਼ਵਰਮ ਸ਼ਹਿਰ ਵਿਖੇ, ਸਮੁੰਦਰ ਦੇ ਕੰਢੇ ਬਰੇਤੀ ਉਤੇ, ਭਾਈ ਬਾਲਾ ਤੇ ਭਾਈ ਮਰਦਾਨਾ ਸਮੇਤ ਸਮਾਧੀ ਸਥਿਤ ਬੈਠੇ ਹੋਏ ਸਨ। ਉਥੇ ਕਲਜੁਗ ਨੇ ਆਪਣੀ ਕਲਾ ਦਿਖਾਉਣ ਦਾ ਜਤਨ ਕੀਤਾ ਪਰ ਇਸ ਦਾ ਕੋਈ ਜ਼ੋਰ ਨਾ ਚਲਿਆ। ਇਸ ਨੇ ਆਪਣੇ ਲੱਛਣ ਜ਼ਾਹਰ ਕਰਕੇ ਭੁੱਲ ਦੀ ਮਾਫੀ ਮੰਗੀ ਤੇ ਨਮਸ਼ਕਾਰ ਕੀਤੀ। ਇਸ ਨੇ ਗੁਰੂ ਮਹਾਰਾਜ ਜੀ ਨਾਲ ਵਾਅਦਾ ਕੀਤਾ ਕਿ ਜਿਥੇ ਆਪ ਦਾ ਸ਼ਬਦ ਕੀਰਤਨ ਤੇ ਸਤਿਸੰਗ ਹੋਵੇਗਾ ਉਥੇ ਮੈਂ ਨਹੀਂ ਜਾਵਾਂਗਾ ਕਿਉਂਕਿ ਆਪ ਜੀ ਸੰਸਾਰ ਨੂੰ ਤਾਰਨ ਵਾਸਤੇ ਦਰਗਾਹ ਤੋਂ ਨਾਮ ਲੈ ਕੇ ਆਏ ਹੋ। ਇਸ ਲਈ ਜਿਹੜੇ ਨਾਮ ਤੋਂ ਟੁੱਟੇ ਹੋਣਗੇ ਉਨ੍ਹਾਂ ਦਾ ਹਾਲ ਤਾਂ ਇੰਝ ਹੋਵੇਗਾ ਜਿਵੇਂ ਦਾਣੇ ਚੱਕੀ ਦੇ ਦੋਵਾਂ ਪੁੜਾਂ ਵਿਚ ਪਿਸ ਜਾਂਦੇ ਹਨ ਪਰ ਜਿਹੜੇ ਦਾਣੇ ਕਿੱਲੀ ਨਾਲ ਜੁੜੇ ਰਹਿੰਦੇ ਹਨ ਉਹ ਬਚ ਜਾਂਦੇ ਹਨ। ਇਸੇ ਤਰ੍ਹਾਂ ਜਿਹੜੇ ਨਾਮ ਦੇ ਧੁਰੇ ਨਾਲ ਜੁੜੇ ਰਹਿਣਗੇ ਉਹ ਕਲਜੁਗ ਦੀ ਮਾਰ ਤੋਂ ਬਚ ਜਾਣਗੇ।

*ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥*
*ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥*

*ਅੰਗ - ੧੪੨*

ਇਸ ਕਰਕੇ ਕਲਜੁਗ, ਸੇਵਾ, ਸਿਮਰਨ ਤੇ ਸਤਸੰਗ ਕਰਨ ਵਾਲਿਆਂ ਵਾਸਤੇ ਮਾੜਾ ਨਹੀਂ ਕਿਉਂਕਿ ਇਸ ਵਿਚ ਥੋੜ੍ਹੀ ਮਿਹਨਤ ਨਾਲ ਜ਼ਿਆਦਾ ਫਲ ਪ੍ਰਾਪਤ ਹੁੰਦਾ ਹੈ। ਇਕੱਲੇ ਬੈਠ ਕੇ ਤਪ ਕਰਨਾ ਇਸ ਤਰ੍ਹਾਂ ਹੈ ਜਿਵੇਂ ਕੋਈ ਕਿਸਾਨ ਆਪਣਾ ਖੂਹ ਜਾਂ ਟਿਊਬਵੈਲ ਚਲਾਉਂਦਾ ਹੈ ਤਾਂ ਉਹ ਆਪਣੇ ਖੇਤ ਤੀਕਰ ਹੀ ਸੀਮਤ ਰਹਿੰਦਾ ਹੈ। ਇਕੱਠਿਆਂ ਬੈਠ ਕੇ ਸੰਗਤ ਦੇ ਰੂਪ ਵਿਚ ਸਤਿਸੰਗ ਕਰਨਾ ਇਸ ਤਰ੍ਹਾਂ ਨਾਲ ਹੈ ਜਿਵੇਂ ਬਾਰਿਸ਼ ਪੈਂਦੀ ਹੈ ਤਾਂ ਉੱਚੇ, ਨੀਵੇਂ ਤੇ ਖਾਲੀ ਥਾਵਾਂ ਨੂੰ ਪਾਣੀ ਨਾਲ ਤਰ ਕਰ ਦਿੰਦੀ ਹੈ। ਜਦੋਂ ਏਕਾ ਪਾ ਕੇ ਲਿਖੀਏ ਤਾਂ ਉਸ ਦੀ ਕੀਮਤ ਕੇਵਲ ਇਕ ਹੀ ਬਣੇਗੀ ਕਿਉਂਕਿ ਇਕੱਲੇ ਹਾਂ। ਇਸ ਦੇ ਨਾਲ ਇਕ ਹੋਰ ਏਕਾ ਪਾ ਦੇਈਏ ਤਾਂ ਗਿਆਰਾਂ ਬਣ ਜਾਂਦਾ ਹੈ, ਇਕ ਏਕਾ ਹੋਰ ਪਾ ਦੇਈਏ ਤਾਂ ਇਕ ਸੌ ਗਿਆਰਾਂ ਬਣ ਜਾਵੇਗਾ। ਚਾਰ ਏਕੇ ਲਿਖੀਏ ਤਾਂ ਇਕ ਹਜ਼ਾਰ ਇਕ ਸੌ ਗਿਆਰ੍ਹਾਂ, ਪੰਜ ਏਕੇ ਲਿਖੀਏ ਤਾਂ ਗਿਆਰਾਂ ਹਜ਼ਾਰ ਇਕ ਸੌ ਗਿਆਰਾਂ ਤੇ ਜੇਕਰ ਛੇ ਏਕੇ ਲਿਖ ਦੇਈਏ ਤਾਂ ਕੀਮਤ ਇਕ ਲੱਖ ਗਿਆਰਾਂ ਹਜ਼ਾਰ ਇਕ ਸੌ ਗਿਆਰਾਂ ਬਣ ਜਾਵੇਗੀ। ਇਸ ਤਰ੍ਹਾਂ ਨਾਲ ਸਤਿਸੰਗ ਵਿਚ ਨਾਮ ਨਾਲ ਜੁੜ ਕੇ ਬੈਠਣ ਨਾਲ, ਇਸ ਦਾ ਫਲ ਬਹੁਤ ਵੱਡਾ ਹੋ ਜਾਂਦਾ ਹੈ।

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*

*ਅੰਗ - ੫੪੬*

ਗੁਰੂ ਘਰ ਵਿਚ ਪੰਗਤ ਤੇ ਸੰਗਤ ਦੋਵਾਂ ਦੀ ਮਹਾਨਤਾ ਹੈ, ਪੰਗਤ ਵਿਚ ਬਰਾਬਰਤਾ ਹੈ ਤੇ ਸੰਗਤ ਵਿਚ ਮਿਲ ਬੈਠ ਕੇ ਸਿਮਰਨ ਦਾ ਉਪਦੇਸ਼ ਹੈ। ਸਤਿਸੰਗਤ ਉਹ ਹੁੰਦੀ ਹੈ ਜਿਥੇ ਸਿਰਫ ਪ੍ਰਮਾਤਮਾ ਦੇ ਨਾਮ ਦੀ ਸਿਫਤ ਸਲਾਹ ਕੀਤੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਨੇ ਗੁਰਸਿੱਖਾਂ ਤੇ ਬੜੀ ਕ੍ਰਿਪਾ ਕਰਕੇ ਇਸ ਹੁਕਮ ਦੀ ਸੋਝੀ ਕਰਵਾ ਦਿਤੀ ਕਿ ਪਿਆਰਿਓ! ਇਸ ਗੱਲ ਨੂੰ ਦ੍ਰਿੜ੍ਹ ਕਰੋ ਕਿ ਸੰਗਤ ਦੇ ਰੂਪ ਵਿਚ ਸਤਸੰਗ ਵਿਚ ਬੈਠ ਕੇ ਇਕ ਮਨ, ਇਕ ਚਿੱਤ ਹੋ ਕੇ ਵਾਹਿਗੁਰੂ ਦਾ ਸਿਮਰਨ ਕਰੋ।

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥*
*ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥*

*ਅੰਗ - ੭੨*

ਵੱਡਿਆਂ ਭਾਗਾਂ ਨਾਲ ਅਕਾਲਪੁਰਖ ਨੇ ਮਨੁੱਖਾ ਸਰੀਰ ਦੇ ਦਿਤਾ, ਮਾਪਿਆਂ ਨੇ ਪਾਲਣਾ ਕਰ ਦਿਤੀ ਤੇ ਸਤਿਗੁਰੂ ਜੀ ਨੇ ਗੁਣ ਔਗੁਣ ਨਾ ਚਿਤਾਰਦੇ ਹੋਏ ਸਰਣ ਆਇਆਂ ਦੀ ਲਾਜ ਰੱਖ ਕੇ ਸਿੱਖੀ ਦੀ ਦਾਤ ਬਖਸ਼ ਕੇ ਸਭ ਕੁਝ ਸਮਝਾ ਦਿਤਾ।

*'ਚਲਦਾ..........।'*

# ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ

*ਸੰਤ ਬਾਬਾ ਹਰਪਾਲ ਸਿੰਘ ਜੀ*

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥*
*ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥*
*ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥*
*ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥*
*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥*
*ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥*
*ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥*
*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ ॥*
*ਅੰਗ - ੧੩੩*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਵਾਹਿਗੁਰੂ'। ਪਾਤਸ਼ਾਹ ਜੀ ਦੀ ਅਪਾਰ ਬਖਸ਼ਿਸ਼ ਹੋਈ ਹੈ। ਗੁਰੂ ਪਾਤਸ਼ਾਹ ਜੀ ਦੇ ਦਰਬਾਰ ਦੇ ਵਿਚ ਆਪਾਂ ਸ਼ਬਦ ਪੜ੍ਹਿਆ ਹੈ ਬਾਰਹਮਾਹਾ ਦਾ। ਜਿਸ ਦੇ ਵਿਚ ਸਾਲ ਦੇ ਬਾਰ੍ਹਾਂ ਮਹੀਨਿਆਂ ਦਾ ਜ਼ਿਕਰ ਕੀਤਾ ਹੈ। ਆਪਾਂ ਵਿਚਾਰ ਕਰਨੀ ਹੈ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥* *ਅੰਗ - ੬੨*

ਸਤਿਸੰਗ ਦੀ ਨਿਸ਼ਾਨੀ ਹੁੰਦੀ ਹੈ ਕਿ ਨਾਮ ਨਾਲ ਜੁੜਿਆ ਜਾਵੇ। ਨਾਮ ਕਿਤੋਂ ਬਾਹਰੋਂ ਤਾਂ ਲੱਭਦਾ ਨਹੀਂ। ਨਾ ਕੋਈ ਬਾਹਰੋਂ ਦਿੰਦਾ ਹੈ। ਨਾਮ ਤਾਂ ਅੰਦਰੋਂ ਮਿਲਦਾ ਹੈ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ - ੨੯੩*

ਨਿਸ਼ਾਨੀ ਵੀ ਦਸ ਦਿਤੀ ਕਿ ਕਿੱਥੇ ਹੈ?

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* *ਅੰਗ - ੨੯੩*

ਇਥੇ ਤੱਕ ਪਹੁੰਚਣ ਵਾਸਤੇ ਗੁਰੂ ਤੋਂ ਮੰਤ੍ਰ ਲਿਆ ਜਾਂਦਾ ਹੈ, ਸਾਡੇ ਘਰ ਦਾ ਮੰਤਰ ਹੈ -

*ਵਾਹਿਗੁਰੂ ਗੁਰ ਮੰਤ੍ਰ ਹੈ ਜਪੁ ਹਉਮੈ ਖੋਈ।*

ਪੰਜ ਪਿਆਰੇ ਦ੍ਰਿੜ੍ਹ ਕਰਵਾਉਂਦੇ ਹਨ, ਮੂਲਮੰਤ੍ਰ, ਗੁਰਮੰਤ੍ਰ, ਧੰਨ ਗੁਰੂ ਗ੍ਰੰਥ ਸਾਹਿਬ ਜੀ ਪਾਤਸ਼ਾਹ ਮਹਾਰਾਜ ਜਗਤ ਗੁਰੂ ਹਨ, ਸਾਡੇ ਹੀ ਨਹੀਂ, ਸਾਰਿਆਂ ਦੇ, ਜਗਤ ਗੁਰੂ ਹਨ -

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥*
*ਅੰਗ - ੭੪੮*

ਗੁਰੂ ਕਦੇ ਸਰੀਰ ਨਹੀਂ ਹੋਇਆ ਕਰਦਾ। ਜੇ ਦੇਹ ਵੀ ਧਾਰਨ ਕੀਤੀ ਹੈ, ਤਾਂ ਵੀ ਜਿਹੜੀ ਗੁਰਬਾਣੀ ਆਈ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਅੰਗ - ੯੮੨*

ਬਾਣੀ ਗੁਰੂ ਹੈ ਤੇ ਗੁਰੂ ਹੀ ਬਾਣੀ ਹੈ। ਲੋੜ ਹੈ ਜੁੜਨ ਦੀ ਕਿ ਕਿਵੇਂ ਬਾਣੀ ਜਿੱਥੋਂ ਵੀ ਪੜ੍ਹ ਲਓ, ਸੁਣ ਲਓ ਜਾਂ ਵਿਚਾਰ ਲਓ ਨਾਮ ਨਾਲ ਜੋੜਦੀ ਹੈ, ਸਮੇਂ ਦੀ ਵੰਡ ਹੈ -

*ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥*
*ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥*
*ਅੰਗ - ੬੯੨*

*ਇਹ ਠਹਿਰਨ ਜਾਚ ਨ ਜਾਣਦਾ।*
*ਲੰਘ ਗਿਆ ਨਾ ਮੁੜ ਕੇ ਆਂਵਦਾ।*

ਹੁਣ ਸਮਾਂ ਯੋਗ ਹੈ, ਧੰਨ ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਨੇ ਕ੍ਰਿਪਾ ਕੀਤੀ। ਕਿਉਂਕਿ ਚੱਲਿਆ ਆਉਂਦਾ ਸੀ ਕਿ ਜਿਹੜੀ ਮਹੀਨੇ ਦੀ ਸ਼ੁਰੂਆਤ ਹੈ, ਉਹ ਕਿਸੇ ਭਲੇ ਪੁਰਸ਼ ਦੇ ਦਰਸ਼ਨ ਕਰਕੇ, ਉਸ ਦੇ ਮੁੱਖ ਤੋਂ ਮਹੀਨੇ ਦਾ ਮਹਾਤਮ ਸੁਣ ਕੇ ਕੀਤੀ ਜਾਂਦੀ। ਗੁਰੂ ਪਾਤਸ਼ਾਹ ਜੀ ਨੇ ਰਹਿਮਤ ਕਰ ਦਿਤੀ ਕਿ ਬਾਰ੍ਹਾਂ ਮਹੀਨ੍ਹਿਆਂ ਦੇ ਵਿਚ ਸਾਰੇ ਮਹੀਨਿਆਂ ਦਾ ਮਹਾਤਮ ਦੱਸਿਆ ਹੈ। ਹੈ ਤਾਂ ਸਾਰੇ ਹੀ -

*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥*
*ਅੰਗ - ੧੩੬*

*ਸਾਈ ਘੜੀ ਸੁਲਖਣੀ ਸਿਮਰਤ ਹਰਿ ਨਾਮ ॥*
*ਅੰਗ - ੮੧੯*

ਉਹ ਸਾਰਾ ਸਮਾਂ ਸਾਰਾ ਹੀ ਠੀਕ ਹੈ ਜਦੋਂ ਸਤਿਗੁਰ ਦੇ ਚਰਨਾਂ ਦੇ ਨਾਲ ਜੁੜਦੇ ਹਾਂ। ਗ੍ਰਹਿ ਚਾਲ ਹੈ। ਇਹ ਜਿਹੜੇ ਸਪਤਾਹਿਕ ਦਿਨ ਹਨ ਇਨ੍ਹਾਂ ਨੂੰ ਹਫਤਾ ਕਿਹਾ ਹੈ। ਘੜੀ ਕਹੀ ਹੈ ਸਾਢੇ 24 ਮਿੰਟ ਦੀ। ਫੇਰ ਪਹਿਰ ਹਨ। ਚਾਰ ਪਹਿਰ ਦਿਨ, ਚਾਰ ਪਹਿਰ ਰਾਤ। ਤਿੰਨ ਘੰਟੇ ਦਾ ਇਕ ਪਹਿਰ ਹੈ। ਦਿਨ 24 ਘੰਟੇ ਦਾ ਗਿਣਿਆ ਹੈ, ਸਾਲ ਇਹ ਜਿਹੜਾ ਈਸਵੀ, ਸੰਨ ਈਸਾ ਜੀ ਦੇ ਜਨਮ ਤੋਂ ਆਪਾ ਇਸਨੂੰ ਗਿਣਤੀ ਕਰਦੇ ਹਾਂ। ਈਸਵੀ, ਸੰਨ, ਅੰਗਰੇਜ਼ਾਂ ਦਾ ਰਾਜ ਸੀ ਇਸ ਕਰਕੇ ਸਾਰੇ ਇਹ ਜ਼ਿਆਦਾ ਪ੍ਰਚਲਤ ਹੋ ਗਿਆ, ਪਰ ਜਿਹੜਾ ਸਾਡਾ ਦੇਸੀ ਸਾਲ ਹੈ ਉਹ ਹੈ ***'ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥'*** ਚੇਤ ਮਹੀਨੇ ਤੋਂ ਬਾਰਹਮਾਹਾ ਦੀ ਸ਼ੁਰੂਆਤ ਹੋਈ ਹੈ ਕਿ ਕਿਵੇਂ ਅਨੰਦ ਘਣਾ ਹੋਣਾ ਹੈ। ਕਿਵੇਂ ਸਾਡਾ ਜੀਵਨ

*(ਬਾਕੀ ਪੰਨਾ 42'ਤੇ)*

# ਹਮ ਇਹ ਕਾਜ ਜਗਤ ਮੋ ਆਏ
## (ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਪੁਰਬ-16 ਜਨਵਰੀ, 2016)

*ਸੰਤ ਵਰਿਆਮ ਸਿੰਘ ਜੀ , ਬਾਨੀ ਵਿ. ਗੁ. ਰੂ. ਮਿਸ਼ਨ*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ !*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥* ਅੰਗ - 256
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥* ਅੰਗ - 289

*ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ ॥*
*ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥*
*ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ ॥*

*ਜਾਪੁ ਸਾਹਿਬ*

ਸਾਧ ਸੰਗਤ ਜੀ ! ਚਿਤ ਬਿਰਤੀਆਂ ਇਕਾਗਰ ਕਰੋ। ਗੱਜ ਕੇ ਬੋਲੋ, ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ, ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ। ਅੱਜ ਦਾ ਦਿਨ ਇਸ ਸੰਸਾਰ ਦੇ ਅੰਦਰ ਬਹੁਤ ਹੀ ਮਹੱਤਵਪੂਰਨ ਦਿਨ ਗਿਣਿਆ ਗਿਆ ਹੈ, ਕਿਉਂਕਿ ਇਸ ਦਿਨ ਦੀ ਉਡੀਕ ਵਿਚ ਹਜ਼ਾਰਾਂ ਸਾਲ ਮਨੁੱਖ ਨੂੰ ਇੰਤਜ਼ਾਰ ਕਰਨਾ ਪਿਆ। ਜੋ ਸੰਸਾਰ ਵਿਚ ਵੱਡੇ ਮਹਾਂਪੁਰਸ਼ ਹੋ ਚੁਕੇ ਹਨ ਉਨ੍ਹਾਂ ਸਾਰਿਆਂ ਨੇ ਇਸ ਗੱਲ ਨੂੰ ਅਨੁਭਵ ਕਰ ਲਿਆ ਸੀ ਕਿ ਕੁਝ ਸਮਾਂ ਲੰਘਣ ਦੇ ਨਾਲ ਸੰਸਾਰ ਦੇ ਉਤੇ ਇਕ ਐਸੀ ਹਸਤੀ ਪ੍ਰਗਟ ਹੋਵੇਗੀ, ਜੋ ਸੰਸਾਰ ਤੇ ਇਕ ਐਸਾ ਪੰਥ ਚਲਾਏਗੀ ਜੋ ਧਰਮ ਦੀ ਰਾਖੀ ਲਈ ਤੱਤਪਰ ਰਹੇਗਾ ਤੇ ਸਭ ਨੂੰ ਪਿਆਰ ਕਰੇਗਾ ਤੇ ਸਭ ਦਾ ਸਾਂਝਾ ਹੋਵੇਗਾ।

ਈਸਾ ਜੀ 2000 ਸਾਲ ਪਹਿਲਾਂ, ਇਕ ਦਿਨ ਇਬਾਦਤ 'ਚੋਂ ਉਠੇ, ਆਪਦੇ ਨਕਸ਼ ਬਹੁਤ ਗੰਭੀਰ ਹੋ ਗਏ ਸਨ, ਨਾਲ ਦੇ ਸਾਥੀ ਚੇਲੇ ਪੀਟਰਸ ਵਗੈਰਾ ਸਨ, ਉਹਨਾਂ ਨੇ ਪੁਛਿਆ ਕਿ ਹਜ਼ਰਤ ਅੱਜ ਆਪ ਇੰਨੇ ਗੰਭੀਰ ਹੋ, ਕ੍ਰਿਪਾ ਕਰੋ ਜੋ ਕੋਈ ਅਲੌਕਿਕ ਬਾਤ ਜੋ ਅੱਜ ਤੁਸੀਂ ਖੁਦਾ ਦੇ ਦਰ ਤੇ ਦੇਖੀ ਹੈ, ਸਾਡੇ ਨਾਲ ਸਾਂਝੀ ਕਰੋ ਕਿਉਂਕਿ ਈਸਾ ਜੀ ਨੇ ਬਾਈਬਲ ਦੇ ਅੰਦਰ ਜੋ ਬਾਤਾਂ ਦੱਸੀਆਂ ਹਨ ਉਹ ਇਸ ਤਰ੍ਹਾਂ ਨਹੀਂ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਉਚਾਰੀ ਹੈ। ਮਹਾਰਾਜ ਜੀ ਨੇ ਤਾਂ ਇਕੋ ਵਾਰ ਕਹਿ ਦਿੱਤਾ -

*ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥*
ਅੰਗ - 722


ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ

ਈਸਾ ਜੀ ਬਾਰ-ਬਾਰ ਦੱਸਿਆ ਕਰਦੇ ਸੀ, ਅੱਜ ਸਾਨੂੰ ਅਸਮਾਨੀ ਫਰਿਸ਼ਤੇ ਨੇ ਆ ਕੇ ਇਹ ਗੱਲ ਕਹੀ ਹੈ। ਉਹਨਾਂ ਦੀ ਸਾਰੀ ਬਾਈਬਲ ਇਸ ਤਰ੍ਹਾਂ ਦੇ ਨਾਲ ਹੈ ਕਿ ਅੱਜ ਫਰਿਸ਼ਤੇ ਨੇ ਇਹ ਗੱਲ ਕਹੀ, ਉਹ ਗੱਲ ਕਹੀ, ਉਹ ਜੋ ਫ਼ਨੀ ਤੋ ਫ਼ਨੀ ਪੈਂਦੀ ਹੈ। ਆਪ ਸਮਝਣੀ ਪੈਂਦੀ ਹੈ ਕਿ ਕਿਥੇ ਕੀ ਗੱਲ ਬਣੀ।

ਮੁਹੰਮਦ ਸਾਹਿਬ ਅੰਦਰ ਹੋ ਕੇ ਦਸ ਦਿਆ ਕਰਦੇ ਸੀ ਕਿ ਅੱਜ ਅਸਮਾਨ ਦੇ ਅੰਦਰ ਜੋ ਲੋਹ ਕਲਮ ਹੈ, ਫੱਟੀ ਦੇ ਉੱਤੇ ਅਜ ਇਹ ਚੀਜ਼ ਲਿਖੀ ਹੋਈ ਹੈ, ਇਸਨੂੰ ਕਹਿੰਦੇ ਸੀ ਆਇਤਾਂ ਉਤਰਦੀਆਂ ਨੇ, ਇਲਹਾਮ ਆਉਂਦਾ ਹੈ। ਰਿਸ਼ੀ, ਮੁਨੀਆਂ ਨੂੰ ਵੀ ਇਲਹਾਮ ਆਉਂਦਾ ਸੀ, ਵੇਦਾਂ ਦੀ ਰਚਨਾ, ਸਾਰੀ ਈਸ਼ਵਰ ਦੀ ਕਿਰਤ ਦਸਦੇ ਨੇ, ਕੋਈ ਰਿਸ਼ੀ ਨਹੀਂ ਮੰਨਦਾ ਕਿ ਮੈਂ ਇਹ ਉਚਾਰੀ ਹੈ। ਉਹ ਕਹਿੰਦੇ ਨੇ ਇਹ ਬ੍ਰਹਮਾ ਵਲੋਂ ਆਈ ਹੈ। ਇਲਹਾਮ ਦਾ ਸੰਕਲਪ ਸਾਡੇ ਵਿਚੋਂ ਹੀ ਆਇਆ ਹੈ। ਮੁਹੰਮਦ ਸਾਹਿਬ ਕਹਿ ਦਿਆ ਕਰਦੇ ਸਨ ਕਿ ਲੋਹ ਕਲਮ ਦੇ ਉਤੇ ਅਜ ਇਹ ਲਿਖਿਆ ਹੋਇਆ ਹੈ। ਅਸਮਾਨ ਨੂੰ ਇਕ ਫੱਟੀ ਗਿਣਦੇ ਸੀ, ਉਸਦੇ ਉਤੇ ਆਇਤਾਂ ਪੜ੍ਹ ਕੇ ਸੁਣਾ ਦਿਆ ਕਰਦੇ ਸੀ।

ਸੋ ਉਸ ਦਿਨ ਜਦ ਪੁਛਿਆ ਕਿ ਮਹਾਰਾਜ ਅੱਜ ਤੁਸੀਂ ਕੋਈ ਅਲੌਕਿਕ ਬਾਤ ਦੇਖੀ ਹੈ। ਕਹਿਣ ਲੱਗੇ, ਹਾਂ। ਅਜ ਦਰਗਾਹ ਤੋਂ ਇਕ ਹਸਤੀ ਪਰਗਟ ਹੋਈ ਹੈ ਜਿਸਦੇ ਚਿਹਰੇ ਉਤੇ ਬਹੁਤ ਹੀ ਸੁੰਦਰ ਦਾੜ੍ਹਾ ਹੈ, ਨੂਰਾਨੀ ਚਿਹਰਾ ਹੈ। ਬਹੁਤ ਹੀ ਸੁੰਦਰ ਮਨ ਨੂੰ ਮੋਹਣ ਵਾਲੇ ਸਿਰ ਦੇ ਉਤੇ ਕੇਸ ਹਨ, ਪਰ ਉਹ ਢੱਕੇ ਹੋਏ ਹਨ, ਖੁੱਲ੍ਹੇ ਨਹੀਂ ਹਨ ਤੇ ਦਸਤਾਰ ਬੰਨੀ

ਹੋਈ ਹੈ ਦਸਤਾਰ ਦੇ ਉਤੇ ਸ਼ਿੰਗਾਰ ਜੋ ਹੈ, ਸਜਾਵਟ ਜੋ ਹੈ, ਉਹ ਮਹਾਰਾਜਿਆਂ ਵਰਗੀ ਹੈ ਤੇ ਕਲਗੀ ਲੱਗੀ ਹੋਈ ਹੈ। ਉਹ ਮੋਹਣੀ ਸੂਰਤ ਜੋ ਹੈ ਘੋੜੇ ਤੇ ਸਵਾਰ ਹੈ। ਬਾਂਹ ਦੇ ਮੋਢੇ ਉਤੋਂ ਦੀ ਧਨੁਸ਼ ਬਾਣ ਲਟਕਦਾ ਹੈ ਤੇ ਪਿੱਛੇ ਸੋਨੇ ਦੇ ਤੀਰਾਂ ਦਾ ਭੱਥਾ ਹੈ, ਸੋਨੇ ਦੇ ਮੁਖੀਆਂ ਵਾਲੇ ਤੀਰ ਹਨ। ਉਸਦੇ ਉਤੇ ਖੁਦਾ ਦੀ ਖਾਸ ਰਹਿਮਤ ਹੋ ਰਹੀ ਹੈ, ਉਹ ਸਮਾਂ ਆਏਗਾ ਕਿ ਉਹ ਸੰਸਾਰ ਅੰਦਰ ਪ੍ਰਗਟ ਹੋਏਗਾ। ਪਰ ਅਜੇ ਬੜਾ ਸਮਾਂ ਹੈ। ਸਮੇਂ ਦੀ ਗਿਣਤੀ ਕਰਨੀ ਬੜੀ ਔਖੀ ਹੋਇਆ ਕਰਦੀ ਹੈ। ਗੁਰੂ ਮਹਾਰਾਜ ਜੀ ਜਦ ਬਚਨ ਕਰਿਆ ਕਰਦੇ ਸੀ, ਉਸ ਵੇਲੇ ਸਮੇਂ ਦੀ ਗਿਣਤੀ ਮਿਣਤੀ ਕਰਨੀ ਬੜੀ ਔਖੀ ਹੋਇਆ ਕਰਦੀ ਸੀ ਕਿ ਆਪ ਕਹਿ ਦਿੰਦੇ ਸੀ ਸਮਾਂ ਦੇਖੋਗੇ, ਆਏਗਾ ਐਸਾ, ਹੌਲੀ-ਹੌਲੀ ਓਹੀ ਹੋ ਜਾਂਦਾ ਹੈ। ਕਿਉਂਕਿ 100 ਸਾਖੀ ਜੋ ਹੈ ਅੰਗਰੇਜ਼ ਬੜਾ ਚਲਾਕ ਸ਼ਾਸਕ ਸੀ ਉਹਨੇ ਕਿਹਾ ਕਿ ਜੇ 100 ਸਾਖੀ ਰਹਿ ਗਈ ਤੇ ਇਹਨਾਂ ਨੂੰ ਪਹਿਲਾਂ ਹੀ ਪਤਾ ਲਗ ਜਾਣਾ ਹੈ ਕਿ ਹੁਣ ਇਹ ਹੋਣਾ ਹੈ।

ਇਕ ਬੇਦੀ ਖਾਨਦਾਨ ਵਿਚੋਂ ਵਿਦਵਾਨ ਸੀ, ਲਾਹੌਰ ਨਿਵਾਸੀ, ਅੱਠ ਭਾਸ਼ਾਵਾਂ ਜਾਣਨ ਵਾਲਾ। ਉਹਨਾਂ ਨੂੰ ਲੱਖਾਂ ਰੁਪਏ ਦੇ ਕੇ, ਕੋਠੀਆਂ ਦੇ ਕੇ, ਘੋੜੀਆਂ ਸਵਾਰੀਆਂ ਦੇ ਕੇ ਉਸ ਤੋਂ ਇਹ ਕੰਮ ਕਰਵਾਇਆ ਕਿ ਤੂੰ ਸੌ ਸਾਖੀ ਨੂੰ ਪਹਿਲਾਂ ਸਮਝ। ਫੇਰ ਜੋ ਸੰਮਤ ਹਨ, ਉਹ ਅਖਰਾਂ ਵਿਚ ਨਹੀਂ ਆਏ ਹੋਏ। ਸਿਫਰਿਆਂ-ਸਿਫਰਿਆਂ, ਏਕੇ-ਦੂਏ ਵਿਚ ਨਹੀਂ ਆਏ ਹੋਏ, ਉਹ ਸ਼ਬਦਾਂ ਵਿਚ ਲਿਖੇ ਹੋਏ ਨੇ। ਜੇ ਚਾਰ ਆ ਗਿਆ ਤਾਂ ਚਾਰ ਦਾ ਮਤਲਬ ਚਾਰ ਵੇਦ ਆ ਗਿਆ, ਨਾ ਹੀ ਵੇਦ ਅੱਖਰ ਲਿਖਿਆ ਹੋਇਆ ਹੈ ਤਾਂ ਇਸ ਦਾ ਮਤਲਬ ਚਾਰੇ ਵੇਦ ਹਨ। ਇਸ ਤਰ੍ਹਾਂ ਦੇ ਨਾਲ ਅੱਖਰ ਨੇ ਜੇਕਰ ਸੁੰਨ ਆ ਗਿਆ ਤਾਂ ਸਿਫਰ ਬਣਿਆ ਹੋਇਐ। ਇਸ ਦਾ ਮਤਲਬ ਅਕਾਸ਼ ਆ ਗਿਆ, ਅਕਾਸ਼ ਜ਼ੀਰੋ ਬਣ ਗਿਆ। ਉਸਨੇ ਸਾਰੇ ਸੰਮਤ ਵਿਗਾੜ ਦਿਤੇ। ਜਿੰਨੇ ਵੀ ਵਾਕਿਆਤ ਸਨ ਕਿਸੇ ਨਾਲ ਅੱਧਾ, ਜੋੜਤਾ, ਅੱਧਾ ਕਿਸੇ ਨਾਲੋਂ ਤੋੜਤਾ। ਉਸ 100 ਸਾਖੀ ਦੀ ਕੋਈ ਵੀ ਮਹੱਤਤਾ ਨਾ ਰਹਿਣ ਦਿੱਤੀ। ਬਿਲਕੁਲ ਗਲਤ ਕਰ ਦਿੱਤਾ। ਉਸ ਤੋਂ ਬਾਅਦ ਇਸਨੂੰ ਬੜੀ ਜਾਇਦਾਦ ਮਿਲੀ, ਲੱਖਾਂ ਰੁਪਿਆ ਮਿਲਿਆ, ਕੋਠੀ ਮਿਲੀ, ਘੋੜ ਸਵਾਰੀਆਂ, ਚਾਰ ਕੋਠੀਆਂ ਦਿੱਤੀਆਂ। ਪਿਛਲੀ ਉਮਰ ਦੇ ਅੰਤ ਵਿਚ ਆ ਕੇ ਇਸਨੂੰ ਅਧਰੰਗ ਹੋ ਗਿਆ, ਪਾਪ ਦਾ ਫਲ ਮਿਲ ਗਿਆ। ਉਸ ਵੇਲੇ ਬਹੁਤ ਸਾਰੇ ਸਿਆਣਿਆਂ ਨੇ ਕਿਹਾ ਕਿ ਸੂਰਜ ਡੁੱਬ ਰਿਹਾ ਹੈ, ਹੁਣ ਜੇ ਪ੍ਰਾਸਚਿਤ ਕਰ ਲਏ ਦੱਸ ਦੇ, ਸਹੀ ਦੱਸ ਦੇ, ਸਹੀ ਸੰਮਤ ਕਿਹੜੀ ਕਿਸੇ ਨਾਲ ਜੋੜੀ ਹੈ, ਕਿਹੜੀ ਕਿਸ ਨਾਲ ਜੋੜੀ ਹੈ ਤਾਂ ਵੀ ਆਪਾਂ ਕੁਛ ਕੋਸ਼ਿਸ਼ ਕਰਕੇ ਦੇਖ ਲਈਏ, ਗੁਰੂ ਮਹਾਰਾਜ ਦੇ ਬਚਨ ਕਾਇਮ ਰਹਿ ਜਾਣ। ਉਸ ਵੇਲੇ ਉਸਨੇ ਦਸਿਆ ਮੈਂ ਤਾਂ ਖੁਦ ਭੁੱਲ ਚੁਕਿਆਂ ਹਾਂ, ਮੈਨੂੰ ਨਹੀਂ ਪਤਾ ਕਿਉਂਕਿ ਮੈਂ ਕੋਈ ਕਾਪੀ ਨਹੀਂ ਰਖੀ ਹੋਈ। ਇਸ ਕਰਕੇ ਮੈਨੂੰ ਨਹੀਂ ਪਤਾ ਕਿ ਮੈਂ ਕੀ ਵਿਗਾੜ ਕਰਿਆ ਹੈ। ਮੈਂ ਪੰਜ ਸੌ ਸਾਖੀਆਂ ਲਿਖੀਆਂ ਸਨ, ਪੰਜੇ ਹੀ ਮੈਂ ਤਖਤਾਂ ਤੇ ਭੇਟਾ ਕਰ ਦਿਤੀਆਂ ਸੀ। ਲੇਕਿਨ ਈਸਾ ਜੀ ਦਾ ਜੋ ਬਚਨ ਹੈ ਕਾਇਮ ਹੈ, ਉਵੇਂ ਜਿਵੇਂ ਉਹਨਾਂ ਨੇ ਕਿਹਾ ਕਿ ਸੰਮਤ 16, 17ਵੀਂ ਸਦੀ ਆਏਗੀ, ਉਸ ਵੇਲੇ ਰੂਹ ਜੋ ਮੈਂ ਦੇਖੀ ਹੈ, ਅਜ ਉਹ ਪ੍ਰਗਟ ਹੋਏਗੀ, ਧੱਕਾ ਨਹੀਂ ਕਰੇਗੀ, ਕਿਸੇ ਨਾਲ ਧੋਖਾ ਨਹੀਂ ਕਰੇਗੀ, ਕਿਸੇ ਨਾਲ ਬੇਈਮਾਨੀ ਨਹੀਂ ਕਰੇਗੀ। ਇਹ ਮਹਾਨ ਹਸਤੀ ਦੇਵਤਿਆਂ ਵਰਗਾ ਚਰਿਤਰ ਸੰਸਾਰ ਵਿਚ ਲੈ ਕੇ ਆਏਗੀ।

ਸੋ ਅੱਜ ਦਾ ਦਿਨ ਜੋ ਹੈ, ਇਹ ਭਾਗਾਂ ਭਰਿਆ ਹੋਣ ਕਰਕੇ, ਬਹੁਤ ਮਹਾਨਤਾ ਰੱਖਦਾ ਹੈ। ਦਸਮੇਸ਼ ਪਿਤਾ ਜੀ ਅੱਜ ਦੇ ਦਿਨ ਸੰਸਾਰ ਦੇ ਅੰਦਰ ਪ੍ਰਕਾਸ਼ਿਤ ਹੋਏ। ਮਹਾਂਪੁਰਸ਼ਾਂ ਦਾ ਜਨਮ ਨਹੀਂ ਹੁੰਦਾ, ਜਨਮ ਦਿਨ ਸਾਡੇ ਮਨਾਏ ਜਾਂਦੇ ਨੇ, ਇਹ ਪ੍ਰਕਾਸ਼ ਉਤਸਵ ਕਹਾਉਂਦਾ ਹੈ। ਅੱਜ ਇਕ ਪ੍ਰਕਾਸ਼ ਦੀ ਲੋਅ ਆਈ, ਜੋ ਭੀਖਣਸ਼ਾਹ ਨੇ ਦੇਖੀ, ਅੱਜ ਨਮਾਜ਼ ਪੱਛਮ ਵੱਲ ਨੂੰ ਨਹੀਂ ਪੜ੍ਹਦਾ, ਅਜ ਨਮਾਜ਼ ਪੂਰਬ ਵੱਲ ਨੂੰ ਪੜ੍ਹਦਾ ਹੈ। ਬੜਾ ਦ੍ਰਿੜ ਬੰਦਾ ਸੀ, ਸ਼ਰ੍ਹਾ ਤੋਂ ਉੱਚਾ ਸੀ, ਪਰਵਾਹ ਨਾ ਕਰੀ ਸ਼ਰ੍ਹਾ ਦੀ, ਅੱਜ ਪੱਛਮ ਵੱਲ ਸੀਸ ਨਹੀਂ ਨਿਵਾਇਆ, ਪੂਰਬ ਵੱਲ ਨਿਵਾਇਆ। ਮੁਰੀਦਾਂ ਨੇ ਬੇਨਤੀ ਕਰੀ ਕਿ ਹਜ਼ਰਤ ਆਪਨੇ ਅੱਜ ਜੋ ਸ਼ਰ੍ਹਾ ਦੀ ਮਰਿਆਦਾ ਹੈ, ਉਹ ਭੰਗ ਕਰ ਦਿੱਤੀ ਕਿਉਂਕਿ ਸ਼ਰ੍ਹਾ ਦੇ ਅਨੁਸਾਰ ਜੋ ਨਮਾਜ਼ ਪੜ੍ਹੀ ਜਾਂਦੀ ਹੈ ਉਹ ਮਗਰੱਬ



ਪਿੰਡ ਬੁਟੇਰਲਾ (ਚੰਡੀਗੜ੍ਹ) ਵਿਖੇ ਸਮਾਗਮ ਦੌਰਾਨ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ ਸੰਤ ਬਾਬਾ ਲਖਬੀਰ ਸਿੰਘ ਜੀ

ਵੱਲ ਨੂੰ ਮੂੰਹ ਕਰਕੇ ਪੜ੍ਹੀ ਜਾਂਦੀ ਹੈ, ਤੁਸੀਂ ਮਸ਼ਰੱਕ ਨੂੰ ਪੜ੍ਹੀ ਹੈ, ਕਾਰਨ ਕੀ ਹੈ? ਪੀਰ ਜੀ ਕਹਿਣ ਲੱਗੇ, ਅੱਜ ਇਕ ਮਹਾਂ ਪ੍ਰਕਾਸ਼ ਸੰਸਾਰ ਵਿਚ ਉਤਰਿਐ। ਜਦ ਮੈਂ ਸਮਾਧੀ ਦੇ ਅੰਦਰ ਸੀ ਉਸ ਵੇਲੇ ਮੈਂ ਉਹ ਪ੍ਰਕਾਸ਼ ਦੇਖਿਆ। ਚੇਲਿਆਂ ਨੇ ਪੁਛਿਆ ਕਿ ਹਜ਼ੂਰ! ਕਿਥੇ ਉਤਰਿਐ? ਕਹਿੰਦੇ, ਪਟਨਾ ਨਗਰ ਹੈ। ਇਸ ਤਰ੍ਹਾਂ ਦਾ ਗਲੀ-ਮੁਹੱਲਾ ਦੇਖਿਆ ਹੈ। ਮੈਂ ਉਹ ਪ੍ਰਕਾਸ਼ ਦੇਖਿਆ। ਮੈਂ ਸਭ ਪਛਾਣ ਲਿਆ ਹੈ। ਇਸ ਕਰਕੇ ਅੱਜ ਜਿੰਨੇ ਵੀ ਸੰਸਾਰ ਤੇ ਆਏ ਨੇ ਸਭ ਤੋਂ ਸਿਖਰ ਚੋਟੀ ਦੀ ਆਤਮਾ ਆਈ ਹੈ, ਬਹੁਤ ਵੱਡਾ ਕੰਮ ਕਰਨ ਵਾਸਤੇ ਤੇ ਉਹਨਾਂ ਦੀ ਆਮਦ ਦੇ ਵਿਚ ਮੈਂ ਨਮਾਜ਼ ਅੱਜ ਇਧਰ ਪੜ੍ਹੀ ਹੈ। ਅੱਜ ਮਸ਼ਰੱਕ ਜਿਹੜਾ ਹੈ ਮਗ਼ਰੱਬ ਵਿਚ ਆ ਗਿਆ। ਵੈਸੇ ਤਾਂ ਜੇ ਲੰਮੀ ਵਿਚਾਰ ਕਰੀਏ ਤਾਂ ਜਿਹੜਾ ਮਗ਼ਰੱਬ ਹੈ ਮਸ਼ਰਕ ਕਹੀ ਜਾਓ। ਕਿਥੇ ਚਲਿਆ ਗਿਆ। ਪਹਿਲਾਂ ਤਾਂ ਮੱਕੇ ਵਿਚ ਹੈ ਉਸ ਤੋਂ ਅਗਾਂਹ ਇੰਗਲੈਂਡ ਵਿਚ ਆ ਗਿਆ, ਉਸ ਤੋਂ ਹੋਰ ਅੱਗੇ ਚਲੇ ਜਾਓ ਤਾਂ ਕੈਨੇਡਾ ਆ ਗਿਆ, ਅਮਰੀਕਾ ਆ ਗਿਆ, ਅਮਰੀਕਾ ਤੋਂ ਅਗਾਂਹਾਂ ਮਗ਼ਰੱਬ ਵੱਲ ਨੂੰ ਵਧੋ ਤਾਂ ਫੇਰ ਜਪਾਨ ਆ ਗਿਆ, ਜਪਾਨ ਤੋਂ ਫੇਰ ਮਗ਼ਰੱਬ ਵੱਲ ਨੂੰ ਵਧੋ ਸਿੰਗਾਪੁਰ ਆ ਗਿਆ ਤੇ ਫੇਰ ਹਿੰਦੂਸਤਾਨ ਆ ਗਿਆ। ਇਹ ਮਿਥੀਆਂ ਹੋਈਆਂ ਨੇ, ਸੀਮਾਵਾਂ ਹਨ ਕਿ ਇਧਰ ਮਗ਼ਰੱਬ ਹੈ, ਉਧਰ ਮਸ਼ਰੱਕ ਹੈ ਜਿੰਨਾ ਕੁ ਆਦਮੀ ਨੂੰ ਪਤੈ ਓਨਾ ਹੀ ਦਸ ਸਕਦਾ ਹੈ। ਨਾ ਕਿਤੇ ਸੂਰਜ ਛਿਪਦੈ, ਨਾ ਕਿਤੇ ਚੜ੍ਹਦੈ। ਕੇਵਲ ਧਰਤੀ ਦਾ ਹੇਰ ਫੇਰ ਹੈ। ਧਰਤੀ ਦੇ ਚੱਕਰ ਲਾਉਣ ਨਾਲ ਕਿਤੇ ਹਨ੍ਹੇਰਾ ਹੋ ਜਾਂਦਾ ਹੈ ਕਿਧਰੇ ਚਾਨਣਾ ਹੋ ਜਾਂਦਾ ਹੈ। ਆਮ ਬੰਦਿਆਂ ਵਾਸਤੇ ਸੀਮਾ ਹੁੰਦੀ ਹੈ ਪਰ ਉਹ ਆਮ ਬੰਦਾ ਬਿਲਕੁਲ ਨਹੀਂ ਸੀ, ਸੁਲਝਿਆ ਹੋਇਆ ਸ਼ਰ੍ਹਾ ਤੋਂ ਉਪਰ ਵਾਲਾ ਪੀਰ ਸੀ। ਉਸਨੇ ਗੁਰੂ ਦੀ ਆਮਦ ਨੂੰ ਪਛਾਣ ਕੇ ਸਿਜਦਾ ਕੀਤਾ, ਫੇਰ ਚੱਲ ਕੇ ਗਿਆ, ਛਿੰਨ ਮਹੀਨੇ ਉਸਨੂੰ ਪਟਨਾ ਪਹੁੰਚਣ ਨੂੰ ਲੱਗੇ ਸਨ। ਜਾ ਕੇ ਗੁਰੂ ਦੇ ਦਰਸ਼ਨ ਕੀਤੇ, ਮਨ ਵਿਚ ਤਸੱਲੀ ਆਈ। ਸੋ ਅੱਜ ਦੇ ਦਿਨ ਉਹ ਮਹਾਨ ਹਸਤੀ ਸੰਸਾਰ ਦੇ ਉਤੇ ਆਈ। ਜਿਸਨੂੰ ਅਸੀਂ ਗੁਰੂ ਗੋਬਿੰਦ ਸਿੰਘ ਜੀ, ਦੁਸ਼ਟ ਦਮਨ ਦਾ ਨਾਮ ਦੇ ਕੇ ਪੁਕਾਰਦੇ ਹਾਂ ਤੇ ਜਿਨ੍ਹਾਂ ਦੇ ਜੋ ਅਮੋਲਕ ਸਿਧਾਂਤ ਨੇ ਉਹਨਾਂ ਨੂੰ ਸਮਝਣ ਦਾ ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿਉਂਕਿ ਹਰ ਮਹਾਂਪੁਰਸ਼ ਦੇ ਜੀਵਨ ਦੇ ਅੰਦਰ ਕੁਝ ਘਟਨਾਵਾਂ ਹੁੰਦੀਆਂ ਹਨ, ਜਿਹੜੀਆਂ ਕੇਵਲ ਸਾਡੇ ਵਰਗਾ ਮਨੁੱਖਾ ਸਰੀਰ ਧਾਰ ਕੇ ਕੀਤੀਆਂ ਹੁੰਦੀਆਂ ਨੇ, ਤੇ ਉਹ ਸਾਡੇ ਲਈ ਸਿੱਖਿਆਦਾਇਕ ਹੋਇਆ ਕਰਦੀਆਂ ਹਨ। ਗੁਰੂ ਦਸਵੇਂ ਪਾਤਸ਼ਾਹ ਜੀ ਦੇ ਕੌਤਕ ਵੀ ਇੰਨੇ ਨਿਰਾਲੇ ਸੀ–



ਗੁ. ਈਸ਼ਰ ਪ੍ਰਕਾਸ਼ ਸਵਾਲੇਪੁਰ (ਯੂ.ਪੀ.) ਵਿਖੇ ਸੰਤ ਬਾਬਾ ਗੁਰਪਾਲ ਸਿੰਘ ਜੀ ਵੱਲੋਂ ਆਯੋਜਿਤ ਸਾਲਾਨਾ ਸਮਾਗਮ ਸਮੇਂ ਦੀਵਾਨ ਸਜਾਉਂਦੇ ਹੋਏ ਸੰਤ ਬਾਬਾ ਲਖਬੀਰ ਸਿੰਘ ਜੀ

*ਸਤਿਗੁਰ ਪੁਰਖੁ ਅੰਗਮੁ ਹੈ ਨਿਰਵੈਰੁ ਨਿਰਾਲਾ।*

*ਭਾਈ ਗੁਰਦਾਸ ਜੀ ਦੀ ਵਾਰ 34/1*

ਦਸਮੇਸ਼ ਪਿਤਾ ਜੀ ਦੁਨੀਆਂ ਦੇ ਅੰਦਰ ਉਹ ਮਹਾਨ ਹਸਤੀ ਹਨ, ਜਿਸਨੂੰ ਸੰਸਾਰ ਨੇ ਅੱਜ ਤੱਕ ਨਹੀਂ ਸਮਝਿਆ, ਨਾ ਹੀ ਸਮਝਣ ਦੇ ਯਤਨ ਕੀਤੇ ਨੇ, ਕਿਉਂਕਿ ਮਹਾਂਪੁਰਸ਼ ਜਦੋਂ ਸੰਸਾਰ ਤੇ ਆਉਂਦੇ ਨੇ ਉਸ ਵੇਲੇ ਸੰਸਾਰ ਉੱਲੂਆਂ ਵਰਗਾ ਹੁੰਦਾ ਹੈ। ਉੱਲੂ ਸੂਰਜ ਨੂੰ ਦੇਖ ਨਹੀਂ ਸਕਦਾ। ਇਸੇ ਤਰ੍ਹਾਂ ਸੰਸਾਰ ਦੀ ਤਰਕ ਭਰੀ ਅੱਖ ਹੁੰਦੀ ਹੈ, ਉਸ ਵੇਲੇ ਸੰਸਾਰ ਨਹੀਂ ਮੰਨਿਆ ਕਰਦਾ ਪਰੰਤੂ ਬਾਅਦ ਵਿਚ ਫੇਰ ਮੇਲੇ ਲੱਗਦੇ ਨੇ, ਬੜੀਆਂ ਵਿਚਾਰਾਂ ਹੁੰਦੀਆਂ ਨੇ, ਗੋਸ਼ਟੀਆਂ ਹੁੰਦੀਆਂ ਹਨ, ਫੇਰ ਪ੍ਰਗਟ ਹੁੰਦੇ। ਜਿਉਂ-ਜਿਉਂ ਸਮਾਂ ਲੰਘਦੈ, ਤਿਉਂ-ਤਿਉਂ ਨਵੇਂ ਤੋਂ ਨਵੇਂ ਆਦਰਸ਼ ਉਸਦੇ



ਸੰਤ ਵਰਿਆਮ ਸਿੰਘ ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਵਿਖੇ ਬਲੱਡ ਟੈਸਟਾਂ ਲਈ ਨਵੀਂ ਮਸ਼ੀਨ ਦਾ ਉਦਘਾਟਨ ਕਰਦੇ ਹੋਏ ਸਤਿਕਾਰਯੋਗ ਸੰਤ ਬਾਬਾ ਲਖਬੀਰ ਸਿੰਘ ਜੀ।

ਜੀਵਨ ਵਿਚ ਅਨੁਭਵ ਹੁੰਦੇ ਨੇ। ਸੋ ਗੁਰੂ ਦਸਮੇਸ਼ ਪਿਤਾ ਜੀ ਨੂੰ ਨਹੀਂ ਸਮਝਿਆ ਗਿਆ, ਅੱਜ ਤੱਕ ਨਹੀਂ ਸਮਝਿਆ ਗਿਆ। ਕੁਝ ਹਸਤੀਆਂ ਜਿਵੇਂ ਬਾਬਾ ਬੰਦਾ ਸਿੰਘ ਬਹਾਦੁਰ ਜੀ ਹਨ, ਇਹਨਾਂ ਨੂੰ ਨਹੀਂ ਸਮਝਿਆ ਗਿਆ, ਬਾਬਾ ਰਾਮ ਸਿੰਘ ਜੀ ਨਾਮਧਾਰੀ ਹੋਏ ਨੇ, ਇਹਨਾਂ ਨੂੰ ਵੀ ਨਹੀਂ ਸਮਝਿਆ ਗਿਆ। ਰੌਲਾ-ਰੱਪਾ ਹੀ ਪਈ ਜਾਂਦਾ ਹੈ। ਇਸ ਤਰ੍ਹਾਂ ਗੁਰੂ ਮਹਾਰਾਜ ਦੇ ਜੀਵਨ ਦੇ ਅਨੇਕ ਕੌਤਕ ਹਨ, ਜਿਵੇਂ ਦਾ ਕੋਈ ਹੁੰਦਾ ਹੈ, ਉਹੋ ਜਿਹਾ ਹੀ ਦੇਖਦਾ ਹੈ। ਜੇ ਕੋਈ ਸੂਰਮਾ ਦੇਖਦਾ ਹੈ ਤਾਂ ਉਹ ਏਹੋ ਚਿੱਤਰ ਮਨ ਵਿਚ ਬਣਾਉਂਦਾ ਹੈ ਕਿ ਗੁਰੂ ਸਾਹਿਬ ਹਰ ਵਕਤ ਸ਼ਸਤਰਧਾਰੀ ਹੋ ਕੇ ਕਮਾਨ ਮੋਢੇ ਤੇ ਰਖਦੇ ਸੀ, ਤੀਰ ਰਖਦੇ ਸੀ, ਕਿਰਪਾਨ ਰਖਦੇ ਸੀ, ਤੇ ਹਰ ਵਕਤ ਯੁੱਧ ਵਾਸਤੇ ਤਿਆਰ ਰਹਿੰਦੇ ਸੀ। ਉਹਨਾਂ ਦਾ ਇਹੀ ਦ੍ਰਿੜ੍ਹ ਪੱਕਾ ਹੋ ਗਿਆ ਕਿ ਉਹ ਘੋੜੇ ਤੇ ਚੜ੍ਹੇ ਰਹਿੰਦੇ ਸੀ। ਉਸੇ ਤਰ੍ਹਾਂ ਦੀਆਂ ਗੱਲਾਂ ਉਹਨਾਂ ਨੇ ਗੁਰੂ ਸਾਹਿਬ ਨਾਲ ਲਾ ਦਿੱਤੀਆਂ। ਜੇ ਕੋਈ ਵਿਦਵਾਨ ਦੇਖਦਾ, ਉਹ ਕਹਿੰਦੇ ਕਿ ਇਨਾ ਮਹਾਨ ਵਿਦਵਾਨ ਹੋਰ ਕੋਈ ਨਹੀਂ ਹੋਇਆ ਉਹ ਗੁਰੂ ਸਾਹਿਬ ਨੂੰ ਹਰ ਵਕਤ ਚੌਂਕੜਾ ਮਾਰਕੇ ਬੈਠੇ ਲਿਖਦੇ ਹੋਏ ਹੀ ਦੇਖਦਾ ਹੈ ਕਿਉਂਕਿ ਗੁਰੂ ਮਹਾਰਾਜ ਜੀ ਨੇ ਇਨਾ ਜ਼ਿਆਦਾ ਸਾਹਿਤ ਲਿਖਿਆ ਹੈ, ਉਹ ਗਿਣਤੀ ਤੋਂ ਬਾਹਰ ਹੈ।

ਹੁਣ ਤਾਂ ਸਾਡੇ ਕੋਲ ਦਸਮ ਗ੍ਰੰਥ ਬਹੁਤ ਥੋੜ੍ਹਾ ਜਿਹਾ ਰਹਿ ਗਿਆ। ਨੌਂ ਮਣ ਦਾ ਗ੍ਰੰਥ ਲਿਖਿਆ ਹੋਇਆ ਸੀ। ਜਿਸਦਾ ਨਾਂ ਵਿਦਿਆਧਰ ਗ੍ਰੰਥ ਸੀ। 102 ਲਿਖਾਰੀਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਿਰਾਜਮਾਨ ਹੋਇਆ ਕਰਦੇ ਸਨ। ਉਨ੍ਹਾਂ ਦੇ ਸਾਮ੍ਹਣੇ ਵਾਰਤਕ ਲਿਖਾਰੀ ਅਤੇ 52 ਕਵਿਤਾ ਲਿਖਣ ਵਾਲੇ ਲਿਖਾਰੀ ਬੈਠੇ ਹੁੰਦੇ ਸਨ, ਗ੍ਰੰਥਾਂ ਦੇ ਢੇਰਾਂ ਦੇ ਢੇਰ ਗੁਰੂ ਜੀ ਦੇ ਅੱਗੇ ਪਏ ਹੋਇਆ ਕਰਦੇ ਸਨ। ਗਰੰਥਾਂ ਦਾ ਅਨੁਵਾਦ ਕਰਨ ਵਾਸਤੇ ਗੁਰੂ ਸਾਹਿਬ ਆਪ ਛਾਂਟਕੇ ਦਿੰਦੇ ਸਨ ਕਿ ਇਸਦਾ ਅਨੁਵਾਦ ਕਰੋ। ਜਿਸ ਵੇਲੇ ਮੰਗਲ ਕਵੀ ਨੇ ਮਹਾਂਭਾਰਤ ਦੇ ਅਠਾਰਵੇਂ ਅਧਿਆਇ ਦਾ ਅਨੁਵਾਦ ਕੀਤਾ ਤਾਂ ਮਹਾਰਾਜ ਜੀ ਨੇ ਮੰਗਲ ਕਵੀ ਨੂੰ ਇਨਾ ਧੰਨ ਦਿੱਤਾ ਕਿ ਉਸਨੂੰ 200 ਸਿੰਘ ਘੋੜ ਸਵਾਰ ਘਰ ਛੱਡਣ ਜਾ ਰਹੇ ਸਨ ਤਾਂ ਰਾਏਪੁਰ ਦੇ ਵਿਚੋਂ ਜਦੋਂ ਇਹ ਕਾਫਲਾ ਲੰਘਣ ਲਗਿਆ ਤਾਂ ਰਾਏਪੁਰ ਦੀ ਰਾਣੀ ਨੇ ਇਹ ਸਮਝਿਆ ਕਿ ਦੁਸ਼ਮਨ ਲੰਘ ਰਿਹਾ ਹੈ। ਤੇ ਉਨ੍ਹਾਂ ਨੇ ਤੋਪ ਦਾ ਫਾਇਰ ਕਰ ਦਿਤਾ। ਉਸ ਵੇਲੇ ਮੰਗਲ ਕਵੀ ਨੇ ਸਫੇਦ ਝੰਡਾ ਕੱਢ ਕੇ ਦਿਖਾਇਆ। ਉਧਰੋਂ ਘੋੜਸਵਾਰ ਆਇਆ, ਉਸਦੇ ਨਾਲ ਗੱਲ ਬਾਤ ਹੋਈ ਤਾਂ ਉਸਨੇ ਸਾਰੇ ਜਣੇ ਕਿਲੇ ਵਿਚ ਬੁਲਾ ਲਏ। ਕਹਿਣ ਲੱਗਿਆ, ਮਹਾਰਾਣੀ ਸਾਹਿਬਾ! ਮੈਂ ਕੋਈ ਹਮਲਾਵਰ ਨਹੀਂ ਚੜ੍ਹਕੇ ਜਾ ਰਿਹਾ, ਮੈਂ ਤਾਂ ਗੁਰੂ ਦਸਵੇਂ ਪਾਤਸ਼ਾਹ ਦੇ ਦਰ ਤੋਂ ਵਰੋਸਾਇਆ ਹੋਇਆ ਇਕ ਵਿਦਵਾਨ ਹਾਂ ਤੇ ਮੈਨੂੰ ਉਹਨਾਂ ਨੇ ਇਕ ਪਰਬ ਲਿਖਣ ਦਾ ਐਨਾ ਪੈਸਾ ਦੇ ਦਿੱਤਾ ਹੈ, ਮੈਨੂੰ ਐਨੀਆਂ ਚੀਜ਼ਾਂ ਦੇ ਦਿਤੀਆਂ ਹਨ ਕਿ 200 ਘੋੜ ਸਵਾਰ ਮੈਨੂੰ ਘਰ ਛੱਡਣ ਜਾ ਰਹੇ ਹਨ। ਕਿੰਨੀ ਕਦਰ ਸੀ, ਵਿਦਿਆ ਦੀ ਗੁਰੂ ਮਹਾਰਾਜ ਜੀ ਨੂੰ। ਜਿਸ ਵਕਤ ਗੁਰੂ ਮਹਾਰਾਜ ਜੀ ਨੇ ਰਾਮ ਅਵਤਾਰ ਪਰਸੰਗ ਲਿਖਵਾਇਆ ਉਸ ਵੇਲੇ 2 ਲੱਖ ਦਿਨਾਰ ਦਿਤਾ ਸੀ। ਉਹਨਾਂ ਨੇ ਆਪ ਕਿੰਨਾ ਲਿਖਿਆ ਹੈ, ਕ੍ਰਿਸ਼ਨ ਅਵਤਾਰ, 2800 ਤੋਂ ਉਤੇ ਸ਼ਬਦ ਲਿਖਿਆ, ਰਾਮਾ ਅਵਤਾਰ, ਦੇਵੀਆਂ ਦੇ ਪ੍ਰਸੰਗ ਹੋਰ ਅਨੇਕਾਂ ਜਿਹੜੇ ਗੁੰਮ ਹੋ ਗਏ, ਬੇਅੰਤ



ਗੁਰਦੁਆਰਾ ਈਸ਼ਰ ਪ੍ਰਕਾਸ਼ ਫਰੀਦਕੋਟ ਵਿਖੇ ਮਹੀਨਾ ਵਾਰੀ ਦੀਵਾਨ ਸਮੇਂ ਸਤਿਕਾਰਯੋਗ ਬਾਬਾ ਜੀ ਅਤੇ ਸੰਗਤਾਂ।

ਮਾਤਾ ਸਾਹਿਬ ਕੌਰ ਸਿਲਾਈ ਸੈਂਟਰ ਰਤਵਾੜਾ ਸਾਹਿਬ ਵਿਖੇ ਲੜਕੀਆਂ ਨੂੰ ਸਰਟੀਫੀਕੇਟ ਵੰਡਣ ਉਪਰੰਤ ਯਾਦਗਾਰੀ ਤਸਵੀਰ।



ਸਾਹਿਤ ਲਿਖਿਆ ਸੀ।

ਗੁਰੂ ਸਾਹਿਬ ਸਿਖਾਰੀਆਂ ਨੂੰ, ਤੀਰ ਅੰਦਾਜ਼ ਨਜ਼ਰ ਨਹੀਂ ਆਉਂਦੇ, ਤਲਵਾਰ ਚਲਾਉਣ ਵਾਲੇ ਨਜ਼ਰ ਨਹੀਂ ਆਉਂਦੇ, ਉਹਨਾਂ ਨੂੰ ਇਕ ਬੜੇ ਭਾਰੀ ਸਾਹਿਤਕਾਰ ਨਜ਼ਰ ਆ ਰਹੇ ਹਨ। ਜਦੋਂ ਸੁਮੱਤਾਂ ਦਿੰਦੇ ਸਨ, ਗੁਰਮਤਿ ਦੇ ਭੇਦ ਖੋਲਦੇ ਸਨ, ਉਸ ਵੇਲੇ ਵੱਡੇ ਮਹਾਨ ਪੁਰਖ, ਆਤਮਦਰਸ਼ੀ, ਪੂਰਨ ਗਿਆਨਵਾਨ, ਬ੍ਰਹਮਗਿਆਨੀ ਲੱਗਿਆ ਕਰਦੇ ਸਨ ਤੇ ਬ੍ਰਹਮਗਿਆਨੀਆਂ ਨੂੰ ਬ੍ਰਹਮਗਿਆਨੀ ਨਜ਼ਰ ਆਇਆ ਕਰਦੇ ਸਨ। ਕਿਧਰੇ ਭਾਈ ਘਨਈਆ ਜੀ ਦੇ ਪਾਣੀ ਪਿਲਾਉਣ ਨਾਲ ਉਸ ਉੱਤੇ ਖੁਸ਼ ਹੋ ਕੇ ਉਸਨੂੰ ਜਖਮਾਂ ਤੇ ਲਾਉਣ ਲਈ ਮਲ੍ਹਮ-ਪੱਟੀ ਵੀ ਦੇ ਦਿੰਦੇ। ਕਹਿੰਦੇ, ਭਾਈ ਘਨਈਆ ਤੂੰ ਸਿਖੀ ਦਾ ਅਸਲੀ ਸਿਧਾਂਤ ਸਮਝ ਲਿਆ ਹੈ।

ਪੀਰ ਬੁੱਧੂ ਸ਼ਾਹ ਦੇ ਨਾਲ ਬਚਨ ਕਰਦੇ ਹੋਏ ਇਕ ਮਹਾਨ ਦਾਰਸ਼ਨਿਕ ਨਜ਼ਰ ਆ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਬਹੁਪੱਖੀ ਹੈ। ਆਪ ਨੇ ਜੋ ਸਾਨੂੰ ਸਿਧਾਂਤ ਦਿੱਤਾ ਮੁਤਾਬਿਕ ਹੀ ਦਿੱਤਾ, ਜੋ ਗੁਰਬਾਣੀ ਦੇ ਉੱਤੇ ਅਧਾਰਿਤ ਹੈ ਕਿਉਂਕਿ ਕਿਸੇ ਵੀ ਗੁਰੂ ਸਾਹਿਬਾਨ ਦਾ ਕੋਈ ਵੀ ਬਚਨ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਨਹੀਂ ਜਾਂਦਾ। ਇਨ੍ਹਾਂ ਬਚਨਾਂ ਕਰਕੇ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦਿੱਤੇ ਗਏ ਹਾਂ, ਜੇਕਰ ਬਚਨ ਬਾਹਰ ਜਾਂਦੇ ਤਾਂ ਸਾਡੇ ਵਾਸਤੇ ਦੁਬਿਧਾ ਪੈਦਾ ਹੋ ਜਾਣੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨੀਏ ਜਾਂ ਕਿ ਗੁਰੂ ਦਸਵੇਂ ਪਾਤਸ਼ਾਹ ਜੀ ਦੇ ਬਚਨਾਂ ਨੂੰ ਮੰਨੀਏ। ਮਿਲਾਵਟਾਂ ਹੋ ਸਕਦੀਆਂ ਹਨ, ਗਲਤਫਹਿਮੀ ਹੋ ਸਕਦੀ ਹੈ ਪਰ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਜਾਣ ਵਾਲਾ ਸਿਧਾਂਤ ਮੰਨਣਯੋਗ ਨਹੀਂ ਹੈ ਕਿਉਂਕਿ ਆਪ ਦਾ ਤਾਂ ਐਸਾ ਫੁਰਮਾਨ ਹੈ -

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ, ਫੇਰਿ ਆਗ ਮੈ ਮਿਲਾਹਿਂਗੇ ॥*
*ਜੈਸੇ ਏਕ ਧੂਰ ਤੇ, ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿਂਗੇ ॥*
*ਜੈਸੇ ਏਕ ਨਦ ਤੇ, ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ, ਸਬੈ ਪਾਨ ਹੀ ਕਹਾਹਿਂਗੇ ॥*
*ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ,*
*ਤਾਹੀ ਤੇ ਉਪਜ, ਸਬੈ ਤਾਹੀ ਮੈ ਸਮਾਹਿਂਗੇ ॥ (ਅਕਾਲ ਉਸਤਤਿ)*
*ਕਤਹੂੰ ਸੁਚੇਤ ਹੁਇਕੈ, ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ, ਸੋਵਤ ਅਚੇਤ ਹੋ ॥*
*ਕਤਹੂੰ ਭਿਖਾਰੀ ਹੁਇਕੈ, ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ, ਮਾਂਗਿਓ ਧਨ ਦੇਤ ਹੋ ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ ॥*



ਧੰਨ-ਧੰਨ ਮਾਤਾ ਗੁਜਰ ਕੌਰ ਜੀ ਅਤੇ ਚੌਹਾਂ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਘਨੌਰ ਵਿਖੇ ਹੋਏ ਸਾਲਾਨਾ ਸਮਾਗਮ ਦੌਰਾਨ ਸੰਤ ਬਾਬਾ ਲਖਬੀਰ ਸਿੰਘ ਜੀ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ। ਹੇਠਾਂ ਬੇਅੰਤ ਸੰਗਤਾਂ ਕੀਰਤਨ ਦਾ ਅਨੰਦ ਮਾਣਦੀਆਂ ਹੋਈਆਂ।

*ਕਹੂੰ*
*ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ, ਕਹੂੰ ਸੁਰਗੁਨ ਸਮੇਤ ਹੋ ॥ (ਅਕਾਲ ਉਸਤਤਿ)*
*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ, ... ॥*
*(ਅਕਾਲ ਉਸਤਤਿ)*

ਹਜਾਰਾਂ ਚਿੰਗਾਰੀਆਂ ਇਕ ਅੱਗ ਵਿਚੋਂ ਉਠਦੀਆਂ ਨੇ,

*...... ਨਿਆਰੇ ਨਿਆਰੇ ਹੋਇ ਕੈ, ਫੇਰਿ ਆਗ ਮੈ ਮਿਲਾਹਿਂਗੇ ॥*
*(ਅਕਾਲ ਉਸਤਤਿ)*

ਜਾਣਾ ਕਿਥੇ ਹੈ? ਉਹ ਚਿੰਗਾਰੇ ਫੇਰ ਅੱਗ ਵਿਚ ਸਮਾਂ ਜਾਂਦੇ ਹਨ।

*ਜੈਸੇ ਏਕ ਧੂਰ ਤੇ, ਅਨੇਕ ਧੂਰ ਪੂਰਤ ਹੈਂ,..... ॥ (ਅਕਾਲ ਉਸਤਤਿ)*

ਧੂਰ ਉਡਦੀ ਹੈ, ਅਸਮਾਨ ਤੇ ਚੜ੍ਹ ਗਈ, ਮੁੜਕੇ ਕਿਥੇ ਜਾਂਦੀ ਹੈ? ਧਰਤੀ ਤੇ ਫੇਰ ਆ ਜਾਂਦੀ ਹੈ।

*ਜੈਸੇ ਏਕ ਨਦ ਤੇ, ਤਰੰਗ ਕੋਟ ਉਪਜਤ ਹੈ .......... ॥*
*(ਅਕਾਲ ਉਸਤਤਿ)*

ਕਰੋੜਾ ਤਰੰਗਾਂ ਉਠ ਰਹੀਆਂ ਨੇ ਸਮੁੰਦਰ ਦੇ ਉੱਤੇ ਤੇ ਉਹ

ਜਾਂਦੀਆਂ ਕਿਥੇ ਹਨ? ਸਭ ਸਮੁੰਦਰ ਵਿਚ ਸਮਾ ਜਾਂਦੀਆਂ ਹਨ।

*ਪਾਨ ਕੇ ਤਰੰਗ, ਸਬੈ ਪਾਨ ਹੀ ਕਹਾਹਿੰਗੇ ॥*
*ਤੈਸੇ ਬਿਸੁ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ,*
*ਤਾਹੀ ਤੇ ਉਪਜ, ਸਬੈ ਤਾਹੀ ਮੈ ਸਮਾਹਿੰਗੇ ॥*
*(ਅਕਾਲ ਉਸਤਤਿ)*

*ਕਤਹੂੰ ਸੁਚੇਤ ਹੁਇਕੈ, ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ, ਸੋਵਤ ਅਚੇਤ ਹੋ ॥*
*ਅਕਾਲ ਉਸਤਤਿ*

ਸੋ ਇਹ ਉਸਦੀ ਕਿਰਿਆ ਹੈ, ਕਿਤੇ ਸੁੱਤਾ ਪਿਆ ਹੈ, ਕਿਤੇ ਬਹੁਤ ਹੀ ਚੇਤਨ ਹੋਇਆ ਪਿਆ ਹੈ। ਕਿਤੇ ਮਹਾਰਾਜਿਆਂ ਨੂੰ ਦਿੰਦਾ ਹੈ, ਕਿਤੇ ਮਹਾਰਾਜਿਆਂ ਤੋਂ ਖੋਹ ਲੈਂਦਾ ਹੈ। ਸਾਰੇ ਰੂਪ ਉਸ ਦੇ ਹੀ ਹਨ, ਕਿਤੇ ਵੇਦ-ਸ਼ਾਸਤਰਾਂ, ਧਰਮ ਗ੍ਰੰਥਾਂ ਨੂੰ ਮੰਨਦਾ ਹੈ ਕਿਧਰੇ ਇਸ ਤੋਂ ਬਿਲਕੁਲ ਹੀ ਵਿਪਰੀਤ ਹੋਇਆ ਹੈ। ਮਹਾਰਾਜ ਕਹਿੰਦੇ, ਇਹ ਸਾਰੇ ਦਵੈਤ ਦੇ ਕੰਮ ਕਰਦਾ ਹੋਇਆ ਵੀ ਸਾਨੂੰ ਫਰਕ ਨਹੀਂ ਲੱਗਦਾ।

*. ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ ॥ (ਅਕਾਲ ਉਸਤਤਿ)*

ਹੇ ਵਾਹਿਗੁਰੂ! ਆਪ ਭੂਤ, ਭਵਿੱਖਤ ਤੇ ਵਰਤਮਾਨ ਵਿਚ ਅਤੇ ਹਰ ਥਾਂ ਇਕੋ ਜਿਹੇ ਲਗਦੇ ਹੋ।

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ - 1291*

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ ॥ ਜਾਪੁ ਸਾਹਿਬ*

ਐਸਾ ਜੋ ਗੁਰੂ ਹੈ, ਜਿਸਦੀ ਨਿਗਾਹ ਦੇ ਅੰਦਰ ਦੂਜਾ ਹੈ ਹੀ ਕੋਈ ਨਹੀਂ, ਫੇਰ ਉਸ ਦੇ ਬਾਰੇ ਇਹੋ ਜਿਹੀਆਂ ਗੱਲਾਂ ਲਿਖਣੀਆਂ, ਸ਼ੋਭਾ ਨਹੀਂ ਦਿੰਦਾ। ਕਈ ਲਿਖਾਰੀਆਂ ਨੇ ਤਾਂ ਐਂ ਕਹਿ ਦਿੱਤਾ ਕਿ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਮੁਸਲਮਾਨਾਂ ਦੇ ਖਿਲਾਫ ਸੀ। ਮਹਾਰਾਜ ਕਹਿੰਦੇ, ਅਸੀਂ ਕਿਸੇ ਦੇ ਖਿਲਾਫ ਨਹੀਂ। ਜੇ ਮੁਸਲਮਾਨਾਂ ਦੇ ਖਿਲਾਫ ਹੁੰਦੇ ਤਾਂ ਗੁਰੂ ਨਾਨਕ ਦੇਵ ਜੀ ਨੇ ਸਾਰੀ ਜਿੰਦਗੀ ਮਰਦਾਨਾ ਨਾਲ ਰਖਿਆ ਤੇ ਰਾਗੀ ਸਾਰੇ ਹੀ ਮੁਸਲਮਾਨ ਹੋਇਆ ਕਰਦੇ ਸੀ ਤੇ ਉਹ ਗੁਰੂ ਦਰਬਾਰ ਵਿਚ ਕੀਰਤਨ ਕਰਿਆ ਕਰਦੇ ਸੀ।

ਪਾਉਂਟੇ ਸਾਹਿਬ ਗੁਰੂ ਮਹਾਰਾਜ ਜੀ ਦਾ ਅਕਾਰਨ ਯੁੱਧ ਛਿੜ ਗਿਆ ਤੇ ਜਿਹੜੇ ਪਠਾਨ ਨੌਕਰ ਰੱਖੇ ਸੀ, ਉਹ ਧੋਖਾ ਦੇ ਗਏ, ਰਿਸ਼ਵਤ ਦੇ ਵਿਚ ਆ ਗਏ ਤੇ ਪਹਾੜੀ ਰਾਜਿਆਂ ਨਾਲ ਮਿਲ ਗਏ। ਉਸ ਵੇਲੇ



ਨਿਰਮਲ ਡੇਰਾ ਹਿਰਦਾਪੁਰ ਖੇੜੀ ਵਿਖੇ, ਪੂਰਨਮਾਸ਼ੀ ਨੂੰ ਰਾਤ ਦੇ ਦੀਵਾਨ ਸਮੇਂ, ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਕਰਦੇ ਹੋਏ।

ਕੋ ਨ

ਸੀ ਜਿਸ ਨੇ ਜੰਗ ਦੇ ਸੰਕਟ ਵਿਚ

ਸਾਥ ਦਿੱਤਾ, ਉਹ ਪੀਰ ਬੁੱਧੂ ਸ਼ਾਹ ਸੀ ਜੋ 700 ਮੁਰੀਦ ਲੈ ਕੇ ਮੈਦਾਨੇ ਜੰਗ ਵਿਚ ਆ ਕੇ ਗੁਰੂ ਜੀ ਦੀ ਮੱਦਦ ਕੀਤੀ। ਆਪਣੇ ਦੋ ਪੁੱਤਰ, ਇਕ ਸਾਲਾ ਇਸ ਲੜਾਈ ਦੀ ਭੇਟਾ ਚਾੜ੍ਹ ਦਿੱਤਾ ਤੇ ਜਦੋਂ ਗੁਰੂ ਸਾਹਿਬ ਪ੍ਰਸੰਨ ਹੋ ਕੇ ਕਹਿਣ ਲੱਗੇ ਕਿ ਬੁੱਧੂਸ਼ਾਹ ਤੂੰ ਕੁਛ ਮੰਗ ਤਾਂ ਸਹੀ ਤਾਂ ਕਹਿੰਦਾ, ਮਹਾਰਾਜ! ਮੈਂ ਕੀ ਮੰਗਾ, ਮੈਨੂੰ ਜੋ ਤੁਸੀਂ ਦੇਣਾ ਸੀ ਦੇ ਦਿੱਤਾ, ਇਸ ਤੋਂ ਅੱਗੇ ਮੈਂ ਹੋਰ ਕੀ ਮੰਗ ਸਕਦਾ ਹਾਂ। ਆਪ ਨੇ ਤਾਂ ਆਬ-ਏ-ਹਿਆਤ ਦਾ ਜਾਮ ਮੇਰੇ ਪੁੱਤਰਾਂ ਨੂੰ ਪਿਲਾ ਦਿੱਤਾ, ਮੇਰੇ ਮੁਰੀਦਾਂ ਨੂੰ ਪਿਲਾ ਦਿੱਤਾ ਤੇ ਉਸ ਬਾਰਗਾਹ ਖੁਦਾ ਦੇ ਵਿਚ ਉਹਨਾਂ ਦਾ ਦਾਖਲਾ ਕਰਾ ਦਿੱਤਾ। ਹੁਣ ਦੱਸੋ, ਮੈਨੂੰ ਇਸ ਤੋਂ ਜਿਆਦਾ ਵੱਡਾ ਕੁਛ ਮੰਗਣ ਨੂੰ ਕੀ ਹੈ? ਕਹਿਣ ਲੱਗੇ, ਨਹੀਂ ਮੰਗ ਸਾਡਾ ਮੰਨ ਪ੍ਰਸੰਨ ਹੁੰਦਾ ਹੈ। ਕਹਿੰਦਾ, ਪਾਤਸ਼ਾਹ ਜੇ ਮੈਨੂੰ ਕੁਛ ਦੇਣਾ ਹੈ ਤਾਂ ਇਹ ਜਿਹੜੇ ਕੰਘੇ ਵਿਚ ਕੇਸ ਹਨ ਜਾਂ ਰੋਮ ਟੁੱਟ ਕੇ ਆ ਗਏ ਹਨ ਇਹ ਕ੍ਰਿਪਾ ਕਰਕੇ ਮੈਨੂੰ ਦੇ ਦਿਓ। ਮੇਰੇ ਵਾਸਤੇ ਇਹ ਸਾਰੇ ਕੇਸ ਤਿੰਨਾਂ ਲੋਕਾਂ ਦੀ ਦੌਲਤ ਹੈ। ਸਾਧ ਸੰਗਤ ਜੀ! ਜੇ ਉਸਦੇ ਮਨ ਵਿਚ ਪਛਤਾਵਾ ਹੁੰਦਾ ਤਾਂ ਫੇਰ ਉਹ ਇਸ ਤਰ੍ਹਾਂ ਦੇ ਬਚਨ ਨਾ ਕਰਦਾ। ਉਹ ਮਹਾਂ ਪ੍ਰਸੰਨ ਸੀ ਕਿ ਮੇਰੇ ਪੁੱਤਰ ਧਰਮ ਦੇ ਲੇਖੇ ਲੱਗ ਗਏ ਕਿਉਂਕਿ ਉਹ ਵੇਖਦਾ ਸੀ ਅਧਰਮ ਵਾਲਿਆਂ ਨੇ ਧਰਮ ਦਾ ਜੋ ਬੂਟਾ ਪੱਨਪ ਰਿਹਾ ਹੈ, ਉਸਦੀ ਜੜ੍ਹ ਉਖੇੜਨ ਵਾਸਤੇ ਹੱਲਾ ਕਰ ਦਿੱਤਾ ਸੀ। ਮਹਾਰਾਜ ਕਹਿੰਦੇ ਹਨ -

*ਫਤੇ ਸਾਹ ਕੋਪਾ ਤਬਿ ਰਾਜਾ। ਲੋਹ ਪਰਾ ਹਮ ਸੇ ਬਿਨੁ ਕਾਜਾ।*

*ਬਚਿਤ੍ਰ ਨਾਟਕ*

ਬਗੈਰ ਕਿਸੀ ਮਤਲਬ ਦੇ ਸਾਡੇ ਤੇ ਹਮਲਾ ਕਰ ਦਿੱਤਾ। ਕੋਈ ਮਤਲਬ ਨਹੀਂ ਸੀ। ਨਾ ਅਸੀਂ ਕਿਸੇ ਨੂੰ ਕੁਛ ਕਹਿੰਦੇ ਸੀ। ਸਾਡਾ ਤਾਂ ਰੋਜ ਦਾ ਨਾਹਰਾ ਇਹ ਸੀ ਕਿ –

*ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।*

ਗੁਰੂ ਮਹਾਰਾਜ ਤਾਂ ਰਾਜਿਆਂ ਦਾ ਵੀ ਭਲਾ ਮੰਗਦੇ ਸੀ, ਪ੍ਰਜਾ ਦਾ ਵੀ ਭਲਾ ਮੰਗਦੇ ਸੀ, ਮਾੜੇ ਬੰਦਿਆਂ ਦਾ ਵੀ ਮੰਗਦੇ ਸੀ, ਚੰਗਿਆਂ ਦਾ ਵੀ ਮੰਗਦੇ ਸੀ। ਪਹਾੜੀ ਰਾਜੇ ਨੂੰ ਗੁਰੂ ਮਹਾਰਾਜ ਜੀ ਨਾਲ ਯੁੱਧ ਕਰਨ ਦੀ ਕਾਹਦੀ ਕਾਹਲ ਸੀ ਜਦ ਕਿ ਗੁਰੂ ਮਹਾਰਾਜ ਨੇ ਉਸਦੀ ਲੜਕੀ ਨੂੰ ਆਪਣੀ ਲੜਕੀ ਸਮਝਕੇ, ਲੜਕੀ ਦੇ ਵਿਆਹ ਤੇ 3 ਲੱਖ ਦਾ ਤੰਬੋਲ ਭੇਜਿਆ ਸੀ ਜੋ ਅਜ ਕਲ੍ਹ 3 ਕਰੋੜ ਦਾ ਹੈ। ਬਹੁਤ ਜਿਆਦਾ ਤੋਹਫੇ ਭੇਜੇ, ਤੇ ਉਹ ਬਗੈਰ ਕਿਸੇ ਕਾਰਨ ਤੋਂ ਕਿਉਂ ਸਾਡੇ ਉੱਤੇ ਫੌਜਾਂ ਨਾਲ ਹਮਲਾ ਕਰਦਾ ਹੈ। ਹਮਲੇ ਦੇ ਮੁਕਾਬਲੇ ਦੇ ਦੋ ਤਰੀਕੇ ਹਨ, ਇਕ ਤਾਂ ਚੌਂਕੜੇ ਮਾਰਕੇ ਬੈਠ ਜਾਣਾ, ਗੱਲ ਕੱਢਾ ਲੈਣੇ, ਇਸਦੇ ਨਾਲ ਜਿਹੜਾ ਦੁਸ਼ਮਨ ਹੈ ਹੋਰ ਅੱਗੇ ਵੱਧਦਾ ਹੈ ਕਿਉਂਕਿ ਉਹ ਕਸਾਈ ਬਣ ਜਾਂਦਾ ਹੈ ਕਿ ਇਹ ਤਾਂ ਮੈਥੋਂ ਡਰ ਗਿਆ।

ਦੂਸਰਾ ਹੈ ਕਿ ਮਰਦਾਨਗੀ ਨਾਲ ਟਾਕਰਾ ਕਰਨਾ, ਆਪਣੀ ਕੁਰਬਾਨੀ ਦੇਣੀ ਤੇ ਜੁਲਮ ਨੂੰ ਰੋਕ ਦੇਣਾ। ਜ਼ਾਲਮ ਦੇ ਹਿਰਦੇ ਦੇ ਵਿਚ ਡਰ ਪੈਦਾ ਕਰ ਦੇਣਾ, ਉਸਨੇ ਡਰਨਾ, ਕਿ ਇਹ ਤਾਂ ਮੈਥੋਂ ਵੀ ਬਹੁਤ ਤਕੜੇ ਨੇ, ਮੇਰਾ ਇਹ ਕੰਮ ਚਲਣਾ ਨਹੀਂ। ਜੇਕਰ ਹਲਕੇ ਹੋਏ ਕੁੱਤੇ ਵੱਢਣ ਲੱਗ ਜਾਣ ਤਾਂ ਫੇਰ ਘਰ ਦੇ ਬੰਦਿਆਂ ਨੂੰ ਕੋਈ ਚਾਰਾ ਕਰਨਾ ਪੈਂਦਾ ਹੈ ਕਿ ਆਪਣਾ ਆਪ ਬਚਾਓ, ਇਹਨਾਂ ਨੇ ਤਾਂ ਚੱਕ ਮਾਰ ਦੇਣੇ ਤੇ ਅਸੀਂ ਜ਼ਖਮੀ ਹੋ ਜਾਣੈ, ਫੇਰ ਅਸੀਂ ਹਲਕ ਜਾਵਾਂਗੇ। ਜੇਕਰ ਕੁੱਤੇ ਨੂੰ ਮਾਰ ਦਿਤਾ ਜਾਵੇ ਤਾਂ ਕੇਵਲ ਅਸੀਂਓ ਨਹੀ ਬਚਣਾ ਸਗੋਂ ਬੇਅੰਤ ਹੋਰ ਵੀ ਬੱਚ ਜਾਣਗੇ। ਦੁਨੀਆਂ ਅੰਦਰ ਗੁਰੂ ਸਾਹਿਬ ਦੇ ਜੰਗਾਂ ਦੇ ਬਾਰੇ ਬੜੇ ਖਿਆਲ ਨੇ ਪਰੰਤੂ ਗੁਰੂ ਮਹਾਰਾਜ ਜੀ ਨੇ ਇਕ ਇੰਚ ਵੀ ਕਿਸੀ ਥਾਂ ਤੇ ਕਦੇ ਕਬਜਾ ਨਹੀਂ ਸੀ ਕਰਿਆ। ਜੇ ਚਾਹੁੰਦੇ ਤਾਂ ਜਦੋਂ 22 ਧਾਰ ਦੇ ਰਾਜਿਆਂ ਨੂੰ ਹਾਰ ਦੇ ਦਿੱਤੀ ਸੀ, ਉਸ ਵੇਲੇ ਹੀ ਉਹਨਾਂ ਦੀਆਂ ਰਾਜਧਾਨੀਆਂ ਤੇ ਕਬਜਾ ਕਰ ਲੈਂਦੇ ਤੇ ਉਹਨਾਂ ਦੇ ਹੱਥ ਵਿਚ ਪੈਸਾ ਵੀ ਆ ਜਾਂਦਾ ਤੇ ਬੇਅੰਤ ਫੌਜਾਂ ਵੀ ਭਰਤੀ ਕਰ ਸਕਦੇ ਸਨ। ਪਹਾੜ ਦੀ ਓਟ ਵੀ ਜ਼ਬਰਦਸਤ ਮਿਲ ਜਾਂਦੀ। 12, 13 ਲੜਾਈਆਂ ਵਿਚ ਪਹਾੜੀ ਰਾਜੇ ਹਾਰਦੇ ਰਹੇ ਜੇ ਉਹ ਚਾਹੁੰਦੇ ਤਾਂ ਉਹਨਾਂ ਦੀ ਜਾਇਦਾਦ ਤੇ ਕਬਜਾ ਕਰ ਲੈਂਦੇ ਤੇ ਉਹਨਾਂ ਨੂੰ ਉਠਣ ਹੀ ਨਾ ਦਿੰਦੇ। ਲੇਕਿਨ ਆਪ ਨੇ ਇਹ ਗੱਲਾਂ ਨਹੀਂ ਕਰੀਆਂ, ਕਿਉਂਕਿ ਆਪ ਯੁੱਧ ਜੰਗ ਨਹੀਂ ਸੀ ਕਰਨਾ ਚਾਹੁੰਦੇ।

ਧਰਮ ਯੁੱਧ ਮੋਰਚੇ ਵਿੱਚ ਸ਼ਹੀਦ ਹੋਏ, ਇਲਾਕੇ ਦੇ 34 ਸਿੰਘਾਂ ਦੀ ਯਾਦ ਵਿੱਚ, ਕਲਵਾਂ ਮੋੜ (ਨੰਗਲ) ਵਿਖੇ ਹੋਏ ਸਮਾਗਮ ਮੌਕੇ ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਦੁਆਰਾ ਹਾਜ਼ਰੀ ਭਰਦੇ ਹੋਏ।



ਅ ' ਪ

ਸੰਸਾਰ ਨੂੰ ਸਿੱਧੇ ਰਾਹ ਤੇ ਪਾਉਣਾ ਚਾਹੁੰਦੇ ਸੀ। ਸੰਸਾਰ ਅਧਰਮ ਵਿਚ ਜਿਆਦਾ ਚਲਾ ਗਿਆ ਸੀ। ਅਕਾਲ ਪੁਰਖ ਨੇ ਜਦੋਂ ਸੰਸਾਰ ਤੇ ਭੇਜੇ, ਪਹਿਲਾਂ ਹੀ ਸਪਸ਼ਟ ਕਰ ਦਿੱਤਾ ਸੀ ਕਿ ਤੁਸੀਂ ਸੰਸਾਰ ਤੇ ਜਾ ਕੇ ਕੀ ਕੁਛ ਕਰਨਾ ਹੈ। ਉਸਦੇ ਬਾਰੇ ਅਸੀਂ ਤੁਹਾਨੂੰ ਇਸ਼ਾਰੇ ਦਿੰਦੇ ਹਾਂ ਕਿ ਮੈਂ ਸੰਸਾਰ ਤੇ ਜਿੰਨੇ ਵੀ ਅੱਜ ਤਕ ਭੇਜੇ ਹė ਆਪਣੀ ਪੂਜਾ ਤਾਂ ਕਰਾ ਲਈ ਤੇ ਆਪ ਹੀ ਮੂਹਰੇ ਹੋ ਗਏ ਤੇ ਜੋ ਮੈਂ ਪਰੀਪੂਰਨ ਸੰਸਾਰ ਦਾ ਪ੍ਰਮੇਸ਼ਰ ਹਾਂ ਜਿੰਨੇ ਸਭ ਪੈਦਾ ਕਰੇ ਨੇ, ਉਹਨੂੰ ਕੋਈ ਨਹੀਂ ਦ੍ਰਿੜ ਕਰਾਇਆ ਸਗੋਂ ਆਪ ਦੀ ਪੂਜਾ ਕਰਾ ਲਈ। ਆਪ ਹੀ ਮੂਹਰੇ ਆ ਗਏ, ਆਪ ਹੀ ਭਗਵਾਨ ਬਣ ਗਏ ਤੇ ਪ੍ਰਮੇਸ਼ਰ ਦੇ ਲੜ੍ਹ ਨਹੀਂ ਲਾਇਆ।

ਆਪਸ ਵਿਚ ਏਕਤਾ ਨਹੀਂ ਲਿਆਂਦੀ, ਆਪਸ ਵਿਚ ਵੈਰ ਵਧਾ ਦਿੱਤਾ। ਜਿੰਨੀਆਂ ਵੀ ਸੰਪਰਦਾਵਾਂ ਤੁਰੀਆਂ ਆਪਸ ਵਿਚ ਲੜ੍ਹ ਪਈਆਂ, ਜਿੰਨੇ ਪੰਥ ਚਲੇ ਉਹ ਆਪਸ ਵਿਚ ਜੰਗ ਕਰਦੇ ਰਹੇ, ਇਕ ਦੂਜੇ ਨੂੰ ਮਾਰਨ ਵਾਸਤੇ ਧਰਮ ਦਾ ਨਾਮ ਲੈਂਦੇ ਰਹੇ, ਇਕ ਦੂਜੇ ਦਾ ਖੂਨ ਵਹਾ ਕੇ ਕਹਿੰਦੇ

ਸਨ ਕਿ ਅਸੀਂ ਧਰਮ ਦਾ ਕੰਮ ਕਰ ਰਹੇ ਹਾਂ।

ਆਪਣੇ ਪੱਤਿਆਂ ਤੋਂ ਦਰਖਤ ਜਲਣ ਲਗ ਗਿਆ। ਰੱਬ ਦੇ ਰਸਤੇ ਤਾਂ ਕੋਈ ਨਹੀਂ ਚਲਦਾ। ਕੋਈ ਪਰਬਤਾਂ ਨੂੰ ਮੱਥਿ ਟੇਕਦਾ ਹੈ, ਕੋਈ ਦਰਖਤਾਂ ਨੂੰ ਟੇਕਦਾ ਹੈ, ਕਿਸੇ ਨੇ ਸੱਪ ਨੂੰ ਸੀਸ ਨਿਵਾ ਦਿੱਤਾ, ਕਿਸੇ ਨੇ ਮਾਤਾ ਰਾਣੀ ਵਰਗੀ ਬਿਮਾਰੀ ਨੂੰ ਮੱਥਾ ਟੇਕ ਦਿੱਤਾ, ਕੋਈ ਸੂਰਜ ਨੂੰ ਮੱਥਾ ਟੇਕੀ ਜਾਂਦਾ ਹੈ, ਕੋਈ ਚੰਦਰਮਾ ਨੂੰ ਸਤਿ ਸ੍ਰੀ ਅਕਾਲ ਬੁਲਾਈ ਜਾਂਦਾ ਹੈ। ਕੋਈ ਤਾਰਿਆਂ ਨੂੰ ਮੱਥਾ ਟੇਕਦਾ ਹੈ, ਕੋਈ ਧਰਮਰਾਜੇ ਦੀ ਪੂਜਾ ਕਰਦਾ ਹੈ, ਕੋਈ ਹਨੂੰਮਾਨ ਦੀ ਕਰਦੈ, ਕੋਈ ਭੈਰੋ ਦੀ ਕਰਦਾ ਹੈ। ਹਨ੍ਹੇਰ ਗ਼ਬਾਰ ਛਾ ਗਿਆ, ਰੱਬ ਤਾਂ ਲਾਂਭੇ ਹੀ ਛੱਡ ਦਿੱਤਾ।

ਸਰਵਰੀਆ ਪੀਰ ਸੀ, ਜਿਨ੍ਹਾਂ ਨੂੰ ਸੁਲਤਾਨੀਆ ਕਹਿੰਦੇ ਹਨ। ਉਸਦਾ ਨਾਂ ਅਹਮਦ ਸੀ। ਇਸਨੇ ਚਿਲੇ ਕੱਟ ਲਏ ਤੇ ਇਸਨੂੰ ਥੋੜੀ ਜੀ ਸਿੱਧੀ ਆ ਗਈ। ਸਾਰੇ ਹੀ ਪੰਜਾਬ ਨੂੰ ਆਪਣੇ ਪਿੱਛੇ ਲਾ ਲਿਆ, ਕਬਰ ਦੀ ਪੂਜਾ ਕਰਵਾਉਣੀ ਸ਼ੁਰੂ ਕਰ ਦਿੱਤੀ। ਰੱਬ ਤਾਂ ਭੁੱਲ ਹੀ ਗਿਆ।

ਗੋਰਖ ਵਗੈਰਾ ਕੋਲ ਸਿੱਧੀ ਆ ਗਈ, ਉਹ ਆਪਣੀ ਪੂਜਾ ਕਰਵਾਉਣ ਲੱਗ ਪਏ। ਰੱਬ ਦੇ ਰਾਹ ਤੋਂ ਕੋਈ ਨਹੀਂ ਆਉਂਦਾ।

ਘਟ-ਘਟ ਵਿਚ ਵਿਆਪਕ ਜੋ ਪ੍ਰਮੇਸ਼ਰ ਸੀ, ਉਹ ਕਿਸੇ ਨੇ ਨਹੀਂ ਪਹਿਚਾਣਿਆ।

ਆਪਣੇ ਆਪ ਵਿਚ ਉਲਝ ਗਏ, ਆਪਣੇ-ਆਪਣੇ ਧਰਮ ਬਣਾ ਲਏ, ਪੰਥ ਬਣਾ ਲਏ। ਰੱਬ ਨੂੰ ਕਿਸੇ ਨੇ ਪਹਿਚਾਣਿਆ ਹੀ ਨਹੀਂ, ਵਾਹਿਗੁਰੂ ਜੀ ਨੇ ਆਪ ਨੂੰ ਕਿਹਾ ਕਿ ਤੁਸੀਂ ਸੰਸਾਰ ਤੇ ਜਾਓ।

*ਮੈ ਅਪਨਾ ਸੁਤ ਤੋਹਿ ਨਿਵਾਜਾ। ਪੰਥ ਪ੍ਰਚੁਰ ਕਰਬੇ ਕਹੁ ਸਾਜਾ।*
*ਜਹਾ ਤਹਾ ਤੈ ਧਰਮੁ ਚਲਾਇ। ਕਬੁਧਿ ਕਰਨ ਤੇ ਲੋਕ ਹਟਾਇ॥*

*ਅਕਾਲ ਪੁਰਖ ਬਾਚ (ਚੌਪਈ)*

ਆਹ ਜਿਹੜੇ ਕਬੁੱਧੀਆਂ ਕਰ ਰਹੇ ਨੇ ਇਹਨਾਂ ਨੇ ਇਹ ਪਹਿਚਾਨ ਨਹੀਂ ਕਰਵਾਈ ਕਿ ਪਾਰਬ੍ਰਹਮ ਪ੍ਰਮੇਸ਼ਰ ਘਟ-ਘਟ ਦੇ ਵਿਚ ਵਸਦਾ ਹੈ, ਹਰੇਕ ਦੇ ਅੰਦਰ ਵਸਦਾ ਹੈ,

ਇਹਨਾਂ ਨੇ ਇਸ ਦੀ ਪਹਿਚਾਣ ਨਾ ਕਰਵਾਉਣ ਕਰਕੇ ਸਾਰੇ ਬਾਹਰ-ਬਾਹਰ ਦੇ ਤਰੀਕੇ ਕੱਢ ਲਏ। ਮਹਾਰਾਜ ਕਹਿੰਦੇ ਸਾਰਿਆਂ ਦੇ ਅੰਦਰ ਵਸਦਾ ਹੈ, ਇਸ ਤਰ੍ਹਾਂ ਨਾਲ ਫ਼ੁਰਮਾਨ ਕਰਦੇ ਹਨ। ਪਿਆਰ ਨਾਲ ਪੜ੍ਹੋ ਸਾਰੇ -

*ਧਾਰਨਾ - ਤੈਨੂੰ ਗਾਫਲਾ ਸਮਝ ਨਾ ਆਈ, ਅੰਦਰ ਤੇਰੇ ਰੱਬ ਵਸਦੈ*

ਪਿੰਡ ਭੱਟੋਂ ਵਿਖੇ ਮੱਸਿਆ ਦੀ ਰਾਤ ਸਮੇਂ ਮਹੀਨਾ ਵਾਰੀ ਦੀਵਾਨ ਵਿੱਚ ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।







*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥ ਅੰਗ - 1263*

ਕਹਿੰਦੇ, ਪਿਆਰਿਆ! ਤੂੰ ਵੀ ਉਥੇ ਹੀ ਵਸਦਾ ਹੈ, ਰੱਬ ਵੀ ਉਥੇ ਹੀ ਵਸਦਾ ਹੈ। ਹਉਮੈ ਦੀ ਕੰਧ ਹੋਣ ਕਰਕੇ, ਇਕ ਦੂਜੇ ਨਾਲ ਤੁਸੀਂ ਮਿਲਦੇ ਨਹੀਂ।

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥*
*ਅੰਗ - 634*

*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ॥ ਅੰਗ - 1263*

ਪੂਰਾ ਸਤਿਗੁਰ ਮਿਲ ਜਾਂਦਾ ਹੈ, ਜਦੋਂ ਪੂਰਾ ਸਤਿਗੁਰੂ ਸ਼ਬਦ ਦੇ ਦਿੰਦਾ ਹੈ, ਸ਼ਬਦ ਦੇ ਬਲ ਨਾਲ ਹਉਮੈ ਦੀ ਕੰਧ ਟੁੱਟ ਜਾਂਦੀ ਹੈ।

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ॥ ਅੰਗ - 954*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥*
*ਅੰਗ - 947*

ਪਾਰਬ੍ਰਹਮ ਪ੍ਰਮੇਸ਼ਰ ਕਹਿਣ ਲੱਗੇ, ਮੈਨੂੰ ਕਿਸੇ ਨੇ ਨਹੀਂ ਪਹਿਚਾਣਿਆ, ਮੈਂ ਹਰੇਕ ਦੇ ਅੰਦਰ ਵਸਦਾ ਹਾਂ ਤੇ ਉਹਨਾਂ ਨੇ ਮੇਰਾ ਗਿਆਨ ਕਿਸੇ ਨੂੰ ਨਹੀਂ ਦਿੱਤਾ ਤੇ ਆਪਣਾ ਵਜੂਦ ਅੱਗੇ ਲੈ ਆਂਦਾ। ਆਪਣੇ ਹੀ ਕਿਰਿਆ ਕਰਮ ਸਿਖਾ ਦਿੱਤੇ। ਸ਼ਕਲ ਤੋਂ ਬੇਸ਼ਕਲ ਬਣਾ ਦਿੱਤੀ, ਕਿਸੇ ਨੇ ਕੇਸ ਸਾਰੇ ਹੀ ਉਤਰਵਾ ਦਿੱਤੇ, ਕਿਸੇ ਨੇ ਲਬਾਂ ਕੱਟਵਾ ਦਿਤੀਆਂ, ਕਿਸੇ ਨੇ ਕੁਛ, ਕਿਸੇ ਨੇ ਕੁਛ, ਕਿਸੇ ਨੇ ਮੁੰਦਰਾਂ ਪਾ ਲਈਆਂ, ਨਵੀਂ ਸ਼ਕਲ ਬਣਾ ਦਿੱਤੀ। ਉਹ ਅਸਲੀ ਚੀਜ਼ ਨੂੰ ਭੰਨ ਤੋੜ ਦਿੱਤਾ। ਮੇਰਾ ਗਿਆਨ ਤਾਂ ਦਿੱਤਾ ਨਹੀਂ, ਆਪਣਾ ਹੀ ਦੇ ਦਿੱਤਾ, ਜਿਹੜਾ-ਜਿਹੜਾ ਵੀ ਹੋਇਆ ਹੈ।

ਕਹਿੰਦੇ, ਤੁਸੀਂ ਜਾਓ ਸੰਸਾਰ ਨੂੰ ਦੱਸੋ, ਮੈਂ ਕਿਸੀ ਤੋਂ ਦੂਰ ਨਹੀਂ ਹਾਂ, ਸਭ ਦੇ ਅੰਦਰ ਰਹਿੰਦਾ ਹਾਂ।

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ॥ ਅੰਗ - 1033*

ਹਰ ਸਰੀਰ ਵਿਚ ਮੈਂ ਆਪਣੀ ਨਿਰਮਲ ਥਾਂ ਰਖੀ ਹੋਈ ਹੈ।

*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ॥ ਅੰਗ - 1033*

ਜਦ ਤਕ ਸਮਰੱਥ ਗੁਰੂ ਤੋਂ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ, ਉਹ ਮੇਰੇ ਤਕ ਨਹੀਂ ਪਹੁੰਚ ਸਕਦਾ ਕਿਉਂਕਿ ਬਜਰ ਕਪਾਟ ਲੱਗੇ ਹੋਏ ਨੇ ਤੇ ਮੈਂ ਚਾਬੀ ਗੁਰੂ ਨੂੰ ਦਿੱਤੀ ਹੋਈ ਹੈ।

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ॥ ਅੰਗ - 205*

ਇਹਨਾਂ ਨੂੰ ਜਾ ਕੇ ਦਸੋ ਕਿ ਮੈਂ ਆਪਣੇ ਦਰ ਦੀ ਚਾਬੀ ਸਤਿਗੁਰੂ ਨੂੰ ਦਿੱਤੀ ਹੋਈ ਹੈ। ਕਿਉਂਕਿ ਸੰਸਾਰ ਦੁਖੀ ਹੋ ਰਿਹਾ ਹੈ, ਮੈਂ ਦੂਰ ਨਹੀਂ ਹਾਂ, ਮੈਂ ਸਭ ਦੇ ਘਰ ਹੁੰਦਾ ਹਾਂ। ਮੇਰੇ ਗਿਆਨ ਤੋਂ ਬਗੈਰ ਮਨ ਦੇ ਅੰਦਰ ਹਨ੍ਹੇਰਾ ਰਹੇਗਾ। ਆਪਸ ਵਿਚ ਲੜਨਗੇ ਤੇ ਦੁਖੀ ਹੋਣਗੇ।

*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ॥*
*ਅੰਗ- 124*

ਜੇ ਪੂਰੇ ਭਾਗ ਹੋਣ ਤਾਂ ਸਤਿਗੁਰ ਮਿਲਦਾ ਹੈ। ਸਤਿਗੁਰੂ ਨੂੰ ਕਲਜੁਗ ਦੇ ਅੰਦਰ ਭੇਜਿਆ ਗਿਆ ਹੈ। ਅਕਾਲ ਪੁਰਖ ਦਾ ਹੁਕਮ ਹੈ, ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੂੰ ਗੁਰੂ ਪ੍ਰਮੇਸ਼ਰ। ਇਹ ਜੋ ਮੇਰਾ ਸਰੂਪ ਹੈ, ਮੈਂ ਤੈਨੂੰ ਦੱਸਦਾ ਹਾਂ।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*
*ਅੰਗ - 1*

ਤੂੰ ਸੰਸਾਰ ਨੂੰ ਸਮਝਾ ਕਿ ਮੈਂ ਕਲਪਤ ਚਿੱਤਰਾਂ ਦੇ ਅੰਦਰ ਨਹੀਂ ਹਾਂ, ਮੇਰਾ ਕੋਈ ਰੂਪ ਨਹੀਂ ਹੈ, ਰੰਗ ਨਹੀਂ ਹੈ, ਭੇਸ ਨਹੀਂ ਹੈ।

*ਚੱਕ੍ਰ ਚਿਹਨ ਅਰੁ ਬਰਨ ਜਾਤਿ*
*ਅਰੁ ਪਾਤਿ ਨਹਿਨ ਜਿਹ॥ (ਜਾਪ ਸਾਹਿਬ)*

ਕਹਿਣ ਲੱਗੇ, ਮੇਰਾ ਕੋਈ ਰੂਪ, ਰੰਗ ਨਹੀਂ ਹੈ, ਮੈਂ ਬੋਲੀ ਵਿਚ ਨਹੀਂ ਆਉਂਦਾ, ਮੈਂ ਦੁਨੀਆਂ ਦੀਆਂ ਚੀਜ਼ਾਂ ਵਾਂਗ ਸਮਝਿਆਂ ਹੋਇਆਂ, ਸਮਝਿਆ ਨਹੀਂ ਜਾ ਸਕਦਾ।

*ਨਹੀ ਜਾਨ ਜਾਈ ਕਛੂ ਰੂਪ ਰੇਖੰ॥*
*ਕਹਾ ਬਾਸ ਤਾਂਕੋ ਫਿਰੈ ਕਉਨ ਭੇਖੰ॥*
*ਕਹਾ ਨਾਮ ਤਾਕੋ ਕਹਾ ਕੈ ਕਹਾਵੈ॥*

*ਕਹਾ ਮੈ ਬਖਾਨੌ ਕਹੇ ਮੋ ਨ ਆਵੈ॥*

*ਅਕਾਲ ਉਸਤਤਿ*

ਇਸ ਜੀਵ ਦਾ ਜੋ ਸਰੂਪ ਹੈ, ਮੈਂ ਉਸਦੇ ਅੰਦਰ ਵੱਸ ਰਿਹਾ ਹਾਂ, ਉਹੀ ਸਰੂਪ ਮੇਰਾ ਹੈ। ਮੇਰੇ ਤੋਂ ਦੁਨੀਆਂ ਭਟਕ ਗਈ ਹੈ, ਬਹੁਤ ਅੰਧਕਾਰ ਵਿਚ ਆ ਗਈ ਹੈ। ਇਹਨਾਂ ਦੇ ਅੰਦਰ ਕਬੁੱਧ ਆ ਗਈ ਹੈ ਇਹਨਾਂ ਨੂੰ ਦੱਸ ਦਿਓ ਜਾ ਕੇ ਕਿ ਮੈਂ ਤਾਂ ਅੰਦਰ ਵਸਦਾ ਹਾਂ। ਬਜਰ ਕਪਾਟ ਦੀ ਚਾਬੀ ਗੁਰੂ ਕੋਲੋਂ ਲੈ ਕੇ ਬਜਰ ਕਪਾਟ ਖੋਲ੍ਹੋ।

*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ॥ ਅੰਗ - 1033*

ਮੈਂ ਤਾਂ ਸਭ ਦੇ ਅੰਦਰ ਬੈਠਾ ਹਾਂ, ਜਾ ਕੇ ਤੁਸੀਂ ਦੁਨੀਆਂ ਨੂੰ ਸਮਝਾਓ ਕਿ ਪ੍ਰਮੇਸ਼ਰ ਨੂੰ ਦੂਰ ਨਾ ਭਾਲੋ।

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ*
*ਵਣਿ ਕੰਡਾ ਮੋੜੇਹਿ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥*
*ਅੰਗ - 1379*

ਸੋ ਇਸ ਤਰ੍ਹਾਂ ਆਪਨੇ ਬਚਨ ਕੀਤੇ ਤੇ ਫੁਰਮਾਨ ਕੀਤਾ ਕਿ ਜਾਓ! ਇਹ ਧਰਮ ਦਾ ਰਸਤਾ ਸੰਸਾਰ ਨੂੰ ਜਾ ਕੇ ਦਸੋ। ਮੈਂ ਤੁਹਾਨੂੰ ਪੁੱਤਰ ਦੀ ਪਦਵੀ ਦਿੰਦਾ ਹਾਂ।

ਧਰਮ ਦੀਆਂ ਰੀਤਾਂ ਕਾਇਮ ਕਰੋ, ਕਿਉਂਕਿ ਸੰਸਾਰ ਵਿਚੋਂ ਧਰਮ ਨਿਕਲ ਗਿਆ ਹੈ ਹੋਰ ਹੀ ਧਰਮ ਬਣਾ ਲਏ, ਹੋਰ ਹੀ ਰੀਤਾਂ ਬਣਾ ਲਈਆਂ, ਧਰਮ ਦੀ ਬਾਤ ਜਾ ਰਹੀ ਹੈ। ਹਰ ਪਾਸੇ ਅਧਰਮ ਹੀ ਅਧਰਮ ਹੋ ਗਿਆ ਹੈ।

ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਨੇ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ॥ ਅੰਗ - 145*

ਧਰਮ ਨਾਮ ਦੀ ਚੀਜ਼ ਖੰਭ ਲਾ ਕੇ ਉਡ ਗਈ ਹੈ।

*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ॥ ਅੰਗ - 145*

ਸੰਸਾਰ ਦੇ ਉੱਤੇ ਧਰਮ ਦਾ ਚੰਦਰਮਾ ਅਲੋਪ ਹੋ ਗਿਆ ਹੈ, ਮੱਸਿਆ ਫੈਲ ਗਈ, ਹਨ੍ਹੇਰ ਗੁਬਾਰ ਲੋਕਾਂ ਦੇ ਮਨ੍ਹਾਂ ਵਿਚ ਪੈ ਗਿਆ ਹੈ।

*ਹਉ ਭਾਲਿ ਵਿਕੁੰਨੀ ਹੋਈ॥*
*ਆਧੇਰੈ ਰਾਹੁ ਨ ਕੋਈ॥ ਅੰਗ - 145*

ਸੰਸਾਰ ਦੁਖੀ ਹੋ ਰਿਹਾ ਹੈ ਕਿਉਂਕਿ ਹਨ੍ਹੇਰੇ ਵਿਚ ਕੋਈ ਰਾਹ ਨਹੀਂ ਲਭਦਾ। ਮਨੁੱਖ ਜੰਮਦਾ ਹੈ, ਮਰਦਾ ਹੈ, ਹਉਮੈ ਅੰਦਰ ਹੋਣ ਕਰਕੇ ਸ਼ਾਂਤੀ ਵਿਚ ਨਹੀਂ ਆ ਰਿਹਾ। ਮਨੁੱਖ ਭਟਕ ਗਿਆ ਹੈ, ਕਹਿੰਦੇ, ਜਾਓ ਹੁਣ ਜਾ ਕੇ ਇਸਨੂੰ ਤੁਸੀਂ ਧਰਮ ਦੇ ਰਸਤੇ ਤੇ ਪਾਓ। ਜਿਹੜੀ ਕਬੁੱਧ ਲੋਕਾਂ ਵਿਚ ਆ ਗਈ ਹੈ। ਇਸ ਤੋਂ ਲੋਕਾਂ ਨੂੰ ਵਿਵਰਜਿਤ ਕਰੋ।

*ਮੈ ਅਪਨਾ ਸੁਤ ਤੁਹਿ ਨਿਵਾਜਾ।*
*ਪੰਥ ਪ੍ਰਚੁਰ ਕਰਬੇ ਕਉ ਸਾਜਾ।*
*ਜਹਾ ਤਹਾ ਤੈ ਧਰਮੁ ਚਲਾਇ।*
*ਕਬੁਧਿ ਕਰਨ ਤੇ ਲੋਕ ਹਟਾਇ॥ 'ਚੌਪਈ'*

ਆਪ ਪਾਤਸ਼ਾਹ ਲਿਖਦੇ ਨੇ ਕਿ ਇਹ ਸਾਰਾ ਸੰਸਾਰ ਤਾਂ ਉਲਟ ਰਾਹਾਂ ਤੇ ਪਿਆ ਹੋਇਆ ਹੈ। ਇਹ ਤਾਂ ਇਕ ਬੜਾ ਭਾਰਾ ਹੜ੍ਹ ਆ ਰਿਹਾ ਹੈ, ਜਿਹੜਾ ਕਿਸੇ ਵੀ ਤਰੀਕੇ ਨਾਲ ਰੋਕਿਆ ਨਹੀਂ ਜਾ ਸਕਦਾ। ਇਹ ਖਿਆਲਾਂ ਦਾ ਹੜ੍ਹ ਤੇ ਅੰਧਕਾਰ ਦਾ ਹੜ੍ਹ ਕਿਸ ਤਰ੍ਹਾਂ ਰੋਕਿਆ ਜਾਏਗਾ? ਕਹਿੰਦੇ, ਅਸੀਂ ਉਸ ਵੇਲੇ ਅਕਾਲ ਪੁਰਖ ਦੇ ਅੱਗੇ ਹੱਥ ਜੋੜਕੇ ਖੜ੍ਹੇ ਹੋ ਗਏ।

*ਠਾਢ ਭਯੋ ਮੈ ਜੋਰਿ ਕਰ,*
*ਬਚਨ ਕਹਾ ਸਿਰ ਨਿਆਇ॥ ਚੌਪਈ*

ਅਸੀਂ ਦੋਨੋਂ ਹੱਥ ਜੋੜ, ਸਾਮ੍ਹਣੇ ਖੜੇ ਹੋ ਗਏ, ਸੀਸ ਨਿਵਾਇਆ ਬਚਨ ਕਿਹਾ -

*ਪੰਥ ਚਲੈ ਤਬ ਜਗਤ ਮੈ, ਜਬ ਤੁਮ ਕਰਹੁ ਸਹਾਇ॥*
*ਚੌਪਈ*

ਹੇ ਪ੍ਰਭੂ, ਜਿਹੜਾ ਤੁਹਾਨੂੰ ਮਿਲਣ ਦਾ ਰਸਤਾ ਹੈ, ਦੁਨੀਆਂ ਤਾਂ ਇਸ ਰਸਤੇ ਉਤੇ ਆਏਗੀ, ਜੇਕਰ ਤੁਸੀਂ ਮੇਰੀ ਸਹਾਇਤਾ ਕਰੋਗੇ। ਨਿਮਰਤਾ ਦੇ ਨਾਲ ਆਪ ਨੇ ਬੇਨਤੀ ਕਰੀ ਤੇ ਸੰਸਾਰ ਵਿਚ ਆ ਕੇ ਆਪ ਨੇ ਦੱਸਿਆ ਕਿ ਮੈਂ ਕਿਉਂ ਆਇਆ? ਮੈਂ ਰਾਜ ਲੈਣ ਨਹੀਂ ਆਇਆ, ਨਾ ਮੈਂ ਪਾਖੰਡ ਕਰਾਉਣ ਆਇਆ ਹਾਂ, ਨਾਂ ਮੈਂ ਕੋਈ ਮੁੰਡ ਮੁੰਡਾਨੇ ਨੇ, ਨਾ ਮੈਂ ਟੋਪੀਆਂ ਦੇਣੀਆਂ ਹਨ, ਨਾਂ ਮੈਂ ਕੋਈ ਤੁਹਾਡੀ ਚਿੰਨ ਜਾਂ ਰੂਪ ਰੇਖਾ ਬਦਲਣੀ ਹੈ। ਠੀਕ ਹੈ ਜਿਵੇਂ ਮਨੁੱਖ ਸੁਭਾਵਿਕ ਪੈਦਾ ਹੋਇਆ ਹੈ, ਉਸ ਵਿਚ ਕੋਈ ਪਰਿਵਤਨ ਨਹੀਂ ਕਰਨਾ। ਮੈਂ ਇਸ ਕੰਮ ਵਾਸਤੇ ਆਇਆ ਹਾਂ।

*ਹਮ ਇਹ ਕਾਜ ਜਗਤ ਮੋ ਆਏ।*
*ਧਰਮ ਹੇਤ ਗੁਰਦੇਵ ਪਠਾਏ।*
*ਜਹਾਂ ਤਹਾਂ ਤੁਮ ਧਰਮ ਬਿਥਾਰੋ।*
*ਦੁਸਟ ਦੋਖੀਅਨਿ ਪਕਰਿ ਪਛਾਰੋ। ਚੌਪਈ*

ਦੂਜਾ ਇਹ ਹੈ ਕਿ ਜਦੋਂ ਕੋਈ ਦੁਸ਼ਟਾਈ ਕਰੇਗਾ ਤੇ ਉਸਦੀ ਦੁਸ਼ਟਾਈ ਕੱਢਣੀ ਹੈ। ਜਿਹੜੇ ਦੋਖੀ ਨੇ ਜਿਹੜਾ ਉਹਨਾਂ ਵਿਚ ਦੋਖ ਪੁਣੇ ਦਾ ਅਵਗੁਣ ਹੈ, ਉਹ ਵੀ ਕਢਣਾ ਹੈ। ਸੋ ਭਾਈਓ ਕਿਤੇ ਧੋਖਾ ਨਾ ਖਾ ਜਾਇਓ। ਅਸਲੀ ਗੱਲ ਭੁੱਲਕੇ ਕਿਤੇ ਮੈਨੂੰ ਹੀ ਪਾਰਬ੍ਰਹਮ ਪ੍ਰਮੇਸ਼ਰ ਕਹਿਣ ਲਗ ਜਾਇਓ। ਨਾ ਇਹ ਗੱਲ ਨਾ ਕਰਿਓ। ਇਸ ਤਰ੍ਹਾਂ ਫੁਰਮਾਨ

ਕਰਦੇ ਨੇ -

*ਧਾਰਨਾ - ਕੋਈ ਕਹਿਓ ਨਾ ਪ੍ਰਮੇਸ਼ਰ ਮੈਨੂੰ,*
*ਮੈਂ ਹਾਂ ਦਾਸ ਪਰਮ ਪੁਰਖ ਦਾ -2, 2.*
*ਮੇਰੇ ਪਿਆਰੇ, ਮੈਂ ਹਾਂ ਦਾਸ ਪਰਮ ਪੁਰਖ ਦਾ -2.*
*ਕੋਈ ਕਹਿਓ ਨਾ ਪ੍ਰਮੇਸ਼ਰ ਮੈਨੂੰ,............. -2.*

*ਜੋ ਹਮ ਕੋ ਪਰਮੇਸਰ ਉਚਰਿ ਹੈਂ।*
*ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।*
*ਮੋ ਕੋ ਦਾਸ ਤਵਨ ਕਾ ਜਾਨੋ।*
*ਯਾ ਮੈ ਭੇਦ ਨ ਰੰਚ ਪਛਾਨੋ।*
*ਮੈ ਹੋ ਪਰਮ ਪੁਰਖ ਕੋ ਦਾਸਾ।*
*ਦੇਖਨ ਆਯੋ ਜਗਤ ਤਮਾਸਾ।*
*ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋਂ।*
*ਮ੍ਰਿਤ ਲੋਕ ਤੇ ਮੋਨ ਨ ਰਹਿ ਹੋਂ।* **ਚੌਪਈ**

ਕਹਿਣ ਲੱਗੇ, ਦੋ ਗੱਲਾਂ ਦਾ ਧਿਆਨ ਰਖਿਓ। ਇਕ ਤਾਂ ਇਹ ਕਿ ਮੈਂ ਪ੍ਰਮੇਸ਼ਰ ਨਹੀਂ ਹਾਂ, ਜਿਹੜਾ ਮੈਨੂੰ ਪ੍ਰਮੇਸ਼ਰ ਕਹੇਗਾ, ਉਹਨੂੰ ਰੱਬ ਨਹੀਂ ਮਿਲਣਾ, ਉਹ ਨਰਕਾਂ ਵਿਚ ਜਾਏਗਾ ਕਿਉਂਕਿ ਉਹ ਝੂਠ ਬੋਲਦਾ ਹੈ। ਭਾਵੇਂ ਪ੍ਰਮੇਸ਼ਰ ਤੇ ਸਾਧੂਆਂ ਦਾ ਕੋਈ ਫਰਕ ਨਹੀਂ ਹੁੰਦਾ, ਲੇਕਿਨ ਪ੍ਰਮੇਸ਼ਰ ਬਹੁਤ-ਬਹੁਤ ਵੱਡਾ ਹੈ ਜਿਸਦਾ ਕੋਈ ਪਾਰਾਵਾਰ ਨਹੀਂ ਹੈ। ਗਲਾਸ ਦੇ ਪਾਣੀ ਤੇ ਸਮੁੰਦਰ ਦੇ ਪਾਣੀ ਦੋਨਾਂ ਵਿਚ ਕੋਈ ਫਰਕ ਨਹੀਂ ਹੁੰਦਾ, ਇਹ ਪਾਣੀ ਰੂਪ ਕਰਕੇ ਇਕੋ ਹੀ ਹੈ। ਲੇਕਿਨ ਮਾਤਰਾ ਵਿਚ ਫਰਕ ਹੁੰਦਾ ਹੈ। ਜੇ ਅਸੀਂ ਗਿਲਾਸ ਦੇ ਪਾਣੀ ਨੂੰ ਕਹੀਏ ਕਿ ਇਹ ਸਮੁੰਦਰ ਹੈ, ਇਹ ਤਾਂ ਸਮੁੰਦਰ ਨਹੀਂ ਹੋ ਸਕਦਾ ਇਸ ਕਰਕੇ ਸਮੁੰਦਰ ਦੀ ਉਪਾਧੀ ਉਸਦੇ ਉਤੇ ਘਟਦੀ ਨਹੀਂ, ਉਹ ਤਾਂ ਗਿਲਾਸ ਦਾ ਪਾਣੀ ਹੈ। ਬਾਲਟੀ ਦਾ ਪਾਣੀ ਹੈ, ਚੁਬੱਚੇ ਦਾ ਪਾਣੀ ਹੈ, ਟੋਭੇ ਦੀ ਆਪਣੀ ਹੱਦ ਹੁੰਦੀ ਹੈ। ਝੀਲ ਦੀ ਆਪਣੀ ਹੱਦ ਹੁੰਦੀ ਹੈ, ਸਮੁੰਦਰ ਦੀ ਆਪਣੀ ਹੱਦ ਹੁੰਦੀ ਹੈ। ਲੇਕਿਨ ਝੀਲ ਤੇ ਸਮੁੰਦਰ ਦਾ ਇਕ ਫਰਕ ਹੈ। ਮਾਤਰਾ ਵਿਚ ਫਰਕ ਹੋਇਆ ਕਰਦਾ ਹੈ। ਮਹਾਰਾਜ ਕਹਿੰਦੇ -

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*
*ਅੰਗ - 397*

ਉਹ ਸਾਂਈ ਦਾ ਅੰਗ ਹੀ ਹੁੰਦੇ ਨੇ, ਲੇਕਿਨ ਜੇ ਉਹਨਾਂ ਨੂੰ ਕਹੇ ਪ੍ਰਮੇਸ਼ਰ ਹੈ ਤਾਂ ਗੱਲ ਗਲਤ ਹੋ ਜਾਂਦੀ ਹੈ ਕਿਉਂਕਿ ਪ੍ਰਮੇਸ਼ਰ ਕਿਸੇ ਵੀ ਹੱਦ ਬੰਨੇ ਵਿਚ ਨਹੀਂ ਆਉਂਦਾ, ਅੰਤ ਵਿਚ ਨਹੀਂ ਆਉਂਦਾ, ਉਹ ਬੇਅੰਤ ਹੈ। ਜਦੋਂ ਅਸੀਂ ਕਿਸੇ ਨੂੰ ਪ੍ਰਮੇਸ਼ਰ ਕਹਾਂਗੇ, ਉਸਦੇ ਸਰੀਰ ਨੂੰ ਮੁੱਖ ਕਰਕੇ ਕਹਾਂਗੇ। ਕਿਉਂਕਿ ਸਾਨੂੰ ਸੋਝੀ ਨਹੀਂ ਹੈ, ਆਤਮ ਦ੍ਰਿਸ਼ਟੀ ਨਹੀਂ ਹੈ, ਬ੍ਰਹਮ ਦ੍ਰਿਸ਼ਟੀ ਨਾ ਹੋਣ ਕਰਕੇ ਅਸੀਂ ਸਰੀਰ ਨੂੰ ਪ੍ਰਮੇਸ਼ਰ ਕਿਹਾ। ਸੋ ਇਸ ਗੱਲ ਤੋਂ ਮਹਾਰਾਜ ਨੇ ਵਰਜ ਦਿੱਤਾ। ਦੇਖੋ, ਸਾਡੇ ਇਸ ਸਰੀਰ ਨੂੰ ਪ੍ਰਮੇਸ਼ਰ ਨਾ ਕਹਿਓ। ਜਿਹੜਾ ਨਾਂ ਸਾਡਾ ਸੰਸਾਰ ਨੇ ਧਰਿਐ ਕਿਤੇ ਇਸ ਨੂੰ ਪ੍ਰਮੇਸ਼ਰ ਨਾ ਕਹਿਓ। ਜਿਹੜਾ ਇਸ ਸਿਧਾਂਤ ਤੇ ਨਹੀਂ ਆਏਗਾ, ਉਸਨੂੰ ਰਾਹ ਨਹੀਂ ਲਭਣਾ।

*ਮੋ ਕੋ ਦਾਸ ਤਵਨ ਕਾ ਜਾਨੋ।*
*ਯਾ ਮੈ ਭੇਦ ਨ ਰੰਚ ਪਛਾਨੋ।* **ਚੌਪਈ।**
*ਮੈ ਹੋ ਪਰਮ ਪੁਰਖ ਕੋ ਦਾਸਾ।*
*ਦੇਖਨ ਆਯੋ ਜਗਤ ਤਮਾਸਾ।* **ਚੌਪਈ**

ਮੈਂ ਇਸ ਸੰਸਾਰ ਵਿਚ ਫਸਣ ਵਾਸਤੇ ਨਹੀਂ ਆਇਆ। ਮੈਂ ਇਕ ਖੇਲ ਖੇਲਣ ਆਇਆ ਹਾਂ। ਸੋ ਇਸ ਸੰਸਾਰ ਦੇ ਤਮਾਸ਼ੇ ਨੂੰ ਵੇਖਣ ਆਇਆ ਹਾਂ।

*ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋਂ॥* **ਚੌਪਈ**

ਮੈਨੂੰ ਜਿਹੜੇ ਆਦੇਸ਼ ਦਿੱਤੇ ਹਨ, ਮੈਂ ਉਹੀ ਸੰਸਾਰ ਨੂੰ ਦੱਸਣੇ ਹਨ।

*ਮ੍ਰਿਤ ਲੋਕ ਤੇ ਮੋਨ ਨ ਰਹਿ ਹੋਂ॥* **ਚੌਪਈ**

ਮੈਂ ਚੁੱਪ ਨਹੀਂ ਕਰਨਾ। ਕਿਉਂਕਿ ਚੁੱਪ ਕਰਨਾ ਮੇਰਾ ਕੰਮ ਨਹੀਂ, ਮੈਂ ਬੋਲ ਕੇ ਦਸਣਾ ਹੈ। ਸੋ ਐਸੇ ਹਨ ਗੁਰੂ ਦਸ਼ਮੇਸ਼ ਪਿਤਾ ਜੀ ਜਿਨ੍ਹਾਂ ਦੇ ਬਾਰੇ ਅਸੀਂ ਵਿਚਾਰ ਕਰੀ ਹੈ। ਸਾਧ ਸੰਗਤ ਜੀ! ਸੋ ਇਸ ਤਰ੍ਹਾਂ ਦਾ ਸੁਭਾਅ, ਇਸ ਤਰ੍ਹਾਂ ਦੇ ਕੰਮ ਕਰਨ ਆਏ ਸੀ। ਸੋ ਬਹੁਪੱਖੀ ਜੀਵਨ ਹੋਣ ਕਰਕੇ, ਇਹਨਾਂ ਨੂੰ ਸਮਝਿਆ ਨਹੀਂ ਗਿਆ। ਇਕ ਵੱਡਾ ਜਰਨੈਲ, ਉਹਨਾਂ ਨੂੰ ਜਰਨੈਲ ਕਹਿੰਦਾ ਹੈ, ਵੱਡਾ ਜੋਧਾ ਉਹਨਾਂ ਨੂੰ ਯੋਧਾ ਕਹਿੰਦਾ ਹੈ। ਵੱਡਾ ਲਿਖਾਰੀ, ਉਹਨਾਂ ਨੂੰ ਲਿਖਾਰੀਆਂ ਦਾ ਸ਼੍ਰੋਮਣੀ ਕਹਿੰਦਾ ਹੈ, ਵੱਡਾ ਜਿਹੜਾ ਕਵੀ ਹੈ, ਉਹਨਾਂ ਨੂੰ ਕਵੀਆਂ ਦਾ ਸ਼੍ਰੋਮਣੀ ਕਹਿੰਦਾ ਹੈ, ਆਪਣਾ-ਆਪਣਾ ਪੱਖ, ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਗੁਰੂ ਸਾਹਿਬ ਦੀ ਬਹੁ-ਪੱਖੀ ਸਖਸ਼ੀਅਤ ਨੂੰ ਦੇਖ ਕੇ, ਮਨੁੱਖ ਸਮਝ ਨਹੀਂ ਸਕਿਆ ਕਿ ਗੁਰੂ ਦਸਮੇਸ਼ ਪਿਤਾ ਜੀ ਕੌਣ ਸਨ? ਸਾਧ ਸੰਗਤ ਜੀ! ਕੁਛ-ਕੁਛ ਅਸੀਂ ਸਮਝਣ ਦਾ ਯਤਨ ਕਰਨਾ ਹੈ, ਜਿੰਨੇ ਕੁ ਸਾਡੀ ਸਮਝ ਵਿਚ ਆਉਂਦੇ ਨੇ। ਗੁਰੂ ਮਹਾਰਾਜ ਜੀ ਨਿਰੀ ਪਿਆਰ ਦੀ ਮੂਰਤ ਸਨ, ਕਿਸੇ ਨਾਲ ਉਹਨਾਂ ਨੂੰ ਵੈਰ ਨਹੀਂ ਸੀ, ਕਿਸੇ ਨੂੰ ਡਰਾਉਂਦੇ ਨਹੀਂ ਸੀ। ਨਾਲੇ ਇਹ ਵੀ ਸੀ ਕਿ ਆਪ ਕਿਸੇ ਕੋਲੋਂ ਡਰਦੇ ਵੀ ਨਹੀਂ ਸੀ।

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ*
*ਗਿਆਨੀ ਤਾਹਿ ਬਖਾਨਿ॥* *ਅੰਗ - 1427*

ਕਿਸੇ ਨੂੰ ਡਰਾਉਂਦੇ ਨਹੀਂ ਸੀ। ਉਹ ਸਾਰਿਆਂ ਨੂੰ ਪਿਆਰ ਕਰਦੇ ਸੀ। ਛੋਟੇ ਤੋਂ ਛੋਟੇ ਨੂੰ, ਵੱਡੇ ਤੋਂ ਵੱਡੇ ਨੂੰ, ਨਿੱਕੇ ਤੋਂ ਨਿੱਕੇ ਬੱਚੇ ਨੂੰ ਪਿਆਰ ਕਰਦੇ ਸੀ। ਜਿਸਦਾ ਸੰਸਾਰ ਉਤੇ ਕੋਈ ਨਹੀਂ, ਐਸੇ ਬੰਦਿਆਂ ਨੂੰ ਵੀ ਪਿਆਰ ਕਰਦੇ ਸੀ।

**********

(ਪੰਨਾ 30 ਦੀ ਬਾਕੀ)

ਅਨੰਦਮਈ ਹੋਣਾ ਹੈ। ਇਸ ਕਰਕੇ ਲੋੜ ਹੁੰਦੀ ਹੈ ਸਤਿਸੰਗ ਦੀ –

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥* *ਅੰਗ – ੨੯੩*

ਜਦੋਂ ਸਤਿਸੰਗ ਦੇ ਵਿਚ ਆਉਂਦੇ ਹਾਂ, ਨਾਮ ਨਾਲ ਜੁੜਦੇ ਹਾਂ, ਜੁਗਤੀਆਂ ਮਿਲਦੀਆਂ ਹਨ, ਫਾਰਮੂਲਾ ਪਤਾ ਲਗ ਜਾਂਦਾ ਹੈ ਜਿਹਦੇ ਨਾਲ ਮੁਸ਼ਕਲਾਂ ਹੱਲ ਹੋਣ ਲੱਗ ਜਾਂਦੀਆਂ ਹਨ। ਇਸ ਕਰਕੇ ਗੁਰੂ ਪਾਤਸ਼ਾਹ ਜੀ ਨੇ ਰਹਿਮਤ ਕੀਤੀ, ਭਾਵੇਂ ਤੁਖਾਰੀ ਰਾਗ ਦੇ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਨੇ ਵੀ ਬਾਰਹਮਾਹਾ ਬਾਰੇ ਫੁਰਮਾਨ ਕੀਤਾ, ਬਾਣੀ ਤਾਂ ਸਾਰੀ ਹੀ –

*ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*
*ਅੰਗ – ੬੨੮*

ਇਹ ਸਾਡੀਆਂ ਸਾਰੀਆਂ ਚਿੰਤਾਵਾਂ ਖਤਮ ਕਰਦੀ ਹੈ। ਸਾਨੂੰ ਚਿੰਤਾ ਜਾਂ ਤਾਂ ਬੀਤ ਗਏ ਸਮੇਂ ਦੀ ਹੈ, ਸ਼ਿਕਵੇ ਨੇ, ਸ਼ਿਕਾਇਤਾਂ ਨੇ ਆਹ ਘਾਟਾ ਪਿਆ ਤੇ ਇਸੇ ਤਰ੍ਹਾਂ ਆਉਣ ਵਾਲੇ ਸਮੇਂ ਦੀ ਸੋਚ ਵੱਢ-ਵੱਢ ਖਾਂਦੀ ਹੈ ਕਿ ਆਉਣ ਵਾਲਾ ਸਮਾਂ ਇਸ ਤਰ੍ਹਾਂ ਦਾ ਹੋਵੇ, ਅਸੀਂ ਆਪਣੇ ਆਪੇ 'ਚ, ਵਰਤਮਾਨ 'ਚ ਅਸਥਿਤ ਨਹੀਂ ਹੁੰਦੇ। ਇਸ ਕਰਕੇ ਸਾਨੂੰ ਇਹ ਚਿੰਤਾ ਲੱਗੀ ਰਹਿੰਦੀ ਹੈ –

*ਚਿੰਤਤ ਹੀ ਦੀਸੈ ਸਭੁ ਕੋਇ ॥*
*ਚੇਤਹਿ ਏਕੁ ਤਹੀ ਸੁਖੁ ਹੋਇ ॥* *ਅੰਗ – ੯੩੨*

ਚਿੰਤਾ ਸਾਨੂੰ ਵੱਢ-ਵੱਢ ਖਾ ਰਹੀ ਹੈ, ਪਰਮ ਆਪੇ 'ਚ ਲੀਨ ਨਹੀਂ ਹੋਣ ਦਿੰਦੀ। ਇਸ ਕਰਕੇ –

*ਜੋ ਕਿਛੁ ਕਰਹਿ ਸੋਈ ਅਬ ਸਾਰੁ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥* *ਅੰਗ – ੧੧੫੯*

ਹੁਣ ਕੀ ਕਰੀਏ –

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥* *ਅੰਗ – ੨੯੫*

ਚਿੱਤ ਦੀ ਇਕਾਗਰਤਾ ਜ਼ਰੂਰੀ ਹੈ ਇਸ ਕਰਕੇ ਆਓ, ਪੂਰੀ ਇਕਾਗਰਤਾ ਦੇ ਨਾਲ ਹਰੀ ਜਸ ਕੀਰਤਨ ਦੇ ਵਿਚ ਜੁੜੀਏ, ਜੁੜ ਕੇ, ਇਕਾਗਰਤਾ ਸ਼ਕਤੀ ਹੈ, ਇਹ ਕੀਰਤਨ ਭਗਤੀ ਹੈ, ਇਹਦੇ ਨਾਲ ਮਨ ਸੁਖਾਲਾ ਟਿਕ ਜਾਂਦਾ ਹੈ। ਕਿਉਂਕਿ ਮਨ ਦਾ ਸੁਭਾਅ ਹੈ, ਮਨ ਦੌੜਦਾ ਹੈ। ਮਨ ਸਵਾਸ ਦੀ ਸਵਾਰੀ ਕਰਦਾ ਹੈ, ਪਉਣ ਦੀ ਸਵਾਰੀ ਕਰਦਾ ਹੈ। ਇਥੇ ਬੈਠਾ-ਬੈਠਾ ਪਤਾ ਨਹੀਂ ਕਿੱਥੇ ਪਹੁੰਚ ਜਾਂਦਾ ਹੈ। ਅੱਜ ਇਸ ਸਾਲ ਨੂੰ ਜਿਥੇ ਅਲਵਿਦਾ ਕਹਿਣਾ ਹੈ, ਉਥੇ ਸਾਡੇ ਅੰਦਰ ਜਿਹੜੇ ਔਗੁਣ ਹਨ, ਬੁਰਿਆਈਆਂ ਹਨ, ਉਨ੍ਹਾਂ ਦਾ ਚਿੰਤਨ ਕਰੀਏ, ਵਿਸ਼ਲੇਸ਼ਣ ਕਰੀਏ ਕਿ ਸਾਡੇ ਅੰਦਰ ਕਿਹੜੀਆਂ ਘਾਟਾਂ ਹਨ, ਕਿਹੜੇ ਔਗੁਣ ਹਨ, ਉਹ ਅਸੀਂ ਦੂਰ ਕਰਨੇ ਹਨ। ਗੁਰੂ ਪਾਤਸ਼ਾਹ ਜੀ ਨੇ ਕ੍ਰਿਪਾ ਕਰ ਦਿਤੀ ਕਿ ਆਹ ਜਿਹੜਾ –

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥*
*ਅੰਗ – ੧੩੪*

ਗੁਰੂ ਜੀ ਆਪ ਜੀ ਦੀ ਚਰਨ ਸ਼ਰਨ 'ਚ ਆਏ ਹਾਂ, ਸਾਨੂੰ ਕਿਰਤ ਧੱਕ ਕੇ ਲਿਆਈ ਹੈ, ਕਿੱਥੋਂ-ਕਿੱਥੋਂ, ਕਿੱਥੇ ਪਹੁੰਚਾ ਦਿੰਦੀ ਹੈ –

*ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥*
*ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥* *ਅੰਗ – ੬੫੩*

ਇਸ ਕਰਕੇ ਸਾਡਾ ਕਰਮ ਐਸਾ ਹੋ ਗਿਆ, ਉਹ ਜਿਹਦੇ ਨਾਲ ਤੇਰੇ ਤੋਂ ਵਿਛੋੜਾ ਪੈ ਗਿਆ। ਭੁੱਲੇ ਹੋਏ ਹਾਂ, ਅਸੀਂ ਦੁਖੀ ਹੋ ਰਹੇ ਹਾਂ, ਕ੍ਰਿਪਾ ਕਰੋ। ਹੁਣ ਪਾਤਸ਼ਾਹ ਜੀ ਰਹਿਮਤ ਕਰ ਦਿਓ, ਬਖਸ਼ਿਸ਼ ਕਰ ਦਿਓ ਤੇਰੇ ਦਰ 'ਤੇ ਆਏ ਹਾਂ, ਜਿਹੜਾ ਆਉਣ ਵਾਲਾ ਸਮਾਂ ਹੈ, ਉਹ ਖੁਸ਼ੀਆਂ ਭਰਿਆ ਆਵੇ, ਕਿਉਂਕਿ ਆਵੇਗਾ ਵੀ ਜ਼ਰੂਰ ਜੇ ਗੁਰੂ ਦੀ ਯਾਦ ਆ ਗਈ। ਇਸ ਕਰਕੇ ਆਓ, ਇਕਾਗਰ ਚਿੱਤ ਕਰਕੇ ਆਪਾਂ ਜਸ ਕਰੀਏ।

ਸੁਖੈਨ ਢੰਗ, ਜੁਗਤੀ ਹੈ ਕਿ ਸਵਾਸ ਆ ਰਿਹਾ ਹੈ, ਜਾ ਰਿਹਾ ਹੈ, ਸਵਾਸਾਂ ਦੀ ਰਫਤਾਰ ਹੀ ਤੇਜ਼ ਹੁੰਦੀ ਹੈ, ਜਦੋਂ ਇਹ ਵਿਸ਼ਿਆਂ 'ਚ ਜਾਂਦਾ ਹੈ 64 ਸਾਹ ਇਕ ਮਿੰਟ ਵਿਚ ਆਉਂਦੇ ਨੇ, ਗੁੱਸੇ ਦੇ ਵਿਚ 32, ਚਲਤ 18, ਬੈਸਤ 12, ਸੋਵਤ 24 ਜਾਤ। ਇਹ ਰਫਤਾਰ ਨੂੰ ਕੰਟਰੋਲ ਕਰਨਾ ਹੈ, ਡੂੰਘਾ ਸਾਹ ਲਓ। ਸਿੱਧੇ ਬੈਠੋ, ਅੰਮ੍ਰਿਤ ਵੇਲੇ ਉਠੋ, ਕਿਉਂਕਿ ਜੇ ਅਸੀਂ ਇਸ ਸਮੇਂ ਨੂੰ ਸੰਭਾਲਣਾ ਹੈ। ਅੱਜ ਸਮੇਂ ਦੀ ਵਿਚਾਰ ਚਲਦੀ ਹੈ ਕਿ ਨਵਾਂ ਸਾਲ ਈਸਵੀ ਸੰਨ ਦਾ ਸ਼ੁਰੂ ਹੋ ਰਿਹਾ ਹੈ। ਇਸੇ ਤਰ੍ਹਾਂ ਵਿਸਾਖੀ ਤੋਂ ਕਿਸਾਨ ਦਾ ਸਾਲ ਸ਼ੁਰੂ ਹੁੰਦਾ ਹੈ। ਇਹ ਆਮ ਮਿੱਥ ਕਿ ਈਸਾ ਜੀ ਤੋਂ ਪਿੱਛੇ ਬੀ ਸੀ ਗਿਣਿਆ ਜਾਂਦਾ ਹੈ ਤੇ ਈਸਵੀ ਸੰਨ ਉਨ੍ਹਾਂ ਦੇ ਜਨਮ ਨਾਲ ਸੰਬੰਧਿਤ, ਸੰਨ ਚਲਿਆ ਆ ਰਿਹਾ ਹੈ। ਸਮਾਂ ਬਦਲਦਾ ਹੈ, ਸਮਾਂ ਨਾਮ ਹੀ ਤਬਦੀਲੀ ਦਾ ਹੈ। ਇਸ ਕਰਕੇ ਸਮੇਂ ਦੇ ਨਾਲ ਆਪਾਂ ਬਦਲੀਏ। ਕੀ ਬਦਲਣਾ ਹੈ? ਮਨ ਦਾ ਸੁਭਾਅ ਬਦਲਣਾ ਹੈ, ਮਨ ਦੌੜਦਾ ਹੈ, ਮਨ ਨੂੰ ਰੋਕਣ ਵਾਸਤੇ ਜਿਹਦੀ ਇਹ ਸਵਾਰੀ ਕਰਦਾ ਹੈ ਉਸ ਨੂੰ ਹੀ ਕੰਟੋਰਲ ਕਰੋ ਉਹ ਹੈ ਸਵਾਸ। ਸਵਾਸ ਦੇ ਉਤੇ ਜਦੋਂ ਇਹ ਆ ਗਿਆ, ਬੜਾ ਸੁਖੈਨ ਮੰਤਰ–

*ਕਲਿਜੁਗ ਨਾਨਕ ਨਾਮ ਸੁਖਾਲਾ।*
*ਭਾਈ ਗੁਰਦਾਸ ਜੀ, ਵਾਰ ੧/੩੧*

ਪਾਤਸ਼ਾਹ ਜੀ ਲੈ ਕੇ ਆਏ। ਇਹਦੇ ਨਾਲ ਅੰਦਰ ਨੂੰ ਸਵਾਸ ਜਾਂਦਾ ਹੈ ਸੁਣਨਾ ਹੈ, ਵਾਹਿ........ਬਾਹਰ ਨੂੰ ਆਉਂਦਾ ਹੈ ਗੁਰੂ................।

*ਧੁਨਿ ਮਹਿ ਧਿਆਨੁ*
*ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥*
*ਅੰਗ – ੮੭੯*

ਇਹ ਧੁਨ ਬਣ ਜਾਂਦੀ ਹੈ। ਸੁਰਤ ਸ਼ਬਦ ਨਾਲ ਜੁੜ ਜਾਂਦੀ ਹੈ, ਪ੍ਰਾਣ ਦੀ ਮਦਦ ਲੈ ਕੇ ਸੁਰਤ ਨੂੰ ਸ਼ਬਦ ਨਾਲ ਜੋੜਨਾ ਹੈ। ਅੱਜ ਅਸੀਂ depression (ਤਨਾਅ) 'ਚ ਚਲਦੇ ਹਾਂ, tension (ਖਿਚਾਅ) ਹੈ, blood pressure (ਰਕਤ ਦਬਾਅ) ਹੈ, ਕਿੰਨੀਆਂ ਬੀਮਾਰੀਆਂ ਹਨ। ਜਦੋਂ ਅਸੀਂ ਇਸ ਤਰ੍ਹਾਂ ਕਰਦੇ ਹਾਂ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥* *ਅੰਗ - ੩੦੫*

ਉਸ ਅੰਮ੍ਰਿਤ ਸਰੋਵਰ ਦੇ ਵਿਚ, ਜਦੋਂ ਇਸ ਤਰ੍ਹਾਂ ਕਰਦੇ ਹਾਂ, ਇਸ਼ਨਾਨ ਹੁੰਦਾ ਹੈ ਤੇ ਜਿੰਨੇ ਅੰਦਰ ਰੋਗ ਨੇ-

*ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥*
*ਅੰਗ - ੬੨੨*

ਅੰਦਰੋਂ ਸਾਰੇ ਰੋਗ ਬਾਹਰ ਆ ਜਾਂਦੇ ਨੇ ਕਿਉਂਕਿ ਗੁਰੂ ਦਾ ਮੰਤਰ, ਇਹ ਮੰਤਰ ਚਕਿਤਸਾ ਹੈ, ਸਭ ਤੋਂ ਵੱਡਾ ਰੋਗ -

*ਹਉਮੈ ਰੋਗੁ ਮਾਨੁਖ ਕਉ ਦੀਨਾ ॥* *ਅੰਗ - ੧੧੪੦*

ਇਹਦਾ ਇਲਾਜ ਵੀ -

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥*

ਇਸ ਕਰਕੇ ਇਹ ਅਸਲ ਸਮੇਂ ਦੇ ਨਾਲ ਲਾਭਕਾਰੀ ਹੁੰਦਾ ਹੈ ਕਿਉਂਕਿ ਸਵਾਸ ਜਿਹੜੇ ਹਨ ਕੀਮਤੀ ਹਨ -

*ਛਨਿ ਘਾਲੇ ਸਭ ਦਿਵਸ ਸਾਸ*
*ਨਹ ਬਢਨ ਘਟਨ ਤਿਲੁ ਸਾਰ ॥* *ਅੰਗ - ੨੫੪*

ਰਫਤਾਰ ਤਾਂ ਇਨ੍ਹਾਂ ਦੀ ਵਧ ਜਾਂਦੀ ਹੈ, ਜੇ ਗੁੱਸੇ 'ਚ ਹੈ ਤਾਂ 32, ਵਿਸ਼ਿਆ 'ਚ 64, ਇਸ ਕਰਕੇ ਇਹਨੂੰ ਕੰਟਰੋਲ ਕਰੋ, ਕਿੰਨਾਂ ਨੁਕਸਾਨ ਹੋ ਜਾਂਦਾ ਹੈ ਜੇ ਸਮੇਂ ਦੇ ਨਾਲ ਨਹੀਂ ਸਮਝਦੇ -

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥* *ਅੰਗ - ੯੩੨*

ਇਸ ਕਰਕੇ ਸਾਰੇ ਦੁੱਖਾਂ ਦਾ, ਰੋਗਾਂ ਦਾ ਇਲਾਜ, ਸਮੇਂ ਦੇ ਨਾਲ, ਕਲਜੁਗ ਦੇ ਸਮੇਂ ਜਦੋਂ ਉਮਰਾਂ ਛੋਟੀਆਂ ਨੇ, ਸਾਡੇ ਦਿਲ ਐਨੇ ਤਾਕਤਵਰ ਨਹੀਂ, ਦਿਮਾਗ ਨਰੋਏ ਨਹੀਂ, ਉਸ ਸਮੇਂ ਗੁਰੂ ਪਾਤਸ਼ਾਹ ਜੀ ਨੇ ਕ੍ਰਿਪਾ ਕੀਤੀ। ਧੰਨ ਗੁਰੂ ਨਾਨਕ ਮਹਾਰਾਜ ਜੀ ਇਹ ਮੰਤਰ ਲੈ ਕੇ ਆਏ ਜਿਸ ਨਾਲ ਸਾਡੇ ਸਾਰੇ ਦੁੱਖਾਂ, ਰੋਗਾਂ ਦਾ ਇਲਾਜ ਹੋਣਾ ਹੈ।

ਉਹ ਭਾਗਾਂ ਵਾਲੇ ਹਨ ਜਿਹੜੇ ਗੁਰੂ ਚਰਨਾਂ ਦੇ ਵਿਚ ਪਹੁੰਚੇ ਹਨ। ਕਿਉਂਕਿ ਚਾਰੋਂ ਦਿਸ਼ਾਵਾਂ ਦੇ ਵਿਚ ਵੀ ਵੇਖ ਲਿਆ, ਥੱਕ ਕੇ ਇਥੇ ਆਏ ਕਿ ਸੁੱਖ ਨਹੀਂ। ਸੁੱਖ ਦੀ ਖੋਜ ਵਾਸਤੇ ਤੁਸੀਂ ਸੱਤ ਸਮੁੰਦਰ ਪਾਰ, ਇਥੇ ਪ੍ਰਦੇਸਾਂ ਦੇ ਵਿਚ ਪਹੁੰਚੇ, ਪਰਾਲਬਧ ਲੈ ਕੇ ਆਈ, ਕਿੰਨਾਂ ਬਾਹਰਲਾ ਸੁੱਖ ਹੈ, ਕਿੰਨੀ ਆਰਥਿਕਤਾ ਸ਼ਕਤੀਸ਼ਾਲ ਹੈ ਇਸ ਦੇਸ਼ ਦੀ, ਪਰ ਜੇ ਅਸੀਂ ਅੰਦਰੋਂ ਸ਼ਕਤੀਸ਼ਾਲ ਨਹੀਂ, ਸਾਡੀ ਦ੍ਰਿੜ੍ਹਤਾ ਸ਼ਕਤੀਸ਼ਾਲ ਨਹੀਂ, ਤੇ ਬਾਹਰਲੇ ਸੁੱਖ -

*ਸੁਖੁ ਮਾਂਗਤ ਦੁਖੁ ਆਗਲ ਹੋਇ ॥* *ਅੰਗ - ੨੨੩*

ਇਹ ਸੁਖ ਰੋਗ ਹਨ -

*ਦੁਖੁ ਦਾਰੂ ਸੁਖੁ ਰੋਗੁ ਭਇਆ*
*ਜਾ ਸੁਖੁ ਤਾਮਿ ਨ ਹੋਈ ॥* *ਅੰਗ - ੪੬੯*

ਸਾਡੀ ਹਾਲਤ ਕੀ ਹੈ, ਉਸ ਗਾਂ ਵਰਗੀ ਹੈ, ਜਿਹੜੀ ਦੁੱਧ ਤੋਂ ਬਗੈਰ ਹੁੰਦੀ ਹੈ -

*ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥*
*ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥*
*ਅੰਗ - ੧੩੩*

ਜਿਵੇਂ ਪਾਣੀ ਤੋਂ ਬਗੈਰ, ਬਨਸਪਤੀ ਦਾ ਕੋਈ ਮੁੱਲ ਨਹੀਂ -

*ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥*
*ਅੰਗ - ੪੭੨*

***'ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥'*** ਕੁਮਲਾ ਜਾਂਦੀ ਹੈ ਬਨਸਪਤੀ, ਸੁੱਕ ਜਾਂਦੀ ਹੈ।

*ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥*
*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥*
*ਅੰਗ - ੧੩੩*

ਉਸ ਨਾਮ ਦੀ ਪ੍ਰਾਪਤੀ ਤੋਂ ਬਿਨਾਂ ਸਾਡੀ ਹਾਲਤ ਕੀ ਹੋ ਚੁੱਕੀ ਹੈ ਕਿ ਸਾਡੇ ਕੋਲ ਐਨਾ ਵੱਡਾ ਨਾਮ ਧਨ ਹੁੰਦੇ ਹੋਏ ਵੀ, ਜਿਹਦੇ ਨਾਲ ਸਾਰੇ ਦੁੱਖ, ਰੋਗ ਕੱਟੇ ਜਾਂਦੇ ਨੇ। ਫੇਰ ਵੀ ਅਸੀਂ ਦੁੱਖੀ ਹਾਂ, ਦਵਾਈ ਤਾਂ ਸਭ ਦੇ ਅੰਦਰ ਪਈ ਹੈ।

*ਭਿਖਾ ਭੁਖਾ ਕੋ ਨਹੀ ਸਭ ਕੀ ਗਠੜੀ ਲਾਲ।*
*ਗਠੜੀ ਖੋਲ੍ਹ ਨ ਜਾਨਿਆ ਤਾਂ ਤੇ ਭਏ ਕੰਗਾਲ।*

ਅਸੀਂ ਕੰਗਾਲ ਬਣੇ ਹਾਂ, ਦਵਾਈ ਤਾਂ ਸਭ ਦੇ ਅੰਦਰ ਪਈ ਹੈ। ਨਾਮ ਦੀ ਦਵਾਈ।

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥* *ਅੰਗ - ੨੫੯*

ਉਹ ਵਿਧੀ, ਉਹ ਫਾਰਮੂਲਾ ਅਸੀਂ ਵਰਤਦੇ ਨਹੀਂ, ਜੁਗਤ ਦੇ ਨਾਲ, ਇਸ ਦਾ ਅਭਿਆਸ ਨਹੀਂ ਕਰਦੇ, ਇਸ ਕਰਕੇ ਅਸੀਂ ਦੁਖੀ ਹਾਂ।

*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥*
*ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥*
*ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥*
*ਅੰਗ - ੧੩੩*

ਐਸੀ ਹਾਲਤ ਹੈ। ਜਦੋਂ ਤੱਕ ਅਸੀਂ ਨਾਮ 'ਚ ਸਥਿਤ ਨਹੀਂ ਹੋਏ, ਉਸ ਸਮੇਂ ਤਕ ਅਸੀਂ ਦੁਖੀ ਹਾਂ, ਜੰਮਦੇ ਹਾਂ ਮਰਦੇ ਹਾਂ। ਦੁਖੀ ਹੋ ਰਹੇ ਹਾਂ।

*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥*
*ਅੰਗ - ੧੩੩*

ਕੀ ਕਰਨਾ ਹੈ ਫੇਰ?

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥* *ਅੰਗ - ੨੯੫*

ਸਮੇਂ ਨੇ ਲੰਘ ਜਾਣਾ ਹੈ, ਸਮਾਂ ਨਾਮ ਹੀ ਤਬਦੀਲੀ ਦਾ ਹੈ। ਕਿਵੇਂ ਸਮਾਂ ਲੰਘ ਗਿਆ, ਧਿਆਨ ਦੇਵੋ, ਗੁਰੂ ਪਾਤਸ਼ਾਹ ਜੀ ਐਸਾ ਫੁਰਮਾਨ ਕਰਦੇ ਹਨ।

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥* *ਅੰਗ - ੧੩੭*

ਬਚਪਨ ਦਾ ਸਮਾਂ, ਅਗਿਆਨ ਦਾ ਸਮਾਂ ਲੰਘ ਗਿਆ। ਖੇਡਾਂ ਵਿਚ ਬਤੀਤ ਹੋ ਗਿਆ -

*ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥*
*ਅੰਗ- ੧੪੨੮*

ਇਹ ਤਾਂ ਇਕ ਹਨ੍ਹੇਰੀ ਵਾਂਗੂੰ ਆਈ।

*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥* *ਅੰਗ - ੧੩੭੬*

ਜਵਾਨੀ ਦਾ ਸਮਾਂ ਇਸ ਵਿਚ ਕੀ ਹੈ -

*ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥*
*ਅੰਗ - ੧੨੫੪*

ਹੁਣ ਸਾਲਾਂ ਦੇ ਸਾਲ ਲੰਘ ਗਏ, ਪਰ ਅਸੀਂ ਜਨਮ ਦਿਨ ਮਨਾਉਂਦੇ ਹਾਂ, ਮਰਨ ਦੇ ਦਿਨ ਨੂੰ ਨਹੀਂ ਮੰਨਦੇ। ਉਸ ਦਿਨ ਨੂੰ ਨਹੀਂ ਮੰਨਦੇ ਜਿਹੜੀ ਅਟੱਲ ਸਚਾਈ ਹੈ। ਉਸ ਤੋਂ ਅਸੀਂ ਮੁਨਕਰ ਹਾਂ। ਜਵਾਨੀ ਵਿਚ ਕੀ ਹੈ?

Eat drink and be merry for we shall have to die.

ਖਾਣਾ, ਪੀਣਾ ਹਸਣਾ ਸੌਣਾ। ਇਹਦੇ ਨਾਲ - 'ਤਮੋ ਗੁਣੀ ਅੰਨ, ਜੈਸਾ ਅੰਨ ਤੈਸਾ ਮਨ। ਇਹ ਕੀ ਕਰਦਾ ਹੈ? ਕਾਮ, ਕ੍ਰੋਧ ਨੂੰ ਵਧਾਉਂਦਾ ਹੈ ਤੇ ਇਹ ਸਰੀਰ ਨੂੰ ਗਾਲ ਕੇ ਰੱਖ ਦਿੰਦੇ ਨੇ।

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥* *ਅੰਗ - ੯੩੨*

ਜਵਾਨੀ ਦੇ ਵਿਚ ਐਸਾ ਹੁੰਦਾ ਹੈ। ਹੁਣ ਬੁਢੇਪਾ ਆ ਗਿਆ -

*ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥*
*ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ*
*ਸਠੀ ਕੇ ਬੋਢੇਪਾ ਆਵੈ ॥*
*ਸਤਰਿ ਕਾ ਮਤਿਹੀਣੁ*
*ਅਸੀਹਾਂ ਕਾ ਵਿਉਹਾਰੁ ਨ ਪਾਵੈ ॥*
*ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥*
*ਅੰਗ - ੧੩੮*

ਸਮਾਂ ਲੰਘਦਾ ਜਾ ਰਿਹਾ ਹੈ।

ਹੁਣ ਕੀ ਕਰੀਏ, ਬਚਪਨ ਨੂੰ ਜਵਾਨੀ ਨੇ ਖਾ ਲਿਆ, ਜਵਾਨੀ ਐਸੀ ਮਸਤਾਨੀ ਇਹ ਵਿਸ਼ੇ-ਵਿਕਾਰਾਂ ਦੀਆਂ ਹਨ੍ਹੇਰੀਆਂ ਵਿਚ ਰੁੜ੍ਹ ਗਈ -

*ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ ॥*
*ਅੰਗ - ੮੫੬*

ਇਹ ਸਮਾਂ ਇਸ ਤਰ੍ਹਾਂ ਦੇ ਨਾਲ ਬਿਤਾ ਲਿਆ।

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥* *ਅੰਗ - ੧੫੬*

ਸਮਾਂ ਮਿਲਿਆ ਹੈ -

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥* *ਅੰਗ - ੧੧੫੯*

ਇਹ ਮਨੁੱਖਾ ਜਨਮ ਮਿਲਿਆ ਹੈ ਕੇਵਲ ਨਾਮ ਜਪਣ ਵਾਸਤੇ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* *ਅੰਗ - ੧੨*

ਇਹ ਕੰਮ ਜੋ ਕਰ ਰਹੇ ਹਾਂ, ਇਹ ਲੇਖੇ ਵਿਚ ਪੈਣਾ ਹੈ।

*ਉਮਰ ਉਹਾ ਵਿਚ ਲੇਖੇ,*
*ਜੋ ਯਾਦ ਸਾਂਈ ਵਿਚ ਗੁਜਰੇ।*
*ਪੈਂਦੀ ਮੁਜਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ?*
*ਇਸ ਵਿਚ ਨੀਲੇ ਹੁਜਰੇ, ਸੰਝ ਤੇ ਫਜ਼ਰੇ।*

*ਡਾ. ਭਾਈ ਵੀਰ ਸਿੰਘ*

ਸਮੇਂ ਨੇ ਨਹੀਂ ਕਿਸੇ ਨੂੰ ਉਡੀਕਿਆ, ਨਾ ਉਡੀਕਣਾ ਹੈ। ਸਮੇਂ ਦੀ ਗਿਣਤੀ ਹੁੰਦੀ ਹੈ, ਬੱਚਾ ਜਨਮ ਲੈਂਦਾ ਹੈ ਕਹਿੰਦੇ ਨੇ ਐਨੇ ਦਿਨ ਦਾ ਹੋ ਗਿਆ। ਫੇਰ ਦਿਨ ਤੋਂ ਹਫਤੇ ਫੇਰ ਮਹੀਨੇ ਫੇਰ ਸਾਲ, ਸਾਲਾਂ ਦੇ ਸਾਲ ਲੰਘ ਗਏ। ਹੁਣ ਇਸ ਈਸਵੀ ਦਾ ਇਹ ਸਾਲ ਲੰਘ ਗਿਆ ਹੈ ਤੇ ਹੁਣ ਆ ਗਿਆ ਅਗਲਾ ਸਾਲ। ਕਿਉਂਕਿ ਜਿਹੜਾ ਸੰਗਰਾਂਦ ਦਾ ਦਿਨ ਹੈ ਇਹ ਸੂਰਜ ਦੇ ਨਾਲ ਜੁੜਿਆ ਹੈ। ਸੂਰਜ ਘਰ ਬਦਲਦਾ ਹੈ, ਗ੍ਰਹਿ ਚਾਲ ਦਾ ਉਨ੍ਹਾਂ ਦੇ ਉਤੇ ਅਸਰ ਪੈਂਦਾ ਹੈ ਜਿਹੜੇ ਬਾਣੀ ਨਾਲ ਨਹੀਂ ਜੁੜਦੇ, ਨਾਮ ਨਾਲ ਨਹੀਂ ਜੁੜਦੇ, ਗੁਰੂ ਵਾਲੇ ਨਹੀਂ ਬਣਦੇ। ਉਨ੍ਹਾਂ ਦੇ ਉਤੇ ਇਹ ਕਾਲ ਦਾ ਚੱਕਰ ਚਲਦਾ ਹੈ, ਗ੍ਰਹਿ ਚਾਲ ਦਾ ਅਸਰ ਹੁੰਦਾ ਹੈ। ਸੂਰਜ ਘਰ ਬਦਲਦਾ ਹੈ, ਬਾਰ੍ਹਾਂ ਰਾਸ਼ੀਆਂ ਹਨ, ਰਾਸ਼ੀਫਲ। ਗੁਰੂ ਪਾਤਸ਼ਾਹ ਨੇ ਕ੍ਰਿਪਾ ਕੀਤੀ ਇਨ੍ਹਾਂ ਵਹਿਮਾਂ-ਭਰਮਾਂ 'ਚੋਂ ਸਾਨੂੰ ਕੱਢਿਆ। ਬਾਣੀ ਨਾਲ, ਬਾਣੇ ਨਾਲ ਜੋੜਿਆ, ਉਹ ਖਾਲਸਾ ਬਣਾਇਆ -

*ਆਤਮ ਰਸ ਜਿਹ ਜਾਨਹੀ,*
*ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋਹਿ ਮਹਿ ਤਾਸ ਮਹਿ,*
*ਰੰਚਕ ਨਾਹਨ ਭੇਵ।*
*ਹਰਿ ਹਰਿ ਜਨ ਦੁਈ ਏਕ ਹੈ,*
*ਬਿਬ ਬਿਚਾਰ ਕਛੁ ਨਾਹਿ॥*
*ਜਲ ਤੇ ਉਪਜ ਤਰੰਗ ਜਿਉ,*
*ਜਲ ਹੀ ਬਿਖੈ ਸਮਾਹਿ॥ ਬਚਿਤ੍ਰ ਨਾਟਕ*

ਪਰ ਆਹ ਦੁਨੀਆਂ ਇਹ ਗ੍ਰਹਿ ਚਾਲਾਂ ਦੀ ਚਾਲੀ ਚਲਦੀ ਹੈ। ਚੰਦਰਮਾ ਦੇ ਨਾਲ ਪੂਰਨਮਾਸ਼ੀ, ਪੁੰਨਿਆ ਪੂਰਾ ਚੰਦ ਆਕਾਸ਼, ਇਹ ਤਬਦੀਲੀ ਲਿਆ ਦਿੰਦੇ ਨੇ। ਜਿਸ ਦਿਨ ਜਵਾਰਭਾਟਾ ਆਉਂਦਾ ਹੈ ਉਸ ਦਿਨ ਪੂਰਨਮਾਸ਼ੀ ਹੁੰਦੀ ਹੈ। ਸਮੁੰਦਰ 'ਚ ਉਤਸ਼ਾਹ ਆਉਂਦਾ ਹੈ। ਆਹ ਜਦੋਂ ਸੁਨਾਮੀ ਵੀ ਆਉਂਦੀ ਹੈ, ਉਸ ਦਿਨ ਵੀ ਪੂਰਨਮਾਸ਼ੀ ਹੁੰਦੀ ਹੈ। ਸੌ-ਸੌ ਫੁੱਟ ਉੱਚੀਆਂ ਲਹਿਰਾਂ ਸਮੁੰਦਰ ਦੇ ਵਿਚ ਉਠਦੀਆਂ ਹਨ। ਆਹ ਜਦੋਂ ਸੁਨਾਮੀ ਆਈ, ਅਸੀਂ ਸਮੁੰਦਰੀ ਤੱਟ 'ਤੇ ਲੰਗਰ ਲਾਏ, ਉਥੇ ਦੇਖਿਆ ਕਿ ਜਿਸ ਦਿਨ ਸੁਨਾਮੀ ਆਈ ਉਸ ਦਿਨ ਵੀ ਪੂਰਨਮਾਸ਼ੀ ਸੀ। ਸੋ ਇਹ ਦਿਨ ਜੁੜੇ ਹਨ ਇਨ੍ਹਾਂ ਦੇ ਨਾਲ ਨਹੀਂ ਜੁੜਨਾ -

*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥*

*ਅੰਗ - ੧੩੬*

ਜੇ ਗੁਰੂ ਦੀ ਨਦਰ ਹੋ ਗਈ। ਫੇਰ ਤਾਂ ਖੁਸ਼ੀਆਂ ਹੀ ਖੁਸ਼ੀਆਂ ਹਨ, ਨਾਮ ਨਾਲ ਜੁੜ ਗਏ ਫੇਰ ਤਾਂ ਸ਼ਗਨ ਕੋਈ ਨਹੀਂ, ਕੋਈ ਅਪਸ਼ਗਨ ਨਹੀਂ ਲਗਦਾ -

*ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ਅੰਗ - ੧੧੯੫*

ਹੁਣ ਬੁਢੇਪੇ 'ਚ ਪੈਰ ਧਰ ਲਿਆ, ਸਮਾਂ ਸੰਭਾਲਿਆ ਨਹੀਂ। ਬੁਢੇਪੇ ਵਿਚ ਕੀ ਹੁੰਦਾ ਹੈ? -

*ਨਾਵੈ ਧਉਲੇ ਉਭੇ ਸਾਹ ॥*
*ਦਸਵੈ ਦਧਾ ਹੋਆ ਸੁਆਹ ॥*
*ਗਏ ਸਿਗੀਤ ਪੁਕਾਰੀ ਧਾਹ ॥*
*ਉਡਿਆ ਹੰਸੁ ਦਸਾਏ ਰਾਹ ॥*
*ਆਇਆ ਗਇਆ ਮੁਇਆ ਨਾਉ ॥*
*ਪਿਛੈ ਪਤਲਿ ਸਦਿਹੁ ਕਾਵ ॥*
*ਨਾਨਕ ਮਨਮੁਖਿ ਅੰਧੁ ਪਿਆਰੁ ॥*
*ਬਾਝੁ ਗੁਰੂ ਡੁਬਾ ਸੰਸਾਰੁ ॥ ੨ ॥ ਅੰਗ - ੧੩੭*

ਇਸ ਕਰਕੇ ਆਓ, ਆਹ ਪੋਹ ਦੇ ਮਹੀਨੇ ਵਿਚ ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੇ ਆਪਣਾ ਸਾਰਾ ਹੀ ਸਰਬੰਸ ਵਾਰ ਦਿਤਾ। ਇਹ ਦਿਨ ਐਸੇ ਵਿਛੋੜੇ ਦੇ ਦਿਨ ਹਨ। ਇਹ ਦਿਨ ਯਾਦ ਕਰਾਉਂਦੇ ਨੇ ਕਿ ਪਿਆਰਿਓ! ਭੁੱਲੋ ਨਾ।

*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ ਅੰਗ- ੧੧੫੯*

ਗੁਰੂ ਪਾਤਸ਼ਾਹ ਜੀ ਨੇ 6 ਤੇ 7 ਪੋਹ ਦੀ ਰਾਤ ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਕਿਲਾ ਛੱਡਿਆ, ਸਰਸਾ ਨਦੀ 'ਤੇ ਆਏ। ਪਰਿਵਾਰ ਦਾ ਵਿਛੋੜਾ ਪਿਆ। ਪਰ ਇਕ ਗੱਲ ਨਹੀਂ ਛੱਡੀ, ਨਿਤਨੇਮ। ਅੰਮ੍ਰਿਤ ਵੇਲੇ ਸਰਸਾ ਨਦੀ 'ਤੇ ਧਿਆਨ 'ਚ ਬੈਠੇ ਹਨ। ਦਿਨ ਚੜ੍ਹਨ ਦੇ ਨਾਲ ਆਸਾ ਜੀ ਦੀ ਵਾਰ ਦਾ ਕੀਰਤਨ ਜੋਟੀਆਂ ਦੇ ਵਿਚ ਹੁੰਦਾ ਹੈ ਤੇ ਸਾਨੂੰ ਇਹ ਤਾਕੀਦ ਕੀਤੀ ਕਿ ਪਿਆਰਿਓ! ਬਾਕੀ ਸਭ ਕੁਝ ਚਲਾ ਜਾਵੇ, ਪਰ ਇਹ ਨਾਮ ਨਾਲ ਜੁੜੋ, ਨਾਮ ਕਿਤੇ ਨਹੀਂ ਜਾਂਦਾ, ਨਾਮ ਤਾਂ ਹੈ ਅੰਦਰ। ਪਰ ਸਾਡੀ ਹਾਲਤ ਐਸੀ ਹੈ -

*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥*

*ਅੰਗ - ੬੪੪*

ਇਨ੍ਹਾਂ ਦਿਨਾਂ ਵਿਚ ਜਦੋਂ ਸਰਸਾ 'ਤੇ ਪਰਿਵਾਰ ਦਾ ਵਿਛੋੜਾ ਪਿਆ। ਰੋਪੜ ਆਏ ਜਿਥੇ ਅੱਜ ਭੱਠਾ ਸਾਹਿਬ ਹੈ। ਨਿਹੰਗ ਖਾਂ ਪਠਾਣ ਦੇ ਕੋਲ। ਭਾਈ ਬਚਿਤ੍ਰ ਸਿੰਘ ਜ਼ਖਮੀ ਹਨ ਉਨ੍ਹਾਂ ਨੂੰ ਉਥੇ ਛੱਡ ਜਾਂਦੇ ਨੇ। ਪਿਛੋਂ ਰੋਪੜ ਦਾ ਠਾਣੇਦਾਰ ਸਿਪਾਹੀ ਨਾਲ ਲੈ ਕੇ ਆਉਂਦਾ ਹੈ। ਤਲਾਸ਼ੀ ਲੈਂਦਾ ਹੈ ਪਰ ਉਹ ਪਠਾਣ ਗੁਰੂ ਪਿਆਰ ਦੇ ਵਿਚ, ਜਿਸ ਕਮਰੇ ਵਿਚ ਭਾਈ ਬਚਿਤ੍ਰ ਸਿੰਘ ਹੈ, ਉਸ ਕਮਰੇ ਦੀ ਤਲਾਸ਼ੀ ਨਹੀਂ ਲੈਣ ਦਿੰਦਾ ਕਿ ਇਥੇ ਮੇਰਾ ਦਾਮਾਦ ਹੈ। ਇਸ ਦੀ ਬੇਟੀ ਮੁਮਤਾਜ ਸਾਰੀ ਜ਼ਿੰਦਗੀ ਵਿਆਹ ਨਹੀਂ ਕਰਾਉਂਦੀ, 136 ਸਾਲ ਉਮਰ ਉਹ ਪਹਾੜਾਂ 'ਚ ਬੈਠ ਕੇ ਗੁਰੂ ਦੀ ਇਬਾਦਤ ਕਰਦੀ ਹੈ। ਕਿੰਨਾ ਪਿਆਰ ਹੈ, ਕਿੰਨੀ ਪ੍ਰੇਮ ਦੀ ਖੇਡ ਹੈ। ਪਿਆਰ ਵਿਚ ਆਓ।

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ - ੧੪੧੨*
*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

*ਅੰਗ - ੧੧੦੨*

ਗੁਰੂ ਪਾਤਸ਼ਾਹ ਜੀ ਹੁਣ ਚਮਕੌਰ ਸਾਹਿਬ, ਜਦੋਂ ਇਥੇਂ ਬਿਧੀ ਚੰਦ ਆਉਂਦਾ ਹੈ। ਗੁਰੂ ਪਾਤਸ਼ਾਹ ਜੀ ਨੂੰ ਬੇਨਤੀ ਕਰਦਾ ਹੈ ਕਿ ਇਥੇ ਭਾਗ ਲਾਓ। ਪਹਿਲਾਂ ਵੀ ਗੁਰੂ ਪਾਤਸ਼ਾਹ ਜੀ ਨੇ ਚਰਨ ਪਾਏ ਸੀ। ਹੁਣ ਕੋਟਲੇ ਨਿਹੰਗ ਤੋਂ ਬਾਮ੍ਹਣ ਮਾਜਰਾ, ਫੇਰ ਬੂਰ ਮਾਜਰਾ, ਫੇਰ ਚਮਕੌਰ ਦੀ ਗੜ੍ਹੀ ਦੇ ਵਿਚ ਐਸਾ ਕਰਕੇ ਵਿਖਾਉਂਦੇ ਹਨ -

*ਸਵਾ ਲਾਖ ਸੇ ਏਕ ਲੜਾਉਂ*
*ਗਿਦੜੋਂ ਸੇ ਮੈਂ ਸ਼ੇਰ ਬਨਾਊਂ।*
*ਚਿੜੀਓਂ ਸੇ ਮੈਂ ਬਾਜ਼ ਤੁੜਾਊਂ।*
*.............................*
*ਚੜ੍ਹੇ ਸਿੰਘ ਤੋ ਮੁਕਤ ਕਰਾਊਂ।*

ਪਹਿਲਾਂ ਆਪਾਂ ਵਿਚਾਰ ਕੀਤੀ ਸੀ ਕਿ ਗੁਰੂ ਪਾਤਸ਼ਾਹ ਜੀ ਇਹ ਭਾਣਾ ਵਰਤਾ ਕੇ ਸਾਹਿਬਜ਼ਾਦਿਆਂ ਨੂੰ ਆਪਣੀਆਂ ਅੱਖਾਂ ਸਾਮ੍ਹਣੇ ਸ਼ਹੀਦ ਕਰਵਾ ਕੇ, ਗੁਰੂ ਪਾਤਸ਼ਾਹ ਜੀ ਮਾਛੀਵਾੜੇ ਦੇ ਜੰਗਲਾਂ ਵਿਚ ਇਹ ਸੁਨੇਹਾ ਦੇ ਰਹੇ ਹਨ -

*ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।*

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥*

*ਅੰਗ- ੧੩੫*

ਕੰਠ ਦੇ ਵਿਚ ਉਹ ਨਾਮ ਚਲਦਾ ਹੈ, ਵਾਹਿਗੁਰੂ ਮੰਤ੍ਰ ਦਾ ਅਭਿਆਸ ਹੁੰਦਾ ਹੈ, ਬੈਖਰੀ ਬਾਣੀ 'ਚ ਬੋਲ ਕੇ ਮਧਮਾ ਤੇ ਫੇਰ ਪਸੰਤੀ ਬਾਣੀ 'ਚ -

*ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥*

*ਅੰਗ- ੧੨੫੬*

ਫੇਰ ਹੈ ਪਰਾ ਬਾਣੀ ਉਸ ਵਿਚ ਨਾਭੀ 'ਤੇ ਜ਼ੋਰ ਦਿਤਾ ਜਾਂਦਾ ਹੈ। ਫੇਰ ਕਹਿੰਦੇ ਇਨ੍ਹਾਂ ਨੂੰ ਵਿਸ਼ੇ ਵਿਕਾਰ ਪੋਹ ਨਹੀਂ ਸਕਦੇ। ਕਰਨਾ ਕੀ ਹੈ।

*ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥*
*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥*
*ਅੰਗ - ੧੩੫*

ਇਹ ਜਿਹੜੀ ਮਾਇਆ ਦੀ ਵਿਹੁ ਹੈ, ਮਾਇਆ ਨਾਮ ਹੈ ਭੁੱਲ ਦਾ। ਬਿਖ ਹੈ ਜ਼ਹਿਰ -

*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ ॥* *ਅੰਗ - ੯੨੧*

ਸਾਡੀ ਸੁੱਤਿਆਂ ਦੀ ਉਮਰ ਬਤੀਤ ਹੋ ਗਈ ਤੇ ਐਸੀ ਰਾਤ 84 ਦੀ ਪੈਣੀ ਹੈ ਤੇ ਮੁੜ ਕੇ ਸਵੇਰੇ ਦੀ ਵੀ ਆਸ ਨਹੀਂ ਹੋਣੀ। ***'ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥'***

ਨਵੇਂ ਸਾਲ ਦੇ ਦਿਨ ਦੀ ਆਓ ਭਗਤ ਕਿੰਨੇ ਤਰੀਕਿਆਂ ਦੇ ਨਾਲ ਕੀਤੀ ਜਾਂਦੀ ਹੈ। ਪਰ ਇਹ ਸਾਡੇ ਵਾਸਤੇ ਤਾਂ ਐਸੇ ਹਨ ਕਿ ਇਹ ਵਿਛੋੜੇ ਦੇ ਦਿਨ ਨੇ -

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥*
*ਅੰਗ- ੧੧੦੦*

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ੨ ॥*
*ਅੰਗ - ੮੩*

ਇਸ ਕਰਕੇ -

*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥*
*ਅੰਗ - ੧੩੫*

ਪ੍ਰੀਤ ਹੈ ਪਿਆਰ ਹੈ ਤੇ ਗੁਰੂ ਚਰਨਾਂ ਨਾਲ ਜੁੜੋ। ਤੇ ਜੇ ਐਸੀ ਪ੍ਰੀਤ ਗੁਰੂ ਦੇ ਚਰਨਾਂ ਨਾਲ ਜੁੜ ਗਈ -

*ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥*
*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥ ੧੨੧ ॥*
*ਅੰਗ - ੧੩੭੦*

ਇਸ ਵਾਸਤੇ -

*ਰਾਜੁ ਨ ਚਾਹਉ ਮੁਕਤਿ ਨ ਚਾਹਉ*
*ਮਨਿ ਪ੍ਰੀਤਿ ਚਰਨ ਕਮਲਾਰੇ ॥* *ਅੰਗ- ੫੩੪*

ਇਹ ਚਰਨਾਂ ਦੀ ਪ੍ਰੀਤ ਕਿੰਨੀ ਪਿਆਰੀ ਹੈ। ਹੁਣ ਨਵੇਂ ਸਾਲ ਦੀ ਆਮਦ 'ਤੇ ਤੁਸੀਂ ਗੁਰੂ ਚਰਨਾਂ ਦੇ ਵਿਚ ਪਹੁੰਚੇ ਓਂ, ਤੁਹਾਡੀ ਪ੍ਰੀਤ ਸੱਚੀ ਪ੍ਰੀਤ ਹੈ। ਨਹੀਂ ਤਾਂ ਦੁਨੀਆਂ ਸ਼ਰਾਬਾਂ ਦੇ ਵਿਚ ਮਦਹੋਸ਼ ਹੈ। ਭੁੱਲ ਹੀ ਗਏ ਕਿ ਗੁਰੂ ਨੇ ਸਾਡੇ ਉਤੇ ਕਿੰਨੇ ਉਪਕਾਰ ਕੀਤੇ। ਧੰਨ ਹਨ ਜਿਹੜੇ ਪ੍ਰੀਤ ਏਧਰ ਜੋੜ ਰਹੇ ਹਨ। ਗੁਰੂ ਨੇ ਕ੍ਰਿਪਾ ਕੀਤੀ ਕਿ ਆਪਣੇ ਕਰ-ਕਮਲਾਂ ਦੇ ਨਾਲ, ਆਪਣੇ ਚਰਨ ਕਮਲਾਂ ਨਾਲ ਪ੍ਰੀਤ ਸਾਡੀ ਜੋੜ ਲਈ ਫੇਰ ਇਸਦਾ ਕਦੇ ਵਿਛੋੜਾ ਨਹੀਂ। ਉਮਰ ਘਟਦੀ ਹੈ, ਪਰ ਪ੍ਰੀਤ ਵਧਦੀ ਹੈ। ਇਸ ਤਰ੍ਹਾਂ ਦੇ ਨਾਲ ਐਸੀ ਇਹ ਬਖਸ਼ਿਸ਼ ਹੈ, ਰਹਿਮਤ ਹੈ -

*ਸਤਿਗੁਰ ਪੁਰਖ ਅਗੰਮ ਹੈ ਨਿਰਵੈਰ ਨਿਰਾਲਾ॥*
*ਪੋਖੁ ਸੁੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥*
*ਅੰਗ- ੧੩੫*

ਇਸ ਕਰਕੇ ਆਓ, ਇਸ ਸਾਲ ਦੀ ਸ਼ੁਰੂਆਤ ਤੁਸੀਂ ਗੁਰੂ ਚਰਨਾਂ 'ਚ ਬੈਠ ਕੇ ਕਰ ਰਹੇ ਓਂ। ਨਾਮ ਨਾਲ ਜੁੜ ਰਹੇ ਹੋਂ। ਸਮਾਂ ਨਹੀਂ ਉਡੀਕਦਾ, ਲੰਘ ਜਾਣਾ ਹੈ ਇਹ ਮੁੜ ਕੇ ਨਹੀਂ ਆਉਂਦਾ। ਹੁਣ ਜਿਹੜਾ ਸਾਲ ਚਲਾ ਗਿਆ,ਇਹ ਮੁੜ ਕੇ ਆਵੇਗਾ ਨਹੀਂ। ਉਸ ਸਮੇਂ ਨੂੰ ਸੰਭਾਲੋ। ਪਰ ਸਮਾਂ ਤਾਂ ਲੰਘਦਾ ਜਾ ਰਿਹਾ ਹੈ। ਅਸੀਂ ਕਹਿੰਦੇ ਹਾਂ ਅੱਜ ਨਹੀਂ ਕੱਲ੍ਹ ਕਰ ਲਵਾਂਗੇ, ਟਾਲ ਮਟੋਲ 'ਚ ਲੰਘਾ ਰਹੇ ਹਾਂ।

*ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥ ੨ ॥*
*ਅਬ ਨ ਭਜਸਿ ਭਜਸਿ ਕਬ ਭਾਈ ॥*
*ਆਵੈ ਅੰਤੁ ਨ ਭਜਿਆ ਜਾਈ ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ ੩ ॥* *ਅੰਗ - ੧੧੫੯*

ਫੇਰ ਤਾਂ ਪਛਤਾਵਾ ਹੀ ਰਹਿ ਜਾਂਦਾ ਹੈ। ਇਸ ਕਰਕੇ ਪਿਆਰਿਓ ਸਮੇਂ ਨੂੰ ਸੰਭਾਲੋ। ਸੋ ਇਹ ਸਾਲ ਈਸਾ ਜੀ ਦੇ ਜਨਮ ਤੋਂ ਈਸਵੀ ਜੁੜਿਆ। ਬਿਕ੍ਰਮਾਜੀਤ ਤੋਂ ਬਿਕ੍ਰਮੀ ਸੰਨ ਚੱਲਿਆ। ਪਰ ਸਾਡਾ ਸਬੰਧ ਇਸ ਦਰ ਦੇ ਨਾਲ ਹੈ। ਇਸ ਦਰ 'ਤੇ ਆਏ ਹਾਂ-

*ਨਾਨਕ ਕੈ ਘਰਿ ਕੇਵਲ ਨਾਮੁ ॥* *ਅੰਗ - ੧੧੩੬*

ਨਾਮ ਨਾਲ ਜੁੜੀਏ -

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥*
*ਅੰਗ- ੪੬੭*

ਸਮਾਂ ਲੰਘ ਗਿਆ -

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ - ੧੫੬*

ਸਮਾਂ ਨਹੀਂ ਉਡੀਕਦਾ ਇਹ ਲੰਘ ਜਾਂਦਾ ਹੈ। ਆਹ 84 ਲੱਖ ਜੂਨ ਤੋਂ ਉਪਰ ਸਾਨੂੰ ਇਹ ਮਿਲੀ ਹੈ ਮਾਨੁਖ ਦੇਹੀ -

*ਲਖ ਚਉਰਾਸੀਹ ਜੋਨਿ ਸਬਾਈ ॥*
*ਮਾਣਸ ਕਉ ਪ੍ਰਭਿ ਦੀਈ ਵਡਿਆਈ ॥*
*ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥*
*ਅੰਗ - ੧੦੭੫*

*ਮਨਮੁਖਿ ਆਵੈ ਮਨਮੁਖਿ ਜਾਵੈ ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥*
*ਅੰਗ - ੧੦੭੩*

ਸੋ ਗੁਰ+ਮੁਖ, ਮੁਖ ਗੁਰੂ ਵਲ ਹੋਵੇ। ਇਸ ਕਰਕੇ ਆਓ ਗੁਰੂ ਸਾਨੂੰ ਯਾਦ ਕਰਾਉਂਦੇ ਨੇ - 'ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥ ਮਾਨਸ ਜਨਮ ਕਾ ਏਹੀ ਲਾਹੁ ॥' ਯਾਦ ਰੱਖੋ, ਭੁੱਲੋ ਨਾ, ਚੇਤੇ ਰੱਖੋ -

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ ੧ ॥*
*ਰਹਾਉ ॥ ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*

*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ੧ ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*

*ਅੰਗ - ੭੨੬*

ਤੁਸੀਂ ਨਵਾਂ ਸਾਲ ਮਨਾਉਣ ਜਾ ਰਹੇ, ਮਨਾਓ ਕੀ ਮਨਾਉਣਾ ਹੈ? ਮਨ ਨੂੰ ਮਨਾਓ। ਕਿਉਂਕਿ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥*

*ਅੰਗ - ੩੪੨*

ਇਸ ਕਰਕੇ ਮਨ ਨੂੰ ਕਿਵੇਂ ਰੋਕਣਾ ਹੈ, ਮਹਾਂਪੁਰਸ਼ਾਂ ਨੇ ਜੁਗਤੀਆਂ ਦੱਸੀਆਂ ਨੇ। ਮਨ ਦਾ ਸੁਭਾਅ ਹੈ ਦੌੜਨਾ, ਮਨ ਨੂੰ ਕਾਬੂ ਕਰਨ ਵਾਸਤੇ ਸਵਾਸਾਂ ਦੇ ਉਤੇ ਕੰਟਰੋਲ ਕਰੋ। 'ਜੈਸਾ ਅੰਨ ਤੈਸਾ ਮਨ' ਸਤੋ ਗੁਣੀ ਅੰਨ ਖਾਓ। ਫੇਰ ਅੰਮ੍ਰਿਤ ਵੇਲੇ ਉਠ ਕੇ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥* *ਅੰਗ - ੩੦੫*

'ਧਿਆਵੈ' ਧਿਆਨ 'ਚ ਬੈਠੇ। ਕਿਉਂਕਿ -

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥* *ਅੰਗ - ੩੦੬*

ਹੁਣ ਸਾਹ ਸਮੇਂ ਦੇ ਨਾਲ ਮਿਲੇ ਨੇ ਗਿਣ ਕੇ, ਲੰਘ ਜਾਣੇ ਨੇ। ਇਹ ਕੀਮਤੀ ਹੈ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*

*ਅੰਗ - ੮੧*

ਸਵਾਸ ਦੇ ਉਤੇ ਮੰਤ੍ਰ ਨੂੰ ਲਿਆਉਣਾ ਹੈ। ਆ ਵੀ ਸੌਖਾ ਹੀ ਜਾਂਦਾ ਹੈ। 'ਵਾਹਿ ਗੁਰੂ'। ਉਹਦੀ ਯਾਦ 'ਚ ਬੈਠੋ, ਫੇਰ ਸਾਡੇ ਸਾਰੇ ਕੰਮ ਆਪੇ ਹੀ ਹੋ ਜਾਣਗੇ -

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥*
*ਸਤਿਗੁਰਿ ਤੁਮਰੇ ਕਾਜ ਸਵਾਰੇ ॥* *ਅੰਗ- ੨੦੧*

ਸੋ ਨਵੇਂ ਸਾਲ ਦੀ ਸਭ ਨੂੰ ਮੁਬਾਰਕ ਹੋਵੇ, ਅੱਗੇ ਵਧੋ, ਵਧਾਈਆਂ ਤਾਂ ਹੁੰਦੀਆਂ ਨੇ।

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥*
*ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ॥ ੧ ॥*

*ਅੰਗ - ੧੦੯੬*

ਪੰਜ ਪਿਆਰੇ ਸਾਡੇ ਘਰ ਦੇ ਵਿਚ ਇਹ ਮੰਤ੍ਰ ਦ੍ਰਿੜ੍ਹ ਕਰਵਾਉਂਦੇ ਹਨ, ਸਤਿਸੰਗ ਦੇ ਵਿਚ ਜੁਗਤੀਆਂ ਮਿਲ ਜਾਂਦੀਆਂ ਹਨ। ਸੋ ਚਿਤ ਬਿਰਤੀਆਂ ਨੂੰ ਇਕਾਗਰ ਕਰਕੇ ਆਪਾਂ ਸਵਾਸ ਦੇ ਰਾਹੀਂ ਅਭਿਆਸ ਕਰਕੇ ਫਤਹਿ ਬੁਲਾਈਏ।

***********

*(ਪੰਨਾ 10 ਦੀ ਬਾਕੀ)*

***ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥***

ਵਾਹਿਗੁਰੂ ਜੀ ਕੀ ਫਤਹਿ। ***ਅੰਗ - 136***

***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥*** ***ਅੰਗ - 283***

68 ਤੀਰਥਾਂ ਦਾ ਫਲ ਉਸਨੂੰ ਪ੍ਰਾਪਤ ਹੋ ਜਾਂਦਾ ਹੈ ਜੋ ਜੀਵਾਂ ਉਪਰ ਦਇਆ ਕਰਦੇ ਹਨ। ਮਹਾਰਾਜ ਜੀ ਦਾ ਫੁਰਮਾਨ ਹੈ ਕਿ ਕਿਸੇ ਜੀਵ ਨੂੰ ਦੁੱਖ ਨਾ ਦੇਹ। ਸਾਰੇ ਸੰਸਾਰ ਦਾ ਭਲਾ ਮਨਾ, ਇਸ ਤਰ੍ਹਾਂ ਕਰਨ ਨਾਲ ਪਤਿ ਦੇ ਨਾਲ ਤੂੰ ਗੁਰੂ ਲੋਕ ਵਿਚ ਜਾਵੇਂਗਾ -

***ਦੂਖੁ ਨ ਦੇਈ ਕਿਸੈ ਜੀਅ***
***ਪਤਿ ਸਿਉ ਘਰਿ ਜਾਵਉ॥*** ***ਅੰਗ - 322***

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਸਨੂੰ ਸੱਚ ਦੀ ਪ੍ਰਾਪਤੀ ਹੋ ਗਈ, ਉਹ ਸਾਰੇ ਜੀਵਾਂ ਤੇ ਦਇਆ ਕਰਕੇ ਪੁੰਨ ਦਾਨ ਕਰਦਾ ਹੈ। ਜਿਵੇਂ ਕਿ ਅੰਨ ਦਾਨ, ਵਸਤਰ ਦਾਨ, ਹਰੀ ਦੇ ਜਸ ਦਾ ਦਾਨ ਅਤੇ ਸਭ ਤੋਂ ਉਤਮ ਨਾਮ ਦਾਨ ਹੋਇਆ ਕਰਦਾ ਹੈ। ਸੋ ਦਇਆ ਧਾਰਨ ਕਰਨ ਨਾਲ 68 ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋ ਜਾਇਆ ਕਰਦਾ ਹੈ -

***ਅਠਸਠਿ ਤੀਰਥ ਸਗਲ ਪੁੰਨ***
***ਜੀਅ ਦਇਆ ਪਰਵਾਨੁ॥*** ***ਅੰਗ - 136***

ਜਿਸ ਨੂੰ ਵਾਹਿਗੁਰੂ ਜੀ ਦਇਆ ਕਰਕੇ ਆਪਣੇ ਸਾਧੂਆਂ ਦੀ ਸੰਗਤ ਬਖਸ਼ਦੇ ਹਨ, ਸਮਰੱਥ ਗੁਰੂ ਦੀ ਚਰਨ ਸ਼ਰਨ ਭੇਜਦੇ ਹਨ, ਉਹ ਗੁਰੂ ਤੋਂ ਨਾਮ ਪ੍ਰਾਪਤ ਕਰਕੇ ਉਸਦੀ ਕਮਾਈ ਕਰਦਾ ਹੈ, ਉਹ ਪੁਰਖ ਸੁਜਾਨ ਹੈ -

***ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥***

***ਅੰਗ - 136***

ਕੁਰਬਾਨ ਜਾਂਦੇ ਹਾਂ ਉਨ੍ਹਾਂ ਪੁਰਸ਼ਾਂ ਤੋਂ, ਜਿਨ੍ਹਾਂ ਨੇ ਸਾਧੂ ਦੀ ਸੰਗਤ ਕਰਕੇ ਨਾਮ ਦੀ ਕਮਾਈ ਕੀਤੀ। ਅੰਦਰਲੀ ਖੋਜ ਕਰਕੇ ਆਤਮ ਮੰਡਲ ਵਿਚ ਪ੍ਰਵੇਸ਼ ਕਰਕੇ, ਉਨਮਨੀ ਮੰਡਲ ਵਿਚ ਪਹੁੰਚ ਕੇ ਆਪਣੀ ਆਤਮਾ ਨੂੰ ਵਾਹਿਗੁਰੂ ਜੀ ਵਿਚ ਅਭੇਦ ਕੀਤਾ -

***ਜਿਨਾ ਮਿਲਿਆ ਪ੍ਰਭੁ ਆਪਣਾ***
***ਨਾਨਕ ਤਿਨ ਕੁਰਬਾਣੁ॥*** ***ਅੰਗ - 136***

ਜਿਨ੍ਹਾਂ ਉਪਰ ਪੂਰਾ ਗੁਰੂ ਮਿਹਰਵਾਨ ਹੋ ਗਿਆ, ਉਹ ਪੁਰਖ ਪਵਿੱਤਰ ਗਿਣੇ ਜਾਂਦੇ ਹਨ। ਸੋ ਇਸ ਉਪਦੇਸ਼ ਤੋਂ ਗੁਰੂ ਮਹਾਰਾਜ ਜੀ ਨੇ ਅਸਾਨੂੰ ਮਾਘ ਦੇ ਮਹੀਨੇ ਦੇ ਇਸ਼ਨਾਨ ਬਾਰੇ ਗਿਆਤ ਕਰਾਇਆ ਅਤੇ ਦਰਿਆਵਾਂ ਤੇ ਜਾ ਕੇ ਦੂਰ-ਦੂਰ ਜਲ ਕੇ ਮਜਨ ਤੋਂ ਸੱਚ ਦੇ ਮਜਨ ਦੀ ਜਾਚ ਦਿਤੀ -

***ਮਾਘਿ ਸੁਚੇ ਸੇ ਕਾਂਢੀਅਹਿ***
***ਜਿਨ ਪੂਰਾ ਗੁਰੁ ਮਿਹਰਵਾਨੁ॥*** ***ਅੰਗ - 136***

***********

# ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ

ਭਾਈ ਗੁਰਦਾਸ ਸਿੰਘ ਨੇ, ਆਪਣੀ ਵਾਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਅਗੰਮੜਾ ਮਰਦ, ਵਰਿਆਮ ਇਕੇਲਾ ਅਤੇ 'ਆਪੇ ਗੁਰ ਚੇਲਾ' ਦੇ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਹੈ –

*ਵਾਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ*
*ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ।*

ਜਿਨ੍ਹਾਂ ਗੁਣਾਂ ਨੂੰ ਹੁਣ ਤਕ ਲੋਕ ਮੁਤਜ਼ਾਦ (ਵਿਰੋਧੀ) ਮੰਨਦੇ ਆਏ ਹਨ, ਉਹ ਗੁਣ ਗੁਰੂ ਜੀ ਦੀ ਸ਼ਖਸੀਅਤ ਦਾ ਸ਼ਿੰਗਾਰ ਬਣੇ। ਦੋ ਜਹਾਨ ਦੇ ਮਾਲਕ, ਸੱਚੇ ਪਾਤਸ਼ਾਹ, ਪਟਨਾ ਸ਼ਹਿਰ ਦੇ ਬਾਲਾ ਪ੍ਰੀਤਮ, ਸ੍ਰੀ ਅਨੰਦਪੁਰ ਸਾਹਿਬ ਦੇ ਸ਼ਾਹੀ ਦਰਬਾਰ ਅਤੇ ਠਾਠ ਦੇ ਮਾਲਕ, ਸੋਹਣੇ ਅਸਤਰਾਂ ਤੇ ਸ਼ਸਤਰਾਂ ਨਾਲ ਸ਼ੰਗਾਰੇ ਸੰਵਾਰੇ, ਕਲਗੀ ਤੇ ਬਾਜ਼ ਦੀ ਸ਼ਾਹੀ ਠਾਠ, ਨੀਲੇ ਦੀ ਸਵਾਰੀ, ਇਹ ਸੁਭੋ ਕੁਝ ਕਿਸੇ ਦੁਨਿਆਵੀ ਪਾਤਸ਼ਾਹ ਨਾਲੋਂ ਘੱਟ ਨਹੀਂ ਸੀ ਪਰ ਗੁਰੂ ਜੀ ਬਾਹਰੋਂ ਸ਼ਹਿਨਸ਼ਾਹ ਅਤੇ ਪਾਤਸ਼ਾਹ; ਅੰਦਰੋਂ ਫਕੀਰ ਸਨ। ਸਭ ਕੁਝ ਛੱਡਣ ਲੱਗਿਆਂ, ਕੀਮਤੀ ਵਸਤੂਆਂ, ਸਰਸਾ ਦੀ ਭੇਟ ਕਰਦਿਆਂ ਕੋਈ ਅਫਸੋਸ ਨਹੀਂ, ਰੰਜ ਜਾਂ ਫਿਕਰ ਨਹੀਂ ਸੀ। ਉਹ ਮਾਛੀਵਾੜੇ ਦੇ ਜੰਗਲਾਂ ਵਿਚ ਵੀ ਪਾਤਸ਼ਾਹ ਸਨ। ਉਨ੍ਹਾਂ ਨੇ ਦੇਗ ਤੇਗ, ਸੰਤ ਸਿਪਾਹੀ, ਮੀਰੀ-ਪੀਰੀ, ਬਾਣੀ ਅਤੇ ਬਾਣੇ, ਗ੍ਰਹਿਸਤ ਅਤੇ ਉਦਾਸ ਨੂੰ ਅਮਲੀ ਰੂਪ ਵਿਚ ਇਕੱਠਾ ਵਰਤੋਂ ਵਿਚ ਲਿਆਂਦਾ। ਆਪ ਜੀ ਦੀ ਸ਼ਖਸੀਅਤ ਦੇ ਕੁਝ ਗੁਣਾਂ ਦਾ ਬਖਾਨ ਨਿਮਨ ਅਨੁਸਾਰ ਕੀਤਾ ਗਿਆ ਹੈ –

**1. ਸੰਤ ਸਿਪਾਹੀ ਸਰੂਪ –** ਆਪ ਮਹਾਨ ਸੰਤ ਬ੍ਰਹਮ-ਸਰੂਪ ਗੁਰੂ ਨਾਨਕ ਸਾਹਿਬ ਦੀ ਦਸਵੀਂ ਜੋਤ ਸਨ। ਆਪ ਜੀ ਦੀ ਬਾਣੀ, ਜਾਪੁ ਸਾਹਿਬ ਨਿਰੋਲ ਅਕਾਲ ਪੁਰਖ ਦੀ ਉਸਤਤ ਹੈ। ਇਕ ਅਕਾਲ ਪੁਰਖ ਦੇ ਉਪਾਸ਼ਕ, ਵਾਹਿਗੁਰੂ ਨੂੰ ਹਰ ਪਾਸੇ 'ਅਨੁਰਾਗ' ਰੂਪ ਵਿਚ ਵਿਆਪਕ ਮੰਨਣ ਵਾਲੇ ਸਗੋਂ ਉਸ ਨਾਲ ਹਰ ਸਮੇਂ ਇਕ ਰੂਪ ਹੋਏ ਮਹਾਨ ਤਪਸਵੀ ਸਨ। ਸਵੇਰ ਦੇ ਦੀਵਾਨ ਵਿਚ ਨਿਤ ਆਸਾ ਦੀ ਵਾਰ ਸ਼ਬਦ ਵੀਚਾਰ ਅਤੇ ਕੀਰਤਨ ਗਾਇਨ ਹੁੰਦਾ ਅਤੇ ਸ਼ਾਮ ਨੂੰ ਦੀਵਾਨ ਵਿਚ ਅੰਮ੍ਰਿਤਮਈ ਬਾਣੀ ਦੇ ਜਾਪ ਤੇ ਗਾਇਨ ਹੁੰਦੇ। ਉਨ੍ਹਾਂ ਦੀ ਸਾਰੀ ਸ਼ਕਤੀ ਦਾ ਸੋਮਾ ਉਨ੍ਹਾਂ ਦੀ ਭਗਤੀ ਸੀ। ਪਰ ਸੰਤ ਦੇ ਨਾਲ ਉਹ ਸਿਪਾਹੀ ਵੀ ਪੂਰੇ-ਸੂਰੇ ਸਨ। ਇਕ ਮਹਾਨ ਜਰਨੈਲ ਜਿਸ ਨੇ ਆਪ ਚੰਗੇਰੀ ਤੇ ਉਚੇਰੀ ਸ਼ਸਤਰ ਵਿਦਿਆ ਵਿਚ ਨਿਪੁੰਨਤਾ ਹਾਸਲ ਕੀਤੀ ਅਤੇ ਆਪਣੇ ਸਿੱਖਾਂ ਲਈ ਸ਼ਸਤਰਧਾਰੀ ਹੋਣਾ ਆਵਸ਼ਕ ਬਣਾਇਆ, ਸਵਾ-ਸਵਾ ਲਖ ਨਾਲ ਜੂਝਣ ਦੇ ਯੋਗ ਬਣਾ ਦਿਤਾ। ਆਪ ਜੀ ਨੇ ਕਿਸੇ ਨਾਲ ਆਪ ਲੜਾਈ ਨਹੀਂ ਸਹੇੜੀ ਪਰ ਕਿਸੇ ਦੀ ਈਨ ਨਹੀਂ ਮੰਨੀ। ਭੰਗਾਣੀ ਦੇ ਯੁੱਧ ਵਿਚ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਚਮਕੌਰ ਸਾਹਿਬ ਦੀ ਗੜ੍ਹੀ, ਖਿਦਰਾਣੇ ਦੀ ਢਾਬ, ਸਾਰੇ ਯੁੱਧਾਂ ਵਿਚ ਯੁੱਧ ਦੇ ਪੁਰਾਣੇ ਕਾਨੂੰਨ ਤੋੜ ਕੇ ਨਵੀਆਂ ਲੀਹਾਂ ਪਾਈਆਂ। ਮੁੱਠੀ ਭਰ ਸਿੱਖ ਯੋਧਿਆਂ ਨੂੰ ਹਜ਼ਾਰਾਂ ਦੇ ਮੁਕਾਬਲੇ ਖੜ੍ਹਾ ਕਰਦੇ ਰਹੇ ਤੇ ਅਕਸਰ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਦੇ ਰਣਜੀਤ ਨਗਾਰੇ ਤੋਂ ਸਦਾ ਪਹਾੜੀ ਰਾਜਿਆਂ ਅਤੇ ਮੁਗਲਾਂ ਦੇ ਦਿਲ ਕੰਬਦੇ ਰਹਿੰਦੇ ਸਨ। 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਤੋਂ ਅੱਜ ਵੀ ਦੁਸ਼ਮਨ ਦਾ ਕਲੇਜਾ ਕੰਬ ਉਠਦਾ ਹੈ। ਐਸੇ ਸਨ ਮਹਾਨ ਸੰਤ-ਸਿਪਾਹੀ ਗੁਰੂ ਗੋਬਿੰਦ ਸਿੰਘ ਜੀ। ਆਪ ਜੀ ਨੇ ਕਈ ਯੁੱਧ ਜਿੱਤੇ ਪਰ ਰਤਾ ਭਰ ਜ਼ਮੀਨ ਤੇ ਮਲਕੀਅਤ ਨਹੀਂ ਜਮਾਈ। ਆਪ ਨੇ ਜਰ-ਜ਼ੋਰੂ, ਜ਼ਮੀਨ ਲਈ ਨਹੀਂ, ਜ਼ੁਲਮ ਵਿਰੁੱਧ ਤਲਵਾਰ ਉਠਾਈ।

**2. ਗ੍ਰਹਿਸਤ ਅਤੇ ਤਿਆਗ –** ਆਪ ਨੇ ਗੁਰੂ ਨਾਨਕ ਦੇਵ ਜੀ ਦੇ ਮਾਰਗ ਅਨੁਸਾਰ ਗ੍ਰਿਹਸਤ ਅਤੇ ਤਿਆਗ ਨੂੰ ਇਕੱਠਾ ਰੱਖਿਆ। ਸੋਹਣੇ ਸਾਹਿਬਜ਼ਾਦੇ ਅਤੇ ਗੁਰੂ ਮਹਲ ਗੁਰੂ ਦਰਬਾਰ ਦੀ ਸ਼ਾਨ ਸਨ ਪਰ ਚਾਰੇ ਸਾਹਿਜ਼ਾਦੇ ਚਮਕੌਰ ਦੀ ਜੰਗ ਵਿਚ ਅਤੇ ਸਰਹੰਦ ਦੀਆਂ ਨੀਹਾਂ ਵਿਚ ਸ਼ਹੀਦ ਹੋ ਗਏ, ਆਪ ਜੀ ਨੇ ਸੋਗ ਨਹੀਂ ਕੀਤਾ, ਪ੍ਰਮਾਤਮਾ ਦੀ ਅਮਾਨਤ ਸਮਝ ਕੇ ਉਸ ਦੇ ਹਵਾਲੇ ਕਰਕੇ ਉਸ ਦਾ ਸ਼ੁਕਰ ਕੀਤਾ। ਇਕ ਗ੍ਰਹਿਸਤੀ ਦਾ ਇਸ ਤੋਂ ਵੱਡਾ ਤਿਆਗ ਕੀ ਹੋ ਸਕਦਾ ਹੈ?

ਆਪ ਮਹਾਨ, ਅਮੀਰ ਵਿਰਸੇ ਦੇ ਮਾਲਕ ਸਨ। ਗੁਰੂ ਨਾਨਕ ਦੇਵ ਜੀ ਤੋਂ ਨੌਵੇਂ ਗੁਰੂ ਤਕ ਵਾਪਰੀਆਂ ਘਟਨਾਵਾਂ ਨਾਲ ਜੋ ਸਿੱਖ ਸੰਗਤ ਤਿਆਰ ਹੋਈ, ਉਹ ਆਪ ਦੇ ਦਰਬਾਰ ਦੀ ਸ਼ੋਭਾ ਬਣੀ। ਆਪ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਧਰਮ ਅਤੇ ਵਿਸ਼ਵਾਸ਼ ਦੀ ਆਜ਼ਾਦੀ ਲਈ ਸ਼ਹੀਦ ਹੋਏ। ਕੇਵਲ ਨੌਂ ਸਾਲ ਦੀ ਬਾਲਕ ਅਵਸਥਾ ਵਿਚ ਪਿਤਾ ਦੀ ਸ਼ਹਾਦਤ ਨੂੰ ਗੁਰੂ ਜੀ ਖੁਦ ਕਲਜੁਗ ਦਾ ਇਕ ਮਹਾਨ ਸਾਕਾ ਕਹਿੰਦੇ ਹਨ –

*ਤਿਲਕ ਜੰਞੂ ਰਾਖਾ ਪ੍ਰਭ ਤਾਕਾ॥*
*ਕੀਨੋ ਬਡੋ ਕਲੂ ਮਹਿ ਸਾਕਾ॥.......*

*ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰ ਕੀਆ ਪਯਾਨ।*
*ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ।*
*ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ।*
*ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥*

*ਬਚਿਤ੍ਰ ਨਾਟਕ*

ਆਪ ਜੀ ਦੇ ਦਾਦਾ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ ਮੀਰੀ ਪੀਰੀ ਦੇ ਮਾਲਕ ਸਨ। ਆਪ ਜੀ ਦੇ ਪੜਦਾਦਾ ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਿਰਤਾਜ ਅਤੇ ਬਾਣੀ ਦੇ ਬੋਹਿਥ ਹਨ। ਆਪ ਜੀ ਦਾ ਸਾਰਾ ਸਰਬੰਸ ਹੀ ਧਰਮ, ਨਿਆਂ ਅਤੇ ਮਨੁੱਖਤਾ ਦੇ ਭਲੇ ਲਈ ਕੁਰਬਾਨ ਹੋਇਆ। ਗੁਰੂ ਨਾਨਕ ਦੇਵ-ਗੁਰੂ ਗੋਬਿੰਦ ਸਿੰਘ ਇਕ ਰੂਪ ਸਨ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਦੇ ਮਿਸ਼ਨ ਨੂੰ ਪੂਰਾ ਕੀਤਾ, ਸਗੋਂ ਨਾਨਕ-ਜੋਤਿ ਹੀ ਦਸਵੇਂ ਜਾਮੇ ਵਿਚ ਗੋਬਿੰਦ ਰੂਪ ਵਿਚ ਪ੍ਰਗਟ ਹੋਈ। ਇਸ ਬਾਰੇ ਆਪ ਜੀ ਨੇ ਸਪੱਸ਼ਟ ਤੌਰ ਤੇ ਲਿਖਿਆ ਹੈ -

*ਨਾਨਕ ਅੰਗਦ ਕੋ ਬਪੁਧਰਾ॥*
*ਧਰਮ ਪ੍ਰਚੁਰਿ ਇਹ ਜਗ ਮੋ ਕਰਾ।*
*ਅਮਰਦਾਸ ਪੁਨਿ ਨਾਮ ਕਹਾਯੋ।*
*ਜਨ ਦੀਪਕ ਤੇ ਦੀਪ ਜਗਾਯੋ।*
*ਭਿੰਨ ਭਿੰਨ ਸਬਹੂੰ ਕਰਿ ਮਾਨਾ।*
*ਏਕ ਰੂਪ ਕਿਨਹੂੰ ਪਹਿਚਾਨਾ।* *(ਬਚਿਤ੍ਰ ਨਾਟਕ)*

**3. ਮਹਾਨ ਕਵੀ –** ਆਪ ਬਾਣੀ ਦੇ ਰਚੇਤਾ, ਪੰਜਾਬੀ, ਸੰਸਕ੍ਰਿਤ, ਫਾਰਸੀ ਅਤੇ ਅਰਬੀ ਦੇ ਮਹਾਨ ਵਿਦਵਾਨ ਸਨ। ਆਪ ਦੀਆ ਕੁਝ ਰਚਨਾਵਾਂ, ਜਾਪੁ ਸਾਹਿਬ, ਸੁਧਾ ਸ੍ਵੈਯੇ, ਬਚਿਤ੍ਰ ਨਾਟਕ ਆਦਿਕ ਦਸਮ ਗ੍ਰੰਥ ਵਿਚ ਪ੍ਰਾਪਤ ਹਨ। ਬਹੁਤ ਸਾਰੀ ਰਚਨਾ ਸਰਸਾ ਨਦੀ ਦੀ ਭੇਟ ਹੋ ਗਈ। ਪਾਉਂਟਾ ਸਾਹਿਬ ਵਿਖੇ ਆਪ ਪਾਸ 52 ਕਵੀ ਅਤੇ ਅਨੇਕਾਂ ਵਿਦਵਾਨ ਪੁਰਾਤਨ ਸਾਹਿਤ ਨੂੰ ਲੋਕ-ਬੋਲੀ ਵਿਚ ਉਲਥਾਉਣ ਵਿਚ ਰੁਝੇ ਰਹਿੰਦੇ ਸਨ। ਵਿਦਵਾਨਾਂ ਅਤੇ ਕਵੀਆਂ ਨੂੰ ਆਪ ਨੇ ਵੱਡੇ-ਵੱਡੇ ਇਨਾਮ ਦੇ ਕੇ ਉਤਸਾਹਤ ਕੀਤਾ।

**4. ਖਾਲਸੇ ਦੀ ਸਿਰਜਨਾ –** ਭਾਰਤੀ ਜਨਤਾ ਜਾਤਿ, ਜਨਮ, ਕਿਰਤ, ਧਰਮ, ਰੁਤਬੇ ਦੀਆਂ ਵੰਡਾਂ ਕਾਰਨ ਖੰਡ-ਖੰਡ ਹੋਈ ਆਪੋ ਵਿਚ ਵੈਰ, ਵਿਰੋਧ, ਨਫਰਤ, ਈਰਖਾ ਅਤੇ ਦ੍ਵੈਤ ਵਿਚ ਵਿਚਰਦੀ ਆਪਣੀ ਆਜ਼ਾਦੀ ਅਤੇ ਮਾਨ-ਮਰਿਆਦਾ ਖੋ ਬੈਠੀ ਸੀ। ਅਜਿਹੀ ਲੀਰੋ-ਲੀਰ ਹੋਈ ਭੀੜ ਨੂੰ ਇਕ ਕੌਮ ਵਿਚ ਬਦਲਣਾ ਗੁਰੂ ਗੋਬਿੰਦ ਸਿੰਘ ਦੀ ਕਮਾਲ ਦੀ ਕਰਾਮਾਤ ਸੀ। 1699 ਦੀ ਵਿਸਾਖੀ ਦੇ ਵਿਸ਼ਾਲ ਦੀਵਾਨ ਵਿਚ ਪੰਜ ਸੀਸ ਭੇਟ ਲੈ ਕੇ ਆਪ ਨੇ ਖਾਲਸਾ ਪੰਥ ਦੀ ਸਿਰਜਨਾ ਕੀਤੀ ਜਿਸ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਪੁਰਾਣੇ ਵਿਰਸੇ, ਜਨਮ ਜਾਤ, ਰੰਗ, ਭੇਦ, ਊਚ-ਨੀਚ ਦੇ ਵਿਤਕਰਿਆਂ ਤੋਂ ਸਦੀਵ ਕਾਲ ਲਈ ਮੁਕਤ ਕਰ ਦਿਤਾ। ਖੰਡੇ ਬਾਟੇ ਦਾ ਅੰਮ੍ਰਿਤ ਦੇ ਕੇ ਉਨ੍ਹਾਂ ਨੂੰ ਸੰਤ-ਸਿਪਾਹੀ ਦਾ ਸਰੂਪ ਬਖਸ਼ਿਆ। ਕੇਸ-ਦਾਹੜੀ ਦਸਤਾਰ ਅਤੇ ਸ਼ਸਤਰਾਂ ਵਿਚ ਸਜਿਆ ਖਾਲਸਾ, ਲੱਖਾਂ ਵਿਚ ਪਛਾਣਿਆ ਜਾ ਸਕਦਾ ਹੈ। ਇਹ ਖਾਲਸਾ ਪਰਮਾਤਮ ਦੀ ਮੌਜ ਵਿਚ ਪ੍ਰਗਟ ਹੋਇਆ ਜਿਸ ਦੀ ਉਪਮਾ ਵਿਚ ਆਪ ਲਿਖਦੇ ਹਨ -

*ਜੁਧ ਜਿਤੇ ਇਨ ਹੀ ਕੇ ਪ੍ਰਸਾਦਿ*
*ਇਨਹੀ ਕੇ ਪ੍ਰਸਾਦ ਸੁ ਦਾਨ ਕਰੇ।*
*ਇਨ ਹੀ ਕ੍ਰਿਪਾ ਕੇ ਸਜੇ ਹਮ ਹੈਂ*
*ਨਹੀਂ ਮੋ ਸੇ ਗਰੀਬ ਕਰੋਰ ਪਰੇ।*

ਇਸ ਖਾਲਸੇ ਨੂੰ ਇਕ ਅਕਾਲ ਦੀ ਪੂਜਾ, ਆਤਮਾ ਦੀ ਸ਼ੁਧਤਾ, ਨਿੰਮ੍ਰਤਾ, ਸੇਵਾ ਪਰਉਪਕਾਰ ਅਤੇ ਆਪਾ ਵਾਰਨ ਦੀ ਬਿਰਤੀ ਪ੍ਰਦਾਨ ਕੀਤੀ। ਸਦੀਵ ਕਾਲ ਲਈ 'ਫਤਹਿ' ਖਾਲਸੇ ਦੀ ਝੋਲੀ ਵਿਚ ਪਾਈ ਤੇ ਇਹ ਬੋਲ ਉਸ ਦੀ ਜ਼ਿੰਦਗੀ ਦਾ ਅੰਗ ਬਣਾ ਦਿਤੇ - ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

**5. ਆਪੇ ਗੁਰ ਚੇਲਾ –** ਫੇਰ ਪੰਜਾਂ ਪਿਆਰਿਆਂ ਤੋਂ ਆਪ ਅੰਮ੍ਰਿਤ ਦੀ ਦਾਤ ਮੰਗੀ ਤੇ ਇਸ ਤਰ੍ਹਾਂ ਖਾਲਸੇ ਨੂੰ ਗੁਰਿਆਈ ਦਾ ਰੁਤਬਾ ਪ੍ਰਦਾਨ ਕੀਤਾ।

**6. ਖਾਲਸਾ ਰਹਿਤ ਦੀ ਸਰਵੁਚਤਾ** - ਸੰਜਮੀ ਜੀਵਨ ਤੇ ਪਹਿਰਾ ਦੇਣ ਲਈ ਚਾਰ ਕੁਰਹਿਤਾਂ ਤੋਂ ਵਰਜਿਆ। ਇਨ੍ਹਾਂ ਕੁਰਹਿਤਾਂ ਕਾਰਨ ਅੱਜ ਸਾਰਾ ਸੰਸਾਰ ਨਾ-ਮੁਰਾਦ ਬੀਮਾਰੀਆਂ ਨਾਲ ਕੁਰਲਾ ਰਿਹਾ ਹੈ। ਪਰ-ਇਸਤ੍ਰੀ ਗਾਮੀ ਨਹੀਂ ਹੋਣਾ, ਗ੍ਰਹਿਸਤੀ ਹੋ ਕੇ ਨਿਜ ਨਾਰੀ ਨਾਲ ਹੀ ਪ੍ਰੇਮ ਕਰਨਾ ਹੈ। ਕੁੱਠਾ ਨਹੀਂ ਖਾਣਾ। ਤੰਬਾਕੂ ਅਤੇ ਹੋਰ ਨਸ਼ਿਆਂ ਤੋਂ ਦੂਰ ਰਹਿਣਾ ਹੈ। ਕੇਸ ਕਤਲ ਨਹੀਂ ਕਰਨੇ। ਅੱਜ ਪੱਛਮੀ ਮੁਲਕ ਕੈਂਸਰ ਨਾਲੋਂ ਵੀ ਵੱਧ ਨਾਮੁਰਾਦ ਬੀਮਾਰੀ ਏਡਜ਼ ਵਿਚ ਗ੍ਰਸੇ ਜਾ ਰਹੇ ਹਨ। ਭਾਰਤ ਵਿਚ ਵੀ ਏਡਜ਼ ਦੇ ਮਰੀਜ਼ਾਂ ਦੀ ਗਿਣਤੀ ਲੱਖਾਂ ਵਿਚ ਹੋ ਗਈ ਹੈ। ਇਸ ਛੂਤ ਦੀ ਬੀਮਾਰੀ ਦਾ ਹਾਲੀ ਤਕ ਕੋਈ ਇਲਾਜ ਨਹੀਂ ਮਿਲਿਆ। ਇਸ ਦਾ ਫੈਲਾਅ ਸਭ ਤੋਂ ਵੱਧ ਪਰ-ਇਸਤ੍ਰੀ ਗਾਮੀਆਂ ਰਾਹੀਂ ਹੋ ਰਿਹਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਨੂੰ ਜਤੀ-ਸਤੀ ਰਹਿਣ, ਨਿਜ-ਨਾਰੀ ਨਾਲ ਪ੍ਰੇਮ ਕਰਨ ਅਤੇ ਸੁਪਨੇ ਵਿਚ ਵੀ, ਪਰ-ਨਾਰੀ-ਗਾਮੀ ਹੋਣ ਤੋਂ ਵਰਜਿਆ ਅਤੇ ਇਸ ਤਰ੍ਹਾਂ ਏਡਜ਼ ਵਰਗੀਆਂ ਨਾ-ਮੁਰਾਦ ਬੀਮਾਰੀਆਂ ਖਾਲਸੇ ਤੋਂ ਸਦਾ ਦੂਰ ਰਹਿੰਦੀਆਂ ਹਨ।

ਇਹੋ ਗੱਲ ਜਗਤ-ਜੂਠ ਤੰਬਾਕੂ ਬਾਰੇ ਹੈ ਜਿਸ ਨੇ ਮਨੁੱਖਤਾ ਦੀਆਂ ਆਉਣ ਵਾਲੀਆਂ ਨਸਲਾਂ ਬਰਬਾਦ ਕਰ ਦੇਣੀਆਂ ਹਨ। ਪੱਛਮੀ ਦੇਸ਼ ਕ੍ਰੋੜਾਂ ਰੁਪਿਆਂ ਸਿਗਰਟ ਤੰਬਾਕੂ ਤੋਂ ਛੁਟਕਾਰਾ ਪਾਉਣ ਲਈ ਖਰਚ ਕਰ ਰਹੇ ਹਨ। ਅਮਰੀਕਾਂ ਵਿਚ ਕੋਈ ਅਖਬਾਰ, ਟੀ.ਵੀ ਜਾਂ ਪ੍ਰੈਸ ਸਿਗਰਟ ਦਾ ਪ੍ਰਾਪੇਗੰਡਾ ਨਹੀਂ ਕਰ ਸਕਦੇ। ਗੁਰੂ ਗੋਬਿੰਦ ਸਿੰਘ ਦਾ ਖਾਲਸਾ ਇਸ ਲਾਹਨਤ ਤੋਂ ਸਦਾ ਲਈ ਮੁਕਤ ਹੈ।

**7. ਪੂਰਨ ਸੁਤੰਤਰਤਾ –** ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਪੂਰਨ ਸੁਤੰਤਰਤਾ ਦਾ ਵਰਦਾਨ ਦਿਤਾ। ਸ੍ਵੈ-ਭੰ ਦਾ ਉਪਾਸ਼ਕ ਖਾਲਸਾ ਪੂਰਨ ਤੌਰ ਤੇ ਸੁਤੰਤਰ ਹੈ, ਰਾਜਨੀਤਕ ਸਮਾਜਕ ਅਤੇ ਧਾਰਮਿਕ, ਹਰ ਪੱਖੋਂ। ਉਹ ਰਾਜਨੀਤਕ ਤਾਨਾਸ਼ਾਹੀ ਨੂੰ ਨਹੀਂ ਸਹਾਰਦਾ। ਉਹ ਸਰਬ-ਸਾਂਝੀਵਾਲਤਾ ਦਾ ਹਾਮੀ ਹੈ। ਸਰਬ-ਮਨੁੱਖਤਾ ਦੇ ਭਲੇ ਲਈ ਉਹ ਰਾਜਨੀਤਕ ਸ਼ਕਤੀ ਵਿਚ ਭਾਈਵਾਲ ਤਾਂ ਹੋ ਸਕਦਾ ਹੈ ਪਰ ਕਿਸੇ ਦੀ ਪਰਾਧੀਨਤਾ ਸਹਿਣ ਨਹੀਂ ਕਰ ਸਕਦਾ। ਗੁਰੂ ਜੀ ਨੇ ਉਸ ਦੀਆਂ ਸਮਾਜਿਕ ਅਤੇ ਧਾਰਮਿਕ ਬੇੜੀਆਂ ਵੀ ਕੱਟ ਦਿਤੀਆਂ। ਉਹ ਹਰ ਤਰ੍ਹਾਂ ਦੇ ਵਹਿਮਾਂ, ਪਾਖੰਡਾਂ,

*(ਬਾਕੀ ਪੰਨਾ 60 'ਤੇ)*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-)*

**ਰਾਗੁ ਗੂਜਰੀ ਮਹਲਾ ੪**

**ਹਰਿ ਕੇ ਜਨ ਸਤਿਗੁਰ ਸਤਪੁਰਖਾ;**

**ਬਿਨਉ ਕਰਉ ਗੁਰ ਪਾਸਿ॥**

ਹੇ ਹਰਿ=ਪ੍ਰਭੂ ਦੇ ਜਨ=ਪਿਆਰੇ! ਵਾ: ਪ੍ਰਭੂ ਦੇ ਜਨ=ਜਨਾਉਣ ਵਾਲੇ ਆਪ ਸਤਪੁਰਖਾ=ਪਰਮੇਸ਼ਰ ਰੂਪ ਹੋ। ਹੇ ਗੁਰੋ! ਮੈਂ ਆਪ ਜੀ ਦੇ ਪਾਸਿ=ਕੋਲ ਇਕ ਬਿਨਉ=ਬੇਨਤੀ ਕਰਉ=ਕਰਦਾ ਹਾਂ ਕਿ -

**ਹਮ ਕੀਰੇ ਕਿਰਮ ਸਤਿਗੁਰ ਸਰਣਾਈ;**

**ਕਰਿ ਦਇਆ ਨਾਮੁ ਪਰਗਾਸਿ॥**

ਹਮ=ਅਸੀਂ ਤਾਂ ਕੀਰੇ ਕਿਰਮੁ=ਛੋਟਿਆਂ ਤੋਂ ਵੀ ਛੋਟੇ ਜੀਵ ਭਾਵ ਦਾਸਾਂ ਦੇ ਵੀ ਦਾਸ ਹਾਂ। (ਕੀਰੇ ਉਨ੍ਹਾਂ ਕੀੜਿਆਂ ਨੂੰ ਕਹਿੰਦੇ ਹਨ, ਜਿਨ੍ਹਾਂ ਅੰਦਰ ਹੱਡੀ ਪਸਲੀ ਹੁੰਦੀ ਹੈ। ਕਿਰਮ ਉਨ੍ਹਾਂ ਨੂੰ ਕਹਿੰਦੇ ਹਨ, ਜਿਨ੍ਹਾਂ ਅੰਦਰ ਕੇਵਲ ਮਾਸ ਹੀ ਹੁੰਦਾ ਹੈ।) ਹੇ ਸਤਿਗੁਰੂ ਜੀ! ਆਪ ਦੀ ਸਰਣਾਈ=ਸ਼ਰਣ ਵਿਚ ਆਏ ਹਾਂ ਅਤੇ ਆਪ ਦਇਆ ਕਰਕੇ ਮੇਰੇ ਹਿਰਦੇ ਵਿਚ ਪ੍ਰਭੂ ਦੇ ਨਾਮ ਦਾ ਪਰਗਾਸਿ=ਪ੍ਰਕਾਸ਼ ਵਾ: ਉਜਾਲਾ ਕਰ ਦਿਉ। ਜੈਸਾ ਕਿ -

*ਤੁਮ੍ ਵਡ ਪੁਰਖ ਵਡ ਅਗਮ ਗੁਸਾਈ*
*ਹਮ ਕੀਰੇ ਕਿਰਮ ਤੁਮਨਛੇ ॥* *ਅੰਗ- ੧੧੭੮*

**ਮੇਰੇ ਮੀਤ ਗੁਰਦੇਵ;**

**ਮੋਕਉ ਰਾਮ ਨਾਮੁ ਪਰਗਾਸਿ॥**

ਹੇ ਮੇਰੇ ਮੀਤ=ਮਿੱਤਰ ਸਰੂਪ ਗੁਰਦੇਵ=ਸਤਿਗੁਰ ਜੀਉ! ਮੋਕਉ=ਮੈਨੂੰ ਰਾਮ=ਵਿਆਪਕ ਪ੍ਰਭੂ (ਜੋ ਸਾਰਿਆਂ ਵਿਚ ਰਮਿਆ ਹੋਇਆ ਹੈ) ਦੇ ਨਾਮ ਦਾ ਪਰਗਾਸਿ=ਪ੍ਰਕਾਸ਼ ਕਰ ਦਿਉ। ਜੈਸਾ ਕਿ -

*ਸਤਿਗੁਰ ਸਬਦਿ ਉਜਾਰੋ ਦੀਪਾ ॥*
*ਬਿਨਸਿਓ ਅੰਧਕਾਰ ਤਿਹ ਮੰਦਰਿ*
*ਰਤਨ ਕੋਠੜੀ ਖੁਲ੍ਹੀ ਅਨੂਪਾ ॥ ੧ ॥* *ਅੰਗ- ੮੨੧*

**ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ;**

**ਹਰਿ ਕੀਰਤਿ ਹਮਰੀ ਰਹਰਾਸਿ॥ ਰਹਾਉ॥**

ਹੇ ਸਤਿਗੁਰੂ ਜੀ! ਗੁਰਮਤਿ=ਗੁਰਾਂ ਦੀ ਸਿੱਖਿਆ ਅਨੁਸਾਰ (ਗੁਰਮਤਿ ਅਨੁਸਾਰ) ਜੋ ਨਾਮ ਦਾ ਪ੍ਰਾਪਤ ਹੋਣਾ ਜਾਂ ਨਾਮ ਦਾ ਜਪਣਾ ਹੈ, ਇਹ ਮੇਰੇ ਪ੍ਰਾਣਾਂ ਦਾ ਸਖਾਈ=ਸਖਾ (ਮਿੱਤਰ ਹੈ), ਵਾ: ਪ੍ਰਾਣਾਂ ਦੀ ਸਹਾਇਤਾ ਦਾ ਕਰਨ ਵਾਲਾ ਸਖਾਈ=ਸਹਾਇਕ ਹੈ ਅਤੇ ਹਰਿ ਕੀਰਤਿ=ਪ੍ਰਭੂ ਦੀ ਕੀਰਤੀ=ਜਸ ਭਾਵ ਕੀਰਤਨ ਭਗਤੀ ਇਹ ਹੀ ਸਾਡੀ ਰਹਰਾਸਿ=ਰਹੁ-ਰੀਤੀ ਵਾ: ਮਰਯਾਦਾ ਵਾ: ਬੇਨਤੀ ਹੈ ਵਾ: ਰਾਸਿ=ਪੂੰਜੀ ਰਹਿ ਆਵੇ। ਜੈਸਾ ਕਿ -

*ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥*
*ਅੰਗ- ੩੬੦*

ਨੋਟ :- ਇਸ ਸ਼ਬਦ ਵਿਚ ਆਏ ਰਹਰਾਸਿ ਸ਼ਬਦ ਤੋਂ ਹੀ ਇਸ ਬਾਣੀ ਦਾ ਨਾਮ 'ਰਹਰਾਸਿ' ਪਿਆ ਹੈ)

**ਹਰਿ ਜਨ ਕੇ ਵਡ ਭਾਗ ਵਡੇਰੇ;**

**ਜਿਨ ਹਰਿ ਹਰਿ ਸਰਧਾ ਹਰਿ ਪਿਆਸ॥**

ਹੇ ਸਤਿਗੁਰੂ ਜੀ! ਆਪ ਦੀ ਕ੍ਰਿਪਾ ਸਦਕਾ ਮੈਂ ਇਹ ਸਮਝ ਲਿਆ ਹੈ ਕਿ ਉਹ ਹਰਿ=ਪ੍ਰਭੂ ਦੇ ਜਨ=ਦਾਸ ਵੱਡਿਆਂ ਤੋਂ ਵਡੇਰੇ=ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਨੂੰ ਸੰਸਾਰ ਹਰਿ=ਹਰਿਆ ਭਰਿਆ ਕਰਨ ਵਾਲੇ ਹਰਿ=ਪ੍ਰਭੂ ਦੇ ਨਾਮ ਦੀ ਸ਼ਰਧਾ ਅਤੇ ਹਰਿ=ਪ੍ਰਭੂ ਨਾਮ ਦੀ ਪਿਆਸ ਲੱਗੀ ਹੈ ਅਥਵਾ ਜਿਨ੍ਹਾਂ ਨੂੰ ਮਨ ਬਾਣੀ ਸਰੀਰ ਕਰਕੇ ਸ਼ਰਧਾਰੂਪੀ ਪਿਆਸ ਲੱਗੀ ਹੈ, ਭਾਵ ਜਿਨ੍ਹਾਂ ਨੂੰ ਦਰਸ਼ਨਾਂ ਦੀ ਪਿਆਸ ਲੱਗੀ ਹੈ।

**ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ;**

**ਮਿਲਿ ਸੰਗਤਿ ਗੁਣ ਪਰਗਾਸਿ॥**

ਉਹਨਾਂ ਦਾ ਐਸਾ ਨਿਸਚਾ ਹੈ ਕਿ ਹੇ ਸਤਿਗੁਰੂ ਜੀ! ਹਰਿ ਹਰਿ ਪਰਮੇਸ਼ਰ ਦਾ ਨਾਮ ਵਾ: ਹਰਿ=ਹਰੇਕ ਨੂੰ ਹਰਿ=ਹਰੇ ਭਰੇ ਕਰਨ ਵਾਲਾ ਵਾ: ਦੁੱਖਾਂ ਨੂੰ ਹਰਨ ਵਾਲਾ ਆਪ ਜੀ ਦਾ ਅੰਮ੍ਰਿਤ ਨਾਮ ਸਾਨੂੰ ਮਿਲੇ ਤਾਂ ਆਤਮ ਤ੍ਰਿਪਤੀ ਕਰਕੇ ਤ੍ਰਿਪਤਾਸਹਿ=ਅਤਿਸ਼ੈ ਕਰਕੇ ਤ੍ਰਿਪਤ ਹੋਈਦਾ ਹੈ। ਹੇ ਸਤਿਗੁਰੂ ਜੀ! ਸਤਿਸੰਗਤ ਨਾਲ ਮਿਲ ਕੇ ਆਪ ਜੀ ਦੀ ਪ੍ਰਾਪਤੀ ਦੇ ਸ਼ੁਭ ਗੁਣ (ਸਤ, ਸੰਤੋਖ, ਦਇਆ, ਧਰਮ, ਵੀਚਾਰ, ਸ਼ਰਧਾ, ਭਗਤੀ, ਪ੍ਰੇਮ ਅਤੇ ਗਿਆਨ ਆਦਿ) ਗੁਣਾਂ ਦਾ ਪਰਗਾਸਿ=ਪ੍ਰਕਾਸ਼ ਹੁੰਦਾ ਹੈ।

**ਜਿਨ ਹਰਿ ਹਰਿ ਹਰਿ**

**ਰਸੁ ਨਾਮੁ ਨ ਪਾਇਆ;**

**ਤੇ ਭਾਗਹੀਣ ਜਮ ਪਾਸਿ॥**

ਜੋ ਹਰਿ=ਹਰੀ ਹਰ ਇਕ ਨੂੰ ਹਰਿ=ਹਰੇ ਭਰੇ ਕਰਨ ਵਾਲਾ ਹੈ, ਭਾਵ ਜੋ ਸਾਰਿਆਂ ਦੇ ਦੁੱਖਾਂ ਨੂੰ ਹਰਿ=ਨਾਸ਼ ਕਰਨ ਵਾਲਾ ਹੈ। ਐਸਾ ਹਰਿ=ਹਰੀ ਪਰਮੇਸ਼ਰ ਹੈ। ਉਸ ਦੇ ਨਾਮ ਨੂੰ ਜਿਨ=ਜਿਨ੍ਹਾਂ ਨੇ ਰਸੁ=ਪ੍ਰੇਮ ਪੂਰਬਕ ਮਨ ਬਾਣੀ, ਸਰੀਰ ਕਰਕੇ ਪਾਇਆ=ਪ੍ਰਾਪਤ ਨ=ਨਹੀਂ ਕੀਤਾ।

ਹੇ ਭਾਈ! ਉਹ ਤਾਂ (ਭਾਗ+ਹੀਣ) ਭਾਗ=ਨਿਸ਼ਕਾਮ ਕਰਮਾਂ ਤੋਂ ਹੀਣ=ਬਿਨਾਂ ਹਨ, ਜਿਨ੍ਹਾਂ ਕਰਕੇ ਵਾਹਿਗੁਰੂ ਦੀ ਪ੍ਰਾਪਤੀ ਹੋਣੀ ਸੀ, ਉਹ ਉਸ ਤੋਂ ਹੀਣੇ ਹੋ ਗਏ ਹਨ।

ਉਹ ਹੁਣ ਜਮ ਪਾਸਿ=ਜਮਾਂ ਦੇ ਕੋਲ ਜਾਣਗੇ, ਵਾ: ਜਮਾਂ ਦੀ ਪਾਸਿ=ਫਾਹੀ ਉਹਨਾਂ ਨੂੰ ਪਵੇਗੀ।

**ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ;**

**ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ॥**

ਜੋ ਸਤਿਗੁਰਾਂ ਦੀ ਸਰਣਿ=ਸ਼ਰਨ ਦੁਆਰਾ ਸਤਿਸੰਗਤ ਵਿਚ ਨਹੀਂ ਆਏ, ਉਹਨਾਂ ਦੇ ਜੀਵੇ=ਜੀਣੇ (ਜੀਵਨ) ਨੂੰ ਧ੍ਰਿਗੁ=ਧ੍ਰਿਕਾਰ ਹੈ ਤੇ ਹੋਰ ਜੋ ਜੀਵਾਸਿ=ਜੀਵਨ ਦੀ ਆਸਾ ਲਾਈ ਰੱਖਦੇ ਹਨ, ਉਹ ਵੀ ਧ੍ਰਿਗੁ=ਧ੍ਰਿਕਾਰ ਹੈ। ਜੈਸਾ ਕਿ –

*ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ*
*ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥* *ਅੰਗ – ੧੧੨੯*

**ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ**
**ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ॥**

ਜਿਨ=ਜਿਨ੍ਹਾਂ ਹਰਿ ਜਨ=ਗੁਰਮੁਖਾਂ ਨੇ ਸਤਿਗੁਰੂ ਜੀ ਦੀ ਸੰਗਤ ਪਾਈ ਹੈ, ਤਿਨ=ਉਹਨਾਂ ਦੇ ਮਸਤਕਿ=ਮੱਥੇ ਪਰ ਧੁਰ ਤੋਂ ਹੀ ਕ੍ਰਿਪਾ ਦਾ ਲਿਖਾਸਿ=ਲਿਖ+ਆਸ ਲਿਖ=ਲੇਖ ਆਸ ਹੈ=ਹੈ ਤਾਂ ਹੀ ਮਨੁੱਖਾ ਸਰੀਰ ਪ੍ਰਾਪਤ ਕਰਕੇ ਉਹਨਾਂ ਨੂੰ ਸਤਿਸੰਗਤ ਮਿਲੀ ਹੈ, ਨਹੀਂ ਤਾਂ ਹਰ ਇਕ ਹੀ ਸਤਸੰਗੀ ਬਣ ਜਾਵੇ। ਜੈਸਾ ਕਿ –

*ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ ॥*
*ਅੰਗ – ੬੧੨*

**ਧਨੁ ਧੰਨੁ ਸਤਸੰਗਤਿ**
**ਜਿਤੁ ਹਰਿ ਰਸੁ ਪਾਇਆ;**
**ਮਿਲਿ ਜਨ ਨਾਨਕ ਨਾਮੁ ਪਰਗਾਸਿ॥**

ਆਪ ਜੀ ਦੀ ਸੰਗਤ ਧੰਨ ਧੰਨ ਹੈ ਜਿਸ ਦੁਆਰਾ ਹਰਿ=ਪ੍ਰਭੂ ਦੇ ਨਾਮ ਰਸ ਨੂੰ ਪਾਇਆ=ਪ੍ਰਾਪਤ ਕੀਤਾ ਹੈ ਵਾ: ਬ੍ਰਹਮਾਨੰਦ ਰਸ ਵਾ: ਹਰੀ ਦਾ ਰਸੁ=ਪ੍ਰੇਮ ਪ੍ਰਾਪਤ ਕੀਤਾ ਹੈ ਅਤੇ ਜਨ=ਭਗਤ ਜਨਾਂ ਵਾ: ਗੁਰਮੁਖ ਜਨਾਂ ਨਾਲ ਮਿਲਿ=ਮਿਲ ਕੇ ਨਾਮ ਕਰਕੇ ਸਰੂਪ ਦਾ ਪਰਗਾਸਿ=ਪ੍ਰਕਾਸ਼ ਹੋਇਆ ਹੈ ਵਾ: ਗਿਆਨ ਪ੍ਰਾਪਤ ਹੋਇਆ ਹੈ। ਉਹ ਸਤਿਸੰਗਤ ਵੀ ਧੰਨ ਹੈ ਅਤੇ ਜਿਨ੍ਹਾਂ ਨੇ ਸੰਗਤ ਪ੍ਰਾਪਤ ਕੀਤੀ ਹੈ, ਉਹ ਪੁਰਖ ਵੀ ਧੰਨ ਹੈ। ਸੰਗਤ ਚਾਰ ਪ੍ਰਕਾਰ ਦੀ ਹੈ–

1. ਸੰਗਤ – ਜੋ ਚੀਜ਼ਾਂ ਦੇ ਮਿਲਾਪ ਦਾ ਨਾਮ ਹੈ ਜਿਸ ਕਰਕੇ ਜੀਵਨ ਵਿਚ ਕੋਈ ਲਾਭ ਜਾਂ ਘਾਟਾ ਨਾ ਹੋਵੇ, ਉਹ ਸੰਗਤ ਹੈ। ਪਰ ਜਦੋਂ ਰੱਬ ਦੇ ਪਿਆਰਿਆਂ ਦੀ ਸੰਗਤ ਕੀਤੀ ਜਾਂਦੀ ਹੈ ਤਾਂ ਲਾਭ ਹੀ ਲਾਭ ਪ੍ਰਾਪਤ ਹੁੰਦਾ ਹੈ।

2. ਸਾਧ ਸੰਗਤ – ਕਿਸੇ ਸਾਧੂ, ਮਹਾਤਮਾ ਨਾਲ ਮਿਲ ਕਰ ਕੇ ਪਰਉਪਕਾਰ, ਭਜਨ, ਸਿਮਰਨ, ਕਥਾ, ਕੀਰਤਨ, ਨਿਸ਼ਕਾਮ ਸੇਵਾ ਵਿਚ ਲੱਗ ਕੇ ਜੀਵਨ ਉੱਚਾ ਹੋ ਜਾਵੇ, ਉਹ ਸਾਧ ਸੰਗਤ ਹੈ।

3. ਕੁਸੰਗਤ – ਖੋਟੀ ਭਾਵ ਭੈੜੀ ਸੰਗਤ। ਜਿਨ੍ਹਾਂ ਖੋਟੇ ਪੁਰਖਾਂ ਨਾਲ ਮਿਲ ਕੇ ਪੁਰਸ਼ ਸ੍ਰੇਸ਼ਟ ਸੁਭਾਅ ਨੂੰ ਵਿਗਾੜ ਲਵੇ। ਆਪਣੇ ਵੱਡਿਆਂ ਦੀ ਸ਼ਰਮ ਛੱਡ ਦੇਵੇ, ਸ੍ਰੇਸ਼ਟ ਗੁਣਾਂ ਨੂੰ ਛੱਡ ਦੇਵੇ, ਮਾੜੇ ਕਰਮ ਕਰਨ ਲੱਗ ਜਾਵੇ, ਉਹ ਕੁਸੰਗਤ ਹੈ।

4. ਸਤਿਸੰਗਤ – ਜਿਨ੍ਹਾਂ ਨਾਲ ਮਿਲ ਕੇ ਸਤ=ਸੱਚ ਸਰੂਪ ਦੀ ਸੰ=ਭਲੀ ਪ੍ਰਕਾਰ ਗਤ=ਪ੍ਰਾਪਤੀ ਹੋ ਜਾਵੇ, ਉਹ ਸਤਿਸੰਗਤ ਹੈ। ਜੈਸਾ ਕਿ –

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥* *ਅੰਗ – ੭੨*

*ਜਹ ਸਤਿਗੁਰੁ ਤਹ ਸਤਸੰਗਤਿ ਬਣਾਈ॥* *ਅੰਗ – ੧੬੦*

**ਰਾਗੁ ਗੂਜਰੀ ਮਹਲਾ ੫**
**ਕਾਹੇ ਰੇ ਮਨ ਚਿਤਵਹਿ ਉਦਮੁ**
**ਜਾ ਆਹਰਿ ਹਰਿ ਜੀਉ ਪਰਿਆ॥**

ਰੇ=ਹੇ ਭਾਈ! ਤੁਸੀਂ ਆਪਣੇ ਮਨ ਵਿਚ ਕਾਹੇ=ਕਿਸ ਵਾਸਤੇ ਇਹ ਉਦਮੁ ਚਿਤਵਹਿ=ਚਿਤਵਦੇ ਹੋ? ਜਾ=ਜਦੋਂ ਕਿ ਸਭ ਨੂੰ ਰੋਜ਼ੀ ਦੇਣ ਦੇ ਆਹਰਿ=ਉੱਦਮ ਵਿਚ ਤਾਂ ਹਰਿ=ਪ੍ਰਭੂ ਜੀ ਆਪ ਹੀ ਪਰਿਆ=ਪਿਆ ਹੋਇਆ ਹੈ। ਜੈਸਾ ਕਿ –

*ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥*
*ਅੰਗ – ੯੫੫*

*ਜੀਅ ਜੰਤ ਕਉ ਰਿਜਕੁ ਸੰਬਾਹੇ॥*
*ਕਰਣ ਕਾਰਣ ਸਮਰਥ ਆਪਾਹੇ॥* *ਅੰਗ – ੧੦੭੧*

*ਜੀਅ ਜੰਤ ਪ੍ਰਤਿਪਾਲਦਾ ਭਾਈ ਨਿਤ ਨਿਤ ਕਰਦਾ ਸਾਰ॥*
*ਅੰਗ – ੬੩੯*

**ਸੈਲ ਪਥਰ ਮਹਿ ਜੰਤ ਉਪਾਏ;**
**ਤਾ ਕਾ ਰਿਜਕੁ ਆਗੈ ਕਰਿ ਧਰਿਆ॥**

ਵੇਖੋ ਉਸ ਨੇ ਸੈਲ ਪੱਥਰ=ਪਹਾੜਾਂ ਦੇ ਪੱਥਰਾਂ ਵਾ: ਖੁਸ਼ਕ ਪੱਥਰਾਂ ਵਾ: ਪੱਥਰਾਂ ਦੀਆਂ ਸਿਲਾਂ ਮਹਿ=ਵਿਚ ਜੰਤ=ਜੀਵਾਂ ਨੂੰ ਉਪਾਏ=ਪੈਦਾ ਕਰ ਕੇ ਤਾ ਕਾ=ਉਨ੍ਹਾਂ ਦਾ ਰਿਜ਼ਕ ਉਨ੍ਹਾਂ ਦੇ ਆਗੈ=ਅੱਗੇ ਧਰਿਆ ਹੈ, ਵਾ: ਉਹਨਾਂ ਦੇ ਜਨਮ ਤੋਂ ਵੀ ਆਗੈ=ਪਹਿਲਾਂ ਹੀ ਪੈਦਾ ਕਰਕੇ ਧਰਿਆ=ਰੱਖਿਆ ਹੈ। ਜੈਸਾ ਕਿ –

*ਪਹਿਲੋ ਦੇ ਤੈਂ ਰਿਜਕੁ ਸਮਾਹਾ ॥ ਪਿਛੋ ਦੇ ਤੈਂ ਜੰਤੁ ਉਪਾਹਾ ॥*
*ਅੰਗ – ੧੩੦*

**ਮੇਰੇ ਮਾਧਉ ਜੀ;**

**ਸਤਸੰਗਤਿ ਮਿਲੇ ਸੁ ਤਰਿਆ॥**

ਹੇ ਮੇਰੇ ਪਿਆਰੇ! ਆਪ ਜੈਸੇ ਗੁਰਮੁਖਾਂ ਦਾ ਸਦਕਾ ਜੋ ਵੀ ਸਤਿਸੰਗਤ ਵਿਚ ਮਿਲੇ=ਮਿਲਿਆ ਹੈ, ਸੁ=ਉਹ ਤਰਿਆ=ਤਰ ਗਿਆ ਹੈ।

**ਗੁਰ ਪਰਸਾਦਿ ਪਰਮ ਪਦੁ ਪਾਇਆ;**
**ਸੂਕੇ ਕਾਸਟ ਹਰਿਆ॥ਰਹਾਉ॥**

ਗੁਰ ਪਰਸਾਦਿ=ਗੁਰੂ ਦੀ ਕਿਰਪਾ ਦੁਆਰਾ ਪਰਮ ਪਦੁ=ਵੱਡੀ ਪਦਵੀ ਨੂੰ ਪਾਇਆ=ਪ੍ਰਾਪਤ ਕੀਤਾ ਜਾਂਦਾ ਹੈ,

ਜਿਸ ਕਰਕੇ ਸੂਕੇ=ਸੁੱਕੀ ਹੋਈ ਕਾਸਟ=ਲੱਕੜ ਭਾਵ ਸੂਲੀ ਵੀ ਹਰਿਆ=ਹਰੀ ਭਰੀ ਹੋ ਗਈ।

*ਮਨ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ*
*ਹਰਿ ਹਰਿ ਨਾਮੁ ਧਿਆਏ ਰਾਮ॥* *ਅੰਗ - ੫੩੮*

ਰਹਾਉ=ਵਿਸ਼ਰਾਮ ਦੇ ਕੇ ਸਤਿਗੁਰੂ ਜੀ ਅੱਗੇ ਉਚਾਰਣ ਕਰਦੇ ਹਨ।

**ਜਨਨਿ ਪਿਤਾ ਲੋਕ ਸੁਤ ਬਨਿਤਾ;**
**ਕੋਇ ਨ ਕਿਸ ਕੀ ਧਰਿਆ॥**

ਹੇ ਭਾਈ! ਜਨਨਿ=ਮਾਤਾ, ਪਿਤਾ, ਲੋਕ (ਸੰਬੰਧੀ) ਆਦਿ ਸੁਤ=ਪੁੱਤਰ, ਬਨਿਤਾ=ਇਸਤ੍ਰੀ ਜੋ ਵੀ ਸਾਕ ਸੰਬੰਧੀ ਆਦਿ ਹਨ, ਕੋਈ ਵੀ ਕਿਸੇ ਦੀ ਰੋਜ਼ੀ ਦਾ ਧਰਿਆ=ਆਸਰਾ ਨਹੀਂ ਹੈ, ਵਾ: ਕਿਸੇ ਨੂੰ ਵੀ ਕਿਸੇ ਦੀ ਰੋਜ਼ੀ ਦਾ ਆਸਰਾ ਬਣਾ ਕੇ ਪ੍ਰਭੂ ਨੇ ਨਹੀਂ ਰੱਖਿਆ। ਸਭਨਾਂ ਦੀ ਰੋਜ਼ੀ ਪਰਮੇਸ਼ਰ ਨੇ ਆਪਣੇ ਅਧੀਨ ਰੱਖੀ ਹੈ। ਜੈਸਾ ਕਿ -

*ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ,*
*ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ॥* *ਅੰਗ - ੧੦੨੮*
*ਨਹ ਚਿੰਤਾ ਮਾਤ ਪਿਤ ਭ੍ਰਾਤਹ*
*ਨਹ ਚਿੰਤਾ ਕਛੁ ਲੋਕ ਕਹ ॥*
*ਨਹ ਚਿੰਤਾ ਬਨਿਤਾ ਸੁਤ ਮੀਤਹ*
*ਪ੍ਰਵਿਰਤਿ ਮਾਇਆ ਸਨਬੰਧਨਹ ॥*
*ਦਇਆਲ ਏਕ ਭਗਵਾਨ ਪੁਰਖਹ*
*ਨਾਨਕ ਸਰਬ ਜੀਅ ਪ੍ਰਤਿਪਾਲਕਹ ॥* *ਅੰਗ - ੧੩੫੫*

**ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ;**
**ਕਾਹੇ ਮਨ ਭਉ ਕਰਿਆ॥**

ਹੇ ਭਾਈ! ਉਹ ਠਾਕੁਰ=ਮਾਲਕ (ਪ੍ਰਭੂ) ਸਿਰਿ ਸਿਰਿ=ਸਿਰ-ਬ-ਸਿਰ ਭਾਵ ਹਰ ਇਕ ਨੂੰ ਰਿਜਕੁ=ਰੋਜ਼ੀ ਸੰਬਾਹੇ=ਪਹੁੰਚਾਉਂਦਾ। ਤੁਸੀਂ ਕਾਹੇ=ਕਿਸ ਵਾਸਤੇ ਆਪਣੇ ਮਨ ਵਿਚ ਭਉ=ਡਰ ਕਰਿਆ=ਧਾਰਨ ਕਰਿਆ ਹੈ, ਭਾਵ ਤੁਹਾਨੂੰ ਚਿੰਤਾ ਕਰਨ ਦੀ ਲੋੜ ਨਹੀਂ, ਚਿੰਤਾ ਤਾਂ ਸਭ ਦੀ ਉਸ ਮਾਲਕ (ਪ੍ਰਭੂ) ਨੂੰ ਹੈ। ਜੈਸਾ ਕਿ -

*ਸਭਨਾ ਰਿਜਕੁ ਸਮਾਹਦਾ ਪਿਆਰਾ ਦੂਜਾ ਅਵਰੁ ਨ ਕੋਇ॥*
*ਅੰਗ - ੬੦੫*

ਫਿਰ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ ਕਿ -

**ਊਡੇ ਊਡਿ ਆਵੈ ਸੈ ਕੋਸਾ;**
**ਤਿਸੁ ਪਾਛੈ ਬਚਰੇ ਛਰਿਆ॥**

ਦੇਖੋ! ਊਡੇ=ਕੂੰਜਾਂ, ਕੱਤਕ ਦੇ ਮਹੀਨੇ ਵਿਚ ਬਰਫ ਪੈਣ ਤੋਂ ਪਹਾੜਾਂ ਵਿਚ ਅੰਡੇ ਦੇ ਕੇ ਊਡਿ=ਉੱਡ ਕੇ ਸੈ=ਸੈਂਕੜੇ ਕੋਸਾ=ਕੋਹਾਂ ਮੈਦਾਨੀ ਇਲਾਕੇ ਵਿਚ ਚਲੀਆਂ ਆਵੈ=ਆਉਂਦੀਆਂ ਹਨ ਅਤੇ ਤਿਸੁ=ਉਹ ਆਪਣੇ ਪਿੱਛੇ ਪਹਾੜਾਂ ਦੀਆਂ ਖੱਡਾਂ ਵਿਚ ਬਚਰੇ=ਬੱਚਿਆਂ ਨੂੰ ਛਰਿਆ=ਛੱਡ ਆਉਂਦੀਆਂ ਹਨ।

**ਤਿਨ ਕਵਣੁ ਖਲਾਵੈ ਕਵਣ ਚੁਗਾਵੈ;**
**ਮਨ ਮਹਿ ਸਿਮਰਨੁ ਕਰਿਆ॥**

ਤਿਨ=ਉਨ੍ਹਾਂ ਬੱਚਿਆਂ ਨੂੰ ਮਾਵਾਂ ਵਾਂਗ ਕਵਣੁ=ਕੌਣ ਖਲਾਵੈ=ਖੁਆਉਂਦਾ ਹੈ, ਭਾਵ ਜਿਵੇਂ ਮਾਵਾਂ ਬੱਚਿਆਂ ਦੇ ਮੂੰਹ 'ਚ ਗਿਰਾਸ ਪਾ ਕੇ ਖੁਆਉਂਦੀਆਂ ਹਨ ਵਾ: ਖਿਡਾਉਂਦਾ ਹੈ (ਭਾਵ ਮਾਵਾਂ ਵਾਂਗ ਲਾਡ ਕੌਣ ਲਡਾਉਂਦਾ ਹੈ?) ਅਤੇ ਕਵਣੁ=ਕੌਣ ਚੁਗਾਵੈ=ਚਿੜੀਆਂ ਵਾਂਗ ਚੋਗਾ ਚੁਗਾਉਂਦਾ ਹੈ? ਭਾਵ ਕੋਈ ਨਹੀਂ ਹੈ। ਬਸ ਉਨ੍ਹਾਂ ਬੱਚਿਆਂ ਦੀਆਂ ਮਾਵਾਂ (ਕੂੰਜਾਂ) ਆਪਣੇ ਮਨਾਂ ਵਿਚ ਉਨ੍ਹਾਂ ਬੱਚਿਆਂ ਦਾ ਸਿਮਰਨ ਕਰਦੀਆਂ ਹਨ। ਉਨ੍ਹਾਂ ਦੇ ਸਿਮਰਨ ਦਾ ਸਦਕਾ ਹੀ ਉਹਨਾਂ ਬੱਚਿਆਂ ਦੀ ਪਰਵ੍ਰਿਸ਼ ਹੁੰਦੀ ਹੈ। ਸਿਮਰਨ ਦੀ ਸ਼ਕਤੀ ਨਾਲ ਅੰਡੇ ਪੱਕਦੇ ਹਨ, ਅੰਡਿਆਂ ਵਿਚੋਂ ਬੱਚੇ ਨਿਕਲ ਕੇ ਡਾਰਾਂ ਦੀਆਂ ਡਾਰਾਂ ਬਣ ਕੇ ਮਾਪਿਆਂ ਨਾਲ ਆ ਰਲਦੇ ਹਨ। ਜਿਹੜੇ ਅੰਡੇ ਕੂੰਜ ਦੇ ਚੇਤੇ ਨਾ ਰਹਿਣ, ਉਹ ਗਲ ਜਾਂਦੇ ਹਨ। ਜੈਸਾ ਕਿ -

*ਕਬੀਰ ਚੁਗੈ ਚਿਤਾਰੈ ਭੀ ਚੁਗੈ ਚੁਗਿ ਚੁਗਿ ਚਿਤਾਰੇ ॥*
*ਜੈਸੇ ਬਚਰਹਿ ਕੂੰਜ ਮਨ ਮਾਇਆ ਮਮਤਾ ਰੇ ॥*
*ਅੰਗ- ੧੩੭੧*

*ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ॥*
*ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ*
*ਨਿਤ ਹਿਰਦੈ ਸਾਰਿ ਸਮਾਲੀ॥* *ਅੰਗ - ੧੬੮*

*ਕੂੰਜ ਰਿਦੈ ਸਿਮਰਣੁ ਕਰੈ ਲੈ ਬਚਾ ਉਡਦੀ ਅਸਮਾਣੈ।*
*ਭਾਈ ਗੁਰਦਾਸ ਜੀ, ਵਾਰ ੧੧/੯*
*ਕੂੰਜ ਕਰੇਂਦੀ ਸਿਮਰਣੋਂ ਪੂਰਣ ਬਚਾ ਹੋਇ ਉਡੰਦਾ।*
*ਭਾਈ ਗੁਰਦਾਸ ਜੀ, ਵਾਰ ੨੬/੨੮*

**ਸਭਿ ਨਿਧਾਨ ਦਸ ਅਸਟ ਸਿਧਾਨ;**
**ਠਾਕੁਰ ਕਰ ਤਲ ਧਰਿਆ॥**

ਹੇ ਭਾਈ! ਉਸ ਠਾਕੁਰ=ਵਾਹਿਗੁਰੂ (ਪ੍ਰਭੂ) ਨੇ ਸਭਿ=ਸਾਰੀਆਂ ਨਿਧਾਨ=ਨਿਧੀਆਂ (ਨੌਂ ਨਿਧੀਆਂ) ਤੇ ਦਸ ਅਸ਼ਟ ਸਿਧਾਨ-ਅਠਾਰਾਂ ਸਿੱਧੀਆਂ ਨੂੰ ਆਪਣੇ ਕਰ=ਹੱਥ ਦੀ ਤਲ=ਹਥੇਲੀ ਉੱਤੇ ਧਰਿਆ ਰੱਖਿਆ ਹੋਇਆ ਹੈ ਕਿ ਜਦੋਂ ਕੋਈ ਭਗਤ ਮੰਗੇ ਤਾਂ ਦੇਣ ਸਮੇਂ ਦੇਰੀ ਨਾ ਲੱਗੇ।

**ਜਨ ਨਾਨਕ ਬਲਿ ਬਲਿ, ਸਦ ਬਲਿ ਜਾਈਐ;**
**ਤੇਰਾ ਅੰਤੁ ਨ ਪਾਰਾਵਰਿਆ॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਹੇ ਭਾਈ! ਉਸ ਪ੍ਰਭੂ ਤੋਂ ਮਨ ਕਰਕੇ ਬਲਿ=ਬਲਿਹਾਰ, ਤਨ ਕਰਕੇ ਬਲਿ=ਬਲਿਹਾਰ ਤੇ ਬਾਣੀ ਕਰਕੇ ਵੀ ਬਲਿ=ਬਲਿਹਾਰ ਸਦ=ਸੈਂਕੜੇ ਵਾਰੀ ਭਾਵ ਹਮੇਸ਼ਾ ਹੀ ਜਾਈਏ ਤੇ ਕਹੀਏ ਕਿ ਹੇ ਪ੍ਰਭੂ! ਤੇਰੇ ਪਾਰਾਵਾਰ ਦਾ ਅੰਤ ਨਹੀਂ ਆਉਂਦਾ, ਵਾ: ਉਸ ਦੇ ਪਾਰਾਵਰਿਆ=ਪਾਰ ਅਤੇ ਵਰਿਆ=ਉਰਾਰ ਦਾ ਭਾਵ ਪਾਰ=ਪ੍ਰਲੋਕ ਤੇ ਵਰਿਆ=ਉਰਾਰ ਇਸ ਲੋਕ ਦਾ ਅੰਤ ਨਹੀਂ ਪਾਇਆ ਜਾਂਦਾ, ਵਾ: ਪਾਰਾਵਾਰ=ਸਮੁੰਦਰ ਦੀ ਨਿਆਈਂ ਉਸ ਪ੍ਰਭੂ ਦਾ ਅੰਤ ਨਹੀਂ ਪਾਇਆ ਜਾਂਦਾ। ਜੈਸਾ ਕਿ -

*ਪਤਿਤ ਉਧਾਰਨ ਤਾਰਨ ਬਲਿ ਬਲਿ ਬਲੇ ਬਲਿ ਜਾਈਐ॥*
*ਅੰਗ - ੧੦੦੫*

***********

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ - 50)*

ਸਿਰ ਧਰ ਕੇ ਹੁਕਮ, ਜੇਬ ਪਾ ਕੇ ਕਾਗਤ ਤੇ ਵਾਂਸਲੀ ਪਾ ਕੇ ਰੁਪਏ, ਸਿਮਰਨ ਵਿਚ ਰੱਤਾ ਭਗੀਰਥ ਤੁਰ ਪਿਆ ਲਾਹੌਰ ਨੂੰ। ਦੋ ਰਾਤਾਂ ਰਾਹ ਵਿਚ ਰਹਿ ਕੇ ਪਹੁੰਚ ਗਿਆ ਲਾਹੌਰ ਤੇ ਸਾਂਈਂ ਦੀ ਅਗੁਵਾਨੀ ਵਿਚ ਇਕ ਧਨੀ ਵਪਾਰੀ ਦੇ ਅੱਪੜ ਪਿਆ। ਵਿਵਾਹ ਦੀ ਸੌਜ ਦਾ ਕਾਗਤ ਉਸ ਦੇ ਅੱਗੇ ਧਰ ਕੇ ਬੋਲਿਆ, ਸੱਜਣਾ! ਇਹ ਸਾਰਾ ਸਾਮਾਨ ਖਰੀਦ ਦੇ। ਮਾਲ ਖਰੀਦ ਦੇ ਚੰਗਾ, ਪਦਾਰਥ ਲੱਗੇ ਘੱਟ ਤੋਂ ਘੱਟ ਤੇ ਮੁੱਲ ਹੋਵੇ ਇੱਕੋ। ਸੱਚਾ-ਸੱਚਾ ਵਿਹਾਰ ਕਰ, ਤੂੰ ਬੀ ਸੁਖੀ ਤੇ ਮੈਂ ਬੀ ਸੁਖੀ। ਵਪਾਰੀ, ਜਿਸ ਦਾ ਨਾਂ ਸੀ ਮਨਸੁਖ, ਕਹਿਣ ਲੱਗਾ, ਜਿਵੇਂ ਕਹਿੰਦੇ ਹੋ, ਹੋ ਜਾਏਗਾ, ਤੁਸੀਂ ਕਰੋ ਡੇਰਾ ਹੁਣ ਹੈ ਸੰਝਾ ਆ ਰਹੀ, ਰਾਤ ਟਿਕੋ, ਸਾਰਾ ਸਾਮਾਨ ਇਕ ਦੋਹੁੰ ਦਿਨਾਂ ਵਿਚ ਚੰਗੇ ਤੋਂ ਚੰਗਾ ਮਿਲ ਜਾਏਗਾ ਤੇ ਤਿਆਰ ਹੋਣ ਵਾਲਾ ਤਿਆਰ ਹੋ ਜਾਏਗਾ।

ਭਗੀਰਥ - ਸੱਜਣਾ! ਮੈਂ ਇਕ ਰਾਤ ਤੋਂ ਵਧੀਕ ਏਥੇ ਰਹਿ ਨਹੀਂ ਸਕਦਾ।

ਮਨਸੁਖ (ਸੋਚ-ਸੋਚ ਕੇ) - ਕਿਉਂ?......ਉਪਰਾਂਦ ਨਾ ਕਰੋ, ਇਹ ਆਪਣਾ ਘਰ ਸਮਝੋ। ਜਿਹੜੇ ਦੋ ਤ੍ਰੈ ਦਿਨ ਲੱਗਣਗੇ ਤੁਹਾਨੂੰ ਕੋਈ ਖੇਚਲ ਨਹੀਂ ਹੋਣ ਲੱਗੀ, ਆਪਣੇ ਘਰ ਵਾਂਗੂੰ ਹੀ ਸੁਖੀ ਰਹਿਸੋ।

ਭਗੀਰਥ - ਇਸ ਗੱਲ ਦੀ ਵਿਚਾਰ ਤਾਂ ਕੋਈ ਨਹੀਂ, ਪਰ ਮੈਂ ਏਥੇ ਰਹਿ ਹੀ ਇਕ ਰਾਤ ਸਕਦਾ ਹਾਂ। ਮਨਸੁਖ-ਐਉਂ ਕਰੋ ਕਿ ਏਥੇ ਇਕ ਰਾਤ ਵਧੇਰੇ ਰਹਿ ਲਓ, ਮੈਂ ਕੰਮ ਛੇਤੀ ਕਰਵਾ ਲੈਸਾਂ ਤੇ ਰਸਤੇ ਵਿਚੋਂ ਸਮਾਂ ਕੱਢ ਲਵਿਓ ਜੇ। ਤੁਸੀਂ ਤੁਰਦੇ ਨਾ ਜਾਣਾ, ਯੱਕੇ ਜਾਂਦੇ ਹਨ ਤ੍ਰਿੱਖੇ ਮੁਲਤਾਨੀ ਘੋੜੀਆਂ ਵਾਲੇ, ਨਾਲੇ ਸੌਜ ਲੱਦ ਦਿਆਂਗੇ, ਨਾਲੇ ਤੁਸੀਂ ਬਹਿ ਜਾਣਾ। ਰਸਤੇ ਵਿਚ ਉਨ੍ਹਾਂ ਦੇ ਟਿਕਾਣੇ ਹਨ, ਘੋੜੀ ਵਟਾ ਬੀ ਲੈਂਦੇ ਹਨ। ਐਉਂ ਦਿਹਾੜੀ ਚਾਲੀ ਪੰਜਾਹ ਕੋਹ ਲੰਘ ਜਾਂਦੇ ਹਨ।

ਭਗੀਰਥ - ਪਰ ਸੱਜਣਾ! ਮੈਨੂੰ ਲਾਹੌਰ ਵਿਚ ਇਕੋ ਰਾਤ ਰਹਿਣ ਦਾ ਹੁਕਮ ਹੈ।

ਮਨਸੁਖ - ਹੈਂ ਕਿਉਂ.........? ਕੀ ਤੁਸੀਂ ਲੋਧੀ ਦੇ ਨੌਕਰ ਹੋ ਤੇ ਉਸ ਦਾ ਹੁਕਮ ਹੈ ਪਰ ਕਿਉਂ? ਮੈਂ ਇਸ ਕਰਕੇ ਆਖਦਾ ਹਾਂ ਕਿ ਚੂੜਾ ਜਿਹੋ ਜਿਹਾ ਤੁਸਾਂ ਕਿਹਾ ਹੈ ਉਸ ਤੇ ਚਿਰ ਲਗਣਾ ਹੈ, ਹੋਰ ਬੀ ਅਕਸਰ ਕੋਈ ਸ਼ੈ ਤਿਆਰ ਮਿਲਦੀ ਹੈ ਕੋਈ ਕਰਵਾਉਣੀ ਪੈਂਦੀ ਹੈ।

ਭਗੀਰਥ - ਜੇ ਲੋਧੀ ਦਾ ਹੁਕਮ ਹੁੰਦਾ ਤਾਂ ਉਸ ਦੇ ਨੌਕਰ ਨੂੰ ਸੌ ਬਹਾਨਾ ਬਣ ਸਕਦਾ ਸੀ। ਮੇਰਾ ਹਾਕਮ ਵਡੇਰਾ ਹੈ ਤੇ ਹੁਕਮ ਅਦੂਲੀ ਵਿਚ ਮੇਰਾ ਜਨਮ ਬਾਦ ਜਾਂਦਾ ਹੈ।

ਮਨਸੁਖ (ਹਰਯਾਨ ਹੋ ਕੇ) - ਦੌਲਤ ਖਾਂ ਲੋਧੀ ਤੋਂ ਵੱਡਾ ਤਾਂ ਦਿੱਲੀ ਦੇ ਤਖਤ ਵਾਲਾ ਹੈ, ਤੁਸੀਂ ਸੁਲਤਾਨਪੁਰੋਂ ਆਏ ਹੋ! ਫਿਰ ਉਸ ਦੀ ਹੁਕਮ ਅਦੂਲੀ ਨਾਲ ਦੁੱਖ ਤਾਂ ਹੋ ਸਕਦਾ ਹੈ ਪਰ ਜਨਮ ਬਿਰਥਾ ਕਿਵੇ?

ਭਗੀਰਥ - ਮੇਰਾ ਹਾਕਮ ਦਿੱਲੀ ਵਾਲੇ ਤੋਂ ਬੀ ਵੱਡਾ ਹੈ ਤੇ ਜਨਮ ਬਿਰਥਾ ਇਸ ਕਰਕੇ ਕਿ ਮੇਰਾ ਜਨਮ ਸੰਵਰਿਆ ਹੀ ਉਸ ਦੀ ਆਗਿਆ ਮੰਨ ਕੇ ਹੈ। ਜੋ ਸੁਖ ਮੈਂ ਆਗਿਆ ਮੰਨ ਕੇ ਪਾਇਆ ਹੈ, ਜਨਮ ਦੇ ਤਪ ਹਠ ਨਾਲ ਨਹੀਂ ਸੀ ਪਾਇਆ। ਮੈਂ ਅਪਣੱਤ ਦੀ ਪਕੜ ਛੱਡੀ ਹੈ ਤੇ ਗੁਰਮਤਿ ਨਾਲ ਸੁਖੀ ਹੋਇਆ ਹਾਂ, ਮੈਨੂੰ ਮੇਰੇ ਗੁਰੂ ਦਾ ਹੁਕਮ ਇੱਕੋ ਰਾਤ ਦਾ ਹੈ। ਹੁਕਮ ਮੋੜਨਾ ਜਨਮ ਖੋਣਾ ਹੈ।

ਮਨਸੁਖ - ਗੁਰਮਤਿ? ਕਲੂ ਕਾਲ ਵਿਚ ਕੌਣ ਗੁਰੂ ਮਤਿ ਦੇਣ ਵਾਲਾ ਉਪਜਿਆ ਹੈ, ਥਾਨ ਟਿਕਾਣੇ ਸਭ ਭ੍ਰਿਸ਼ਟ ਹੋ ਰਹੇ ਹਨ, ਪਖੰਡੀ ਜਾਲ ਵਿਛਾ ਰਹੇ ਹਨ, ਥਾਂ-ਥਾਂ ਜਾਲ ਤਣੇ ਹਨ। ਸੱਜਣ ਜੀ! ਲਗਦੇ ਤਾਂ ਸੁਚੇਤ ਹੋ, ਪਰ ਗੱਲਾਂ ਅਟਪਟੀਆਂ ਕਰ ਰਹੇ ਹੋ।

ਭਗੀਰਥ - ਸੱਚ ਕਿਹਾ ਹੈ ਤੁਸਾਂ ਨੇ, ਜਗ ਵਰਤਾਰਾ ਐਸਾ ਹੀ ਹੈ, ਪਰ ਮਨਸੁਖ ਜੀ! ਮੇਰਾ ਸਾਹਿਬ ਪੂਰਾ ਹੈ। ਕਲਿ ਕਾਲ ਵਿਚ ਆਪ ਉਤਰਿਆ ਹੈ, ਗੁਰ ਅਵਤਾਰ, ਪੂਰਾ।

ਮਨਸੁਖ - ਸੱਜਣਾ! ਮੈਂ ਬੀ ਸ਼ੌਕ ਵਾਲਾ ਬੰਦਾ ਹਾਂ। ਮੈਂ ਟੋਲ ਕੀਤੀ ਹੈ, ਟੋਲ ਟਾਲ ਕੇ ਹਰ ਥਾਂ ਬਨਾਵਟਾਂ ਤੱਕੀਆਂ ਹੈਨ। ਹਾਰ ਕੇ ਬਹਿ ਗਿਆ ਹਾਂ। ਹੋਵੇਗਾ ਦਿਆਲ ਤਾਂ ਦਏਗਾ ਬੁਲਾ ਕੇ।

(ਸਿਰ ਫੇਰ ਕੇ) ਕੌਣ ਹੈ ਕਲਿਜੁਗ ਵਿਚ ਪੂਰਾ?

ਭਗੀਰਥ - ਸੱਜਣ ਜੀ! ਜਿਸ ਦੀ ਗੱਲ ਮੈਂ ਕੀਤੀ ਹੈ ਸੋ ਗੋਬਿੰਦ ਰੂਪ ਕਲਿ ਕਾਲ ਵਿਚ ਆਪ ਪ੍ਰਗਟਿਆ ਹੈ ਤੇ ਸਾਧਾਰਨ ਦਿਨ ਬਤੀਤ ਕਰ ਰਿਹਾ ਹੈ, ਪਰ ਹੈ ਜੋਤ ਨਿਰੰਜਨੀ। ਜੇ ਉਸ ਵਿਚ ਸ਼ਰਧਾ ਧਾਰ ਕੇ ਪਿਆਰ ਕਰੇਂ ਤਾਂ ਸੁਖੀ ਹੋ ਜਾਵੇਂ।

ਮਨਸੁਖ - ਤੇ ਜੇ ਸ਼ਰਧਾ ਨਾ ਧਾਰਾਂ, ਪਰਤਾਵਾ ਲਵਾਂ,

ਜੇ ਮੇਰੀ ਨਿਸ਼ਾ ਹੋਵੇ ਤਾਂ ਮੰਨਾਂ? ਇਉਂ ਵੀ ਉਥੇ ਹੋ ਸਕਦਾ ਹੈ? ਹੈ ਕੁਛ ਪੂਰੀ ਕਲਾ?

ਭਗੀਰਥ - ਨਿਸੰਗ। ਜਿਵੇਂ ਜੀ ਵਿਚ ਧਾਰੋਗੇ ਪਾਓਗੇ।

ਮਨਸੁਖ - ਤੁਸੀਂ ਸੱਚ ਆਖਦੇ ਹੋਸੋ। ਸੱਚ ਹੀ ਆਖਦੇ ਹੋ, ਪਰ ਦੁੱਧ ਨਾਲ ਜਲਿਆ ਛਾਹ (ਲੱਸੀ) ਫੂਕ-ਫੂਕ ਕੇ ਪੀਣ ਵਾਲੀ ਗੱਲ ਹੈ। ਹਾਂ, ਮੈਂ ਪਤੀਜ ਜਾਸਾਂ ਜੇ ਮੈਨੂੰ ਕੋਈ ਕਲਾ ਦਿਖਾ ਦਿਤੀਓ ਨੇ ਤਾਂ।

ਭਗੀਰਥ - ਅਜ਼ਮਤ, ਕਰਾਮਾਤ-ਏ ਸ਼ੈ ਤੁੱਛ ਹੈ ਓਥੇ। ਮਨ ਦਾ ਸੁਖ ਜੋ ਓਥੇ ਹੈ ਹਜ਼ਾਰ ਕਰਾਮਾਤ ਹੈ, ਪਰ ਜੇ ਤੇਰੀ ਸ਼ਰਧਾ ਇਸੇ ਸ਼ਰਤ ਨੇ ਬੰਨ੍ਹਣੀ ਹੈ ਤਾਂ ਚਲੋ ਦੇਖੋ।

ਮਨਸੁਖ - ਚੰਗੀ ਗੱਲ। ਹੁਣ ਐਉਂ ਕਰੀਏ ਕਿ ਭੋਜਨ ਖਾਓ ਤੇ ਸੈਂ ਜਾਓ। ਸਵੇਰੇ ਸਭ ਸਮੱਗਰੀ ਤਿਆਰ ਹੋ ਜਾਸੀ। ਚੂੜਾ ਮੇਰੇ ਪਾਸ ਇਕ ਬਣਿਆ ਪਿਆ ਬੀ ਹੈ, ਸੋ ਮੈਂ ਉਹ ਹੀ ਭੇਟਾ ਵਜੋਂ ਲੈ ਚਲਸਾਂ ਇਉਂ ਕੱਲ ਹੀ ਟੁਰ ਪਵਾਂਗੇ, ਤੁਸਾਂ ਦੀ ਪ੍ਰਤੱਗਯਾ ਬੀ ਨਾ ਭੰਗ ਹੋਸੀ ਤੇ ਮੈਂ ਬੀ ਜੀਵਨ ਦਾ ਲਾਹਾ; ਜੇ ਮੇਰੇ ਨਸੀਬਾਂ ਵਿਚ ਹੈ, ਤਾਂ ਲੈ ਲਵਾਂਗਾ।

5.

ਜਦੋਂ ਤ੍ਰਿਪਹਿਰਾ ਵੱਜਾ ਭਗੀਰਥ ਉਠ ਕੇ ਬਹਿ ਗਿਆ। ਉਸ ਦੇ ਮੁਖ ਤੋਂ ਸਾਂਈ ਨਾਮ ਨਿਕਲਿਆ ਤੇ ਫੇਰ ਉਠ ਕੇ ਇਸ਼ਨਾਨ ਪਾਣੀ ਕਰਕੇ ਆਪਣੇ ਨਿਤਨੇਮ ਮੁਜਬ ਵਾਹਿਗੁਰੂ ਨਾਮ ਵਿਚ ਸੁਰਤ ਜੋੜ ਕੇ ਲਿਵ ਵਿਚ ਹੋ ਗਿਆ।

ਮਨਸੁਖ ਨੇ ਇਹ ਬੀ ਸਾਰਾ ਕੁਝ ਡਿੱਠਾ, ਰਾਤ ਦੀ ਬਾਤਚੀਤ ਬੀ ਸੁਣੀ ਸੀ ਅਰ ਗੱਲ ਬਾਤ ਰੰਗ ਢੰਗ ਤੋਂ ਬੀ ਉਸ ਨੂੰ ਭਗੀਰਥ ਦੀ ਸਚਿਆਈ ਤੇ ਖਰੇਪਨ ਦਾ ਅਸਰ ਪਿਆ ਸੀ, ਉਸ ਦੇ ਦਿਲ ਨੂੰ ਹੁਣ ਅੰਦਰੋਂ ਚਾਹਨਾ ਹੋ ਆਈ ਤੇ ਤ੍ਰਿਖੀ ਚਾਹਨਾ ਹੋ ਆਈ ਕਿ ਸੁਲਤਾਨ ਪੁਰੇ ਚੱਲੇ। ਦਿਨ ਚੜ੍ਹਦੇ ਹੀ ਉਸ ਨੇ ਸਾਰਾ ਸਾਮਾਨ ਵਿਆਹ ਦਾ ਖਰੀਦ ਲੀਤਾ। ਚੂੜਾ ਘਰੋਂ ਆਪਣੇ ਅੰਦਰੋਂ ਲਿਆ ਤੇ ਦੁਕਾਨ ਮੁਨੀਮਾਂ ਤੇ ਸੱਟ ਕੇ ਭਗੀਰਥ ਦੇ ਨਾਲ ਲੌਂਢੇ ਪਹਿਰ ਟੁਰ ਪਿਆ ਤੇ ਰਾਤ ਪੈਂਦੇ ਸਾਰ ਦੁਇ ਨੇਸਟੇ ਆ ਪਹੁੰਚੇ। ਤ੍ਰਿਖੇ ਘੋੜੇ ਵਾਲੇ ਯੱਕੇ ਦੀ ਸਵਾਰੀ ਸੀ, ਪੈਂਡਾ ਛੇਤੀ ਮੁੱਕ ਗਿਆ। ਰਾਤ ਅੰਨ ਪਾਣੀ ਪਾ ਕੇ ਜਾ ਸੌਣ ਲੱਗੇ ਤਾਂ ਆਪੋ ਵਿਚ ਗੱਬਬਾਤ ਛਿੜ ਪਈ। ਮਨਸੁਖ ਦਾ ਸ਼ੌਕ ਵਧ ਰਿਹਾ ਸੀ ਤੇ ਉਹ ਭਗੀਰਥ ਦੀ ਸਿਰ ਬੀਤੀ ਵੇਰਵੇ ਨਾਲ ਪੁੱਛਦਾ ਤੇ ਸਮਝਦਾ ਸੀ।

ਮਨਸੁਖ - ਮੈਂ ਸਾਰੀ ਵਿਥਿਆ ਸਮਝੀ ਹੈ। ਮੈਨੂੰ ਵੀ ਕਿਸੇ ਨੇ ਸ਼ਕਤੀ ਪੂਜਾ ਦੱਸੀ ਸੀ, ਮੈਂ ਤਾਂ ਨਹੀਂ ਸੀ ਮੰਨੀ, ਕਿਉਂਕਿ ਮੈਨੂੰ ਮੂਰਤੀ ਪੂਜਾ ਦਿਲੋਂ ਨਹੀਂ ਸੀ ਭਾਂਉਂਦੀ ਤੇ ਪਰਮੇਸ਼ੁਰ ਤੋਂ ਛੁੱਟ ਕਿਸੇ ਹੋਰ ਦੀ ਆਰਾਧਨਾ ਵਲ ਮੇਰਾ ਰੁਖ ਨਹੀਂ ਸੀ। ਹਠ ਜੋਗ ਦੇ ਕਈ ਰੂਪ ਰੰਗ ਮੈਂ ਵੇਖੇ ਹਨ, ਉਹ ਤਾਂ, ਤਾਂ ਕਰਨੇ ਚਾਹੀਏ ਜੇ ਗ੍ਰਿਹਸਤ ਵਿਚ ਨਾ ਰਹਿਣਾ ਹੋਵੇ। ਜੇ ਕਰੋ ਤਾਂ ਪ੍ਰਾਪਤੀ ਕੀ ਹੈ? ਜੋ ਕਨਪਾਟਿਆਂ ਜੋਗੀਆਂ ਨੂੰ ਹੈ? ਪੀਂਦੇ ਹਨ, ਮਸਤ ਹੁੰਦੇ ਹਨ, ਕ੍ਰੋਧ ਬਾਹੁਲਤਾ ਨਾਲ ਹੁੰਦਾ ਹੈ ਤੇ ਰਿਧੀਆਂ-ਸਿੱਧੀਆਂ ਦੀ ਪ੍ਰਾਪਤੀ ਦਸਦੇ ਹਨ। ਇਕ ਬੜੇ ਜੋਗੀ ਨੇ, ਜੋ ਚੰਗਾ ਆਦਮੀ ਸੀ, ਦੱਸਿਆ ਸੀ ਕਿ ਜੋ ਆਤਮ ਨਿਗ੍ਰਹ ਲਈ ਜੋਗ ਸਾਧਨ ਕਰਦੇ ਹਨ ਸੋ ਬੀ ਇੰਦ੍ਰਿਆਂ ਨੂੰ ਸਿਥਲ ਕਰਦੇ ਹਨ ਤੇ ਅਭਿਆਸ ਇਸੇ ਗੱਲ ਦਾ ਹੁੰਦਾ ਹੈ ਕਿ ਇੱਛਾ ਅਨੁਸਾਰ ਇੰਦ੍ਰੇ ਸਿਥਲ ਹੋ ਜਾਣ, ਪਰ ਰਾਜ ਜੋਗ ਹੋਰ ਸ਼ੈ ਹੈ। ਫਿਰ ਰਾਜ ਜੋਗ ਦੇ ਦਾਅਵੇਦਾਰ-ਭੇਖੀ ਛੱਡ ਕੇ ਬੀ-ਹੋਰਨਾਂ-ਹੋਰਨਾਂ ਗੱਲਾਂ ਵਿਚ ਹੈਨ। ਅਸਲ ਗੱਲ ਇਹ ਹੈ ਕਿ ਜੋਗੀ ਜੈਸਾ ਜੋਗ ਦਰਸ਼ਨ ਨੇ ਕਿਹਾ ਹੈ ਮਿਲਦਾ ਨਹੀਂ। ਬਾਕੀ ਥੋੜ੍ਹੀ-ਥੋੜ੍ਹੀ ਪ੍ਰਕਿਰਿਆ ਧਿਆਨ ਜੋੜਨ ਦੀ ਤੇ ਨਾਲ ਹੋਰ-ਹੋਰ ਸਾਧਨ ਦੱਸੇ ਜਾਂਦੇ ਹਨ। ਸੋ ਭੀ ਪਰਚਾਵੇ ਵੇਖੇ ਹਨ। ਮੇਰਾ ਸ਼ੌਂਕ ਸੀ ਕੋਈ ਵੇਖਾਂ ਜੋ 'ਵਾਸ਼ਨਾ' ਤੇ ਵਸੀਕਾਰ ਰੱਖਦਾ ਹੋਵੇ, ਜਿਸ ਦਾ ਜੀਵਨ ਪਵਿੱਤ੍ਰ ਹੋਵੇ, ਜੋ ਮੋਹ ਮਾਇਆ ਦਾ ਜਿਤੈਯਾ ਹੋਵੇ ਤੇ ਜਿਸ ਦਾ ਮਨ ਸਾਈਂ ਨਾਲ ਲੱਗਾ ਹੋਵੇ, ਪਰ ਮੈਨੂੰ ਅਜੇ ਲੱਝਾ ਨਹੀਂ।

ਭਗੀਰਥ - ਠੀਕ ਹੈ ਮੰਗ ਤੇ ਢੂੰਡ ਤੇਰੀ ਹੇ ਮਨਸੁਖ! ਗੁਰੂ ਨਾਨਕ ਜੀ ਆਪ ਕਿਰਤੀ ਹਨ, ਮੋਦੀਖਾਨਾ ਟੋਰਦੇ ਹਨ, ਸਾਰਾ ਦਿਨ ਕੰਮ ਕਰਦੇ ਹਨ, ਪਰ ਸਾਰਾ ਦਿਨ ਸੁਰਤ ਸਾਂਈਂ ਵਿਚ ਰਹਿੰਦੀ ਹੈ। ਉਂਞ ਤਾਂ ਤੋਲਣ ਤੱਕਣ ਨੂੰ ਉਨ੍ਹਾਂ ਪਾਸ ਦੋ ਧੜਵਾਈ ਹਨ, ਪਰ ਕਦੇ ਮੌਜ ਨਾਲ ਆਪਣੀ ਗੱਦੀ ਤੋਂ ਉੱਠ ਕੇ ਤੋਲਣ ਬੀ ਆ ਬਹਿੰਦੇ ਹਨ। ਮੈਂ ਡਿੱਠਾ ਹੈ ਕਿ ਕਈ ਵੇਰ ਤੋਲਦੇ ਜਦ ਤੇਰਾਂ ਤੇ ਆਉਂਦੇ ਹਨ ਤਾਂ ਤੇਰਾਂ ਦੀ ਥਾਂ ਤੇਰਾ-ਤੇਰਾ ਕਹਿਣ ਲਗ ਜਾਂਦੇ ਹਨ ਤੇ ਕਹਿੰਦੇ-ਕਹਿੰਦੇ ਤਾਰ ਬੱਝ ਕੇ ਅੱਖੀਂ ਜੁੜ ਜਾਂਦੀਆਂ ਹਨ, ਤੱਕੜੀ ਰਹਿ ਜਾਂਦੀ ਹੈ ਤੇ ਕਿੰਨਾ ਚਿਰ ਉਸੇ ਰੰਗ ਲੰਘ ਜਾਂਦਾ ਹੈ। ਇਸ ਤਰ੍ਹਾਂ ਜੇ ਕਦੀ ਪਾ ਦੇ ਵੱਟੇ ਨੂੰ ਹੱਥ ਲਗ ਜਾਂਦਾ ਹੈ ਤਾਂ ਕਹਿੰਦੇ ਹਨ ਧੰਨ ਪਾ ਹਾਂ ਪਾ ਸਾਂਈਆਂ! ਪਾ, ਮਿਹਰਾਂ ਦੀ ਨਜ਼ਰ ਪਾ।

ਫਿਰ ਦੇਖੋ ਕੰਮ ਛੱਡਦੇ ਸਾਰ ਕੀਰਤਨ ਆਰੰਭ ਹੋ ਜਾਂਦਾ ਹੈ। ਅੱਧੀ ਰਾਤ ਮਗਰੋਂ ਤੀਜੇ ਪਹਿਰ ਘਰ ਸ਼ਹਿਰ ਛੱਡ, ਨਦੀ ਕਿਨਾਰੇ ਜਾ ਬੈਠਦੇ ਹਨ। ਕੀਹ ਦੱਸਾਂ? ਅਚਰਜ ਤਰ੍ਹਾਂ ਦਾ ਜੀਵਨ ਹੈ। ਗ੍ਰਿਹਸਤੀ ਹੈਨ, ਪਰ ਮੋਹ ਨਹੀਂ। ਪਦਾਰਥ ਕਮਾਉਂਦੇ ਹਨ, ਪਰ ਸਾਰਾ ਅਭਿਆਗਤਾ ਤੇ ਸਤਿਸੰਗ ਦੇ ਕੰਮਾਂ ਤੇ ਲਗਦਾ ਹੈ। ਕਈ ਵੇਰ ਸ਼ਿਕੈਤਾਂ ਹੋ ਚੁਕੀਆਂ ਹਨ ਕਿ ਮੋਦੀਖਾਨਾ ਉਜਾੜਦਾ ਹੈ, ਪਰ ਜਦੋਂ ਮੁਹਾਸਿਲ ਲੇਖਾ ਕਰਦੇ ਹਨ ਤਾਂ ਮਾਲ ਤੇ ਨਕਦੀ ਠੀਕ ਨਿਕਲਦੀ ਹੈ ਤੇ ਖਾਤੇ ਵਿਚ ਸਤਿਗੁਰ ਦਾ ਕੁਛ ਜਮਾਂ ਹੀ ਨਿਕਲਦਾ ਹੈ। ਕੋਈ ਇਲਾਹੀ ਬਰਕਤ ਹੈ। ਮੱਥੇ ਤੇ ਨੂਰ

ਚਮਕਦਾ ਹੈ, ਹੱਥਾਂ ਵਿਚ ਇਲਾਹੀ ਬਰਕਤ ਹੈ, ਜਿਸ ਦੇ ਸਿਰ ਹੱਥ ਧਰ ਦੇਣ ਨਿਹਾਲ ਕਰ ਦੇਂਦੇ ਹਨ। ਸਾਧਨ ਤੱਕੋ ਤਾਂ ਹਠ ਯੋਗ ਤੱਕ ਬੀ ਕਰ ਚੁੱਕੇ ਹਨ, ਹੋਰ ਸਾਰੇ ਸਾਧਨ ਕਮਾ ਚੁੱਕੇ ਹਨ। ਆਤਮਾ ਦੀ ਕਲਿਆਣ ਵਾਸਤੇ ਦਸਦੇ ਹਨ ਕਿ ਉਨ੍ਹਾਂ ਦੀ ਲੋੜ ਨਹੀਂ ਹੈ। ਇਕ ਦਿਨ ਇਕ ਬੜੇ ਹੁੱਜਤੀ ਨਾਲ ਗੱਲਾਂ ਕਰਦੇ ਮੈਂ ਸੁਣੇਂ। ਆਪ ਫੁਰਮਾ ਰਹੇ ਸੀ ਕਿ ਸਾਰੇ ਜਗਤ ਦੇ ਲੋਕ ਜੋਗੀ ਨਹੀਂ ਹੋ ਸਕਦੇ, ਸਾਰੇ ਧਿਆਨੀ ਨਹੀਂ ਹੋ ਸਕਦੇ, ਸਾਰੇ ਤਿਆਗੀ ਸੰਨਿਆਸੀ ਨਹੀਂ ਹੋ ਸਕਦੇ। ਫਿਰ ਤੱਕੋ, ਏਹ ਸਾਧਨ ਕਰਨ ਵਾਲੇ ਸਾਰੇ ਭਾਈਚਾਰਾ ਚੰਗੇ ਮਨੁੱਖਾਂ ਤੋਂ ਖਾਲੀ ਹੋ ਜਾਂਦਾ ਹੈ। ਸਾਧਨ ਉਹ ਚਾਹੀਏ ਕਿ ਜੋ ਸਭ ਕੋਈ ਜੋ ਕਰਨਾ ਚਾਹੇ-ਕਰ ਸਕੇ ਤੇ ਗ੍ਰਿਹਸਤ ਵਿਚ ਰਹਿ ਕੇ ਕਰ ਸਕੇ। ਫਿਰ ਸਰੀਰ ਦੇ ਇੰਦ੍ਰੇ ਸਿਥਲ ਕਰਕੇ ਤਾਕਤਾਂ ਪੈਦਾ ਕਰਨ ਵਲ ਕਲਿਆਣ ਦਾ ਹੇਤੂ ਨਹੀਂ। ਕਲਿਆਣ ਤਾਂ ਆਤਮ ਪਦ ਵੱਲ ਉੱਠਣ ਨਾਲ ਹੈ। ਸੋ ਆਤਮਾ ਸਵੱਛ ਹੋਵੇ ਤੇ ਉਸ ਵਿਚ ਭਾਉ ਉਪਜੇ ਨਿਰੰਕਾਰ ਨੂੰ ਮਿਲਣ ਦਾ। ਉਹ ਭਾਉ ਪ੍ਰਮਾਤਮਾ ਨਾਲ ਮੇਲੇਗਾ। ਉਹ ਪਰਮੇਸ਼ਰ ਬੀ ਰੂਹ ਹੈ, ਆਤਮਾ ਹੈ, ਜਿੰਦ ਹੈ ਅਰਥਾਤ ਚੇਤਨ ਹੈ। ਜਿਤਨੇ ਸ਼ੁਭ ਗੁਣ ਜੀਵ ਵਿਚ ਹੈਨ ਉਸ ਪ੍ਰਮਾਤਮਾ ਦੇ ਹੀ ਹੈਨ। ਤਾਂ ਤੇ ਪ੍ਰੇਮ ਕਰਨ ਤੇ ਪ੍ਰੇਮ ਕਰਵਾਉਣ ਦਾ ਗੁਣ ਵੀ ਉਸ ਪ੍ਰਮੇਸ਼ਰ ਦਾ ਹੈ ਤੇ ਪ੍ਰੇਮ ਕਰਨ ਵਾਲਿਆਂ ਦੇ ਭਾਉ ਅੱਗੇ ਉਸ ਪਰਮੇਸ਼ੁਰ ਦਾ ਪ੍ਰੇਮ ਵੀ ਪਸੀਜਦੈ। ਦੁਵੱਲੀ ਪ੍ਰੇਮ ਹੀ ਮਿਲਾਪ ਦਾ ਵਸੀਲਾ ਹੁੰਦਾ ਹੈ। ਮਾਂ ਨਾਲ, ਵਹੁਟੀ ਨਾਲ, ਉਲਾਦ ਨਾਲ ਪਿਆਰ ਕਰਨ ਦਾ ਤਜਰਬਾ ਹਰ ਕਿਸੇ ਨੂੰ ਹੈ ਹੀ। ਸਭ ਜਾਣਦੇ ਹਨ ਕਿ ਪਿਆਰ ਕੀਹ ਵਸਤੂ ਹੈ। ਜਾਣਦੇ ਨਹੀਂ ਸਗੋਂ ਹਰ ਕਿਸੇ ਨੂੰ ਇਸ ਦਾ ਤਜਰਬਾ ਤੇ ਨਿਜ-ਗਿਆਨ ਹੈ, ਆਪਣੇ ਤਜਰਬੇ ਵਿਚ ਆਇਆਂ ਨਿਜ ਗਿਆਨ ਹੁੰਦਾ ਹੈ, ਸੋ ਇਸ ਪਿਆਰ ਨੂੰ ਕਰਤਾ ਪੁਰਖ ਵੱਲ ਬੀ ਲਾਇਆ।

ਮਨਸੁਖ - ਆਪ ਦੇ ਦਾਨ ਗੁਲਾਬ, ਮੈਂ ਗਲ ਟੁੱਕਦਾ ਹਾਂ। ਆਪ ਦੀ ਆਖੀ ਬਾਤ ਡਾਢੀ ਪਿਆਰੀ ਲੱਗੀ ਹੈ। ਪਰ ਦੱਸੋ ਨਾ ਕਿ ਪਿਆਰ ਦੇਖੀ ਵਸਤੂ ਨਾਲ ਲਗਦਾ ਹੈ ਅਣਦੇਖੀ ਨਾਲ ਕਿਵੇਂ ਲੱਗੇ?

ਭਗੀਰਥ - ਅਣਦੇਖੀ ਤੇ ਦੇਖੀ ਦੋਵੇਂ ਪਦ ਤਾਂ ਦੀਸਣਹਾਰ ਜਗਤ ਦੀਆਂ ਵਸਤਾਂ ਨਾਲ ਬੋਲੀਦੇ ਹੈਨ ਤੇ ਨਿਰੰਕਾਰ ਦੀਸਣਹਾਰ ਤਾਂ ਨਹੀਂ ਨਾ, ਉਹ ਤਾਂ ਦੇਖਣਹਾਰ ਹੈ। ਸਾਨੂੰ ਉਹ ਦੇਖਦਾ ਹੈ ਤੇ ਅਸੀਂ ਉਸ ਨੂੰ ਨਹੀਂ ਦੇਖਦੇ। ਸਾਡੇ ਦੇਖਣ ਦਾ ਵਿਸ਼ਾ ਉਹ ਬਣ ਨਹੀਂ ਸਕਦਾ, ਕਿਉਂਕਿ ਦੀਸਣਹਾਰ ਬਿਨਸਨਹਾਰ ਹੁੰਦਾ ਹੈ ਤੇ ਉਹ ਅਬਿਨਾਸ਼ੀ ਹੈ। ਸੋ ਹੁਣ ਸੋਚ ਦੀ ਗੱਲ ਇਹ ਹੈ ਕਿ ਉਹ ਦੇਖਣਹਾਰ ਸਾਥੋਂ ਦੂਰ ਨਹੀਂ, ਉਹ ਤਾਂ ਸਾਡੇ ਅੰਗ-ਸੰਗ ਹੈ, ਸਾਡੇ ਅੰਦਰ ਬਾਹਰ ਹੈ। ਅਸੀਂ ਉਸ ਦੀ ਅੰਸ਼ ਹਾਂ, ਉਹ ਆਪਣੀ ਅੰਸ਼ ਤੋਂ ਵਿੱਥ ਤੇ ਨਹੀਂ ਵੱਸਦਾ। ਗੁਰੂ ਜੀ ਕਿਹਾ ਕਰਦੇ ਹਨ, ਉਹ ਕੁਦਰਤ ਦੇ ਵਿਚ ਵੱਸਦਾ ਹੈ, ਕੁਦਰਤ ਤੋਂ ਭਿੰਨ ਨਹੀਂ, ਆਪਣੀ ਕੀਤੀ ਤੋਂ ਵਿੱਥ ਤੇ ਨਹੀਂ ਵਸ ਰਿਹਾ। ਇਸ ਦਾ ਇਹ ਅਰਥ ਹੋਇਆ ਕਿ ਉਹ ਸਾਡੇ ਨਾਲ ਹੈ, ਅੰਗ ਸੰਗ ਹੈ, ਉਹ ਸਾਡੇ ਮਨ ਵਿਚ ਹੈ, ਸਾਡੇ ਅੰਤਹਕਰਨਾਂ ਦੇ ਅੰਦਰ ਹੈ ਅਤੇ ਬਾਹਰ ਕੁਦਰਤ ਵਿਚ ਬੀ ਹੈ।

ਮਨਸੁਖ - ਫੇਰ ਅਸੀਂ ਵਿਛੋੜੇ ਵਿੱਥ ਵਿਚ ਕਿਉਂ ਹਾਂ? ਦੁਖੀ ਤੇ ਉਦਰੇਵੇਂ ਵਿਚ ਕਿਉਂ ਹਾਂ?

ਭਗੀਰਥ - ਜਿਵੇਂ ਪਾਣੀ ਸਾਰੀ ਧਰਤੀ ਵਿਚ ਹੈ। ਪਰ ਸਾਰੇ ਧਰਤੀ ਤੇ ਬੈਠੇ ਪਿਆਸ ਨਾਲ ਮਰਦੇ ਹਨ, ਪਿਆਸ ਦਾ ਦੁਖ ਖੂਹ ਤੋਂ ਨਵਿਰਤ ਹੁੰਦਾ ਹੈ। ਇਹ ਇਕ ਸਮਝਣ ਲਈ ਮੈਂ ਮੋਟੀ ਗੱਲ ਆਖੀ ਹੈ। ਤਿਵੇਂ ਅੰਦਰ ਹੁੰਦੇ ਸੁੰਦੇ ਸਾਂਈਂ ਦੇ ਜੀਵ ਦੁਖੀ ਹਨ। ਕਾਰਨ ਇਹ ਹੈ ਕਿ ਉਹ ਤਾਂ ਸਾਡੇ ਪਾਸ ਹੈ ਤੇ ਅਸੀਂ ਇਹ ਗੱਲ ਭੁਲਾ ਛੱਡੀ ਹੈ। ਰੱਬ ਅੰਦਰ ਸਭ ਦੇ ਹੈ ਪਰ ਉਹ ਸਾਡੇ ਚੇਤੇ ਵਿਚ ਨਹੀਂ ਵਸ ਰਿਹਾ। ਚੇਤੇ ਵਿਚ ਵਸ ਜਾਵੇ ਤਾਂ ਖੂਹ ਪੱਟਣ ਵਾਂਗੂੰ ਗੱਲ ਹੋ ਜਾਏਗੀ, ਅਰਥਾਤ ਉਸ ਦੀ ਸਾਨੂੰ ਪ੍ਰਾਪਤੀ ਦੀ ਸੁਰਤ ਬੱਝ ਜਾਏਗੀ, ਫੇਰ ਠੰਢ ਪਵੇਗੀ। ਦੇਖੋ, ਸਾਡਾ ਮਨ ਸਦਾ ਬਾਹਰ ਮੁਖੀ ਰਹਿੰਦਾ ਹੈ, ਸਾਡੇ ਇੰਦ੍ਰੇ ਬਾਹਰ ਨੂੰ ਧਾਉਂਦੇ ਹਨ। ਸੋ ਇੰਦ੍ਰਿਆਂ ਦੇ ਭੋਗਾਂ ਵਲ ਰੁਖ ਨੇ ਅਤੇ ਮਨ ਦੇ ਇਨ੍ਹਾਂ ਇੰਦ੍ਰਿਆਂ ਨੂੰ ਪ੍ਰੇਰ ਕੇ ਤੇ ਸਹਾਈ ਹੋਣ ਦੇ ਰੁਖ ਨੇ ਮਨ ਨੂੰ ਬਾਹਰ ਵਲ ਦਾ ਰੌ ਦਿਤਾ ਹੈ ਤੇ ਇਉਂ ਸਾਂਈਂ ਵਲੋਂ ਭੁੱਲ ਪਈ ਰਹਿੰਦੀ ਹੈ। ਇਹ ਭੁੱਲ ਹੈ ਵਿੱਥ, ਜੋ ਸਾਡੇ ਤੇ ਸਰਬ ਥਾਂ ਰਵ ਰਹੇ ਨਿਰੰਕਾਰ ਵਿਚ ਪੈ ਰਹੀ ਹੈ। ਭੁੱਲ ਦਾ ਉਲਟ ਹੈ - ਯਾਦ। ਯਾਦ ਅੰਦਰ ਵਸਾਈਏ ਤਾਂ ਮਨ ਦਾ ਰੁਖ ਜੋ ਸਦਾ ਬਾਹਰ ਨੂੰ ਹੈ, ਉਸ ਵਿਚ ਅੰਤਰਮੁਖ ਹੋਣ ਦਾ ਗੁਣ ਆਵੇਗਾ। ਮਨ ਜੋ ਸਰੀਰ ਦੀ ਰਖਿਆ ਲਈ, ਸਰੀਰ ਦੀ ਪਾਲਣਾ ਲਈ ਤੇ ਸਰੀਰ ਦੇ ਭੋਗਾਂ ਲਈ ਬਾਹਰ ਨੂੰ ਰੁਖ ਬੰਨ੍ਹੀਂ ਰਖਦਾ ਹੈ, ਸਾਂਈਂ ਨੂੰ ਸਿਮਰਨ ਵੇਲੇ ਆਪਣੇ ਅੰਦਰ ਬੀ ਕਿਸੇ ਆਹਰੇ ਲੱਗਣ ਲੱਗ ਜਾਏਗਾ। ਉਹ ਆਹਰ ਕੀ ਹੋਊ? ਨਿਰੰਕਾਰ ਨੂੰ ਯਾਦ ਕਰਨ ਦਾ। ਸੋ ਇਹ ਆਹਰ ਸੋਚੋ ਕੀ ਸੁਭਾਉ ਲਵੇਗਾ?

ਮਨਸੁਖ - ਮੈਂ ਸਮਝਿਆ, ਇਸ ਕੰਮ ਵਿਚ ਉਸ ਦੀ ਬਾਹਰ ਨੂੰ ਧਾਵਣ ਦੀ ਕ੍ਰਿਆ ਰੁਕ ਕੇ ਅੰਦਰੇ ਆਪਣੇ ਨਿੱਕੇ ਜਿਹੇ ਘੇਰੇ ਵਿਚ ਹੀ ਟਿਕਣ ਦਾ ਸੁਭਾਉ ਸਿੱਖੇਗਾ ਤੇ ਸਾਡੇ ਚੇਤੇ ਵਿਚ ਵਸ ਜਾਏਗਾ ਨਿਰੰਕਾਰ।

ਭਗੀਰਥ - ਠੀਕ ਹੈ। ਅੰਦਰਲੇ ਮਨ ਦੀ ਆਪਣੇ ਹੀ ਨੁਕਤੇ ਉਤੇ ਆਪਣੇ ਵਿਚ ਰਹਿਣ ਦੀ ਜਾਚ ਮਨ ਨੂੰ ਆਉਣ ਲਗ ਜਾਵੇਗੀ। ਫਿਰ ਸੋਚੋ ਉਹ ਯਾਦ ਕਿਸਨੂੰ ਯਾਦ ਕਰ ਰਹੀ ਹੈ। ਕਿਸੇ ਬਾਹਰਲੇ ਵਿਸ਼ੇ ਨੂੰ ਨਹੀਂ, ਬਾਹਰਲੇ ਪਦਾਰਥ ਨੂੰ ਨਹੀਂ, ਉਹ ਅੰਦਰ ਆਪਣੇ ਦੇਖਣਹਾਰ ਨਿਰੰਕਾਰ

ਨੂੰ ਯਾਦ ਕਰ ਰਹੀ ਹੈ, ਸੋ ਮਨ ਸਿਮਰਨ ਨਾਲ ਬਾਹਰ-ਬਾਹਰ ਧਾਵਣੋ ਰੁਕਿਆ ਤੇ ਯਾਦ ਕਰ ਰਿਹਾ ਹੈ ਦੇਖਣਹਾਰ ਨੂੰ, ਇਉਂ ਸਨੇ-ਸਨੇ ਮਨ ਉਸ ਵਿਚ ਸਮਾਉਣ ਦਾ ਰੁਖ ਪਕੜੇਗਾ ਤੇ ਉਸ ਦਾ ਰੁਖ ਹੁੰਦਾ ਜਾਏਗਾ ਦੇਖਣਹਾਰ। ਮਨ, ਜਿਸ ਵਿਚ ਸੀ ਸੰਸਾਰ ਤੇ ਜੋ ਸੀ ਸੰਸਾਰ ਵਿਚ, ਉਸ ਵਿਚ (ਭਾਉ) ਆਯਾ ਹੈ ਨਿਰੰਕਾਰ ਦਾ, ਜੋ ਉਸ ਦਾ ਮੂਲ ਹੈ ਤਾਂ ਉਹ ਆਪਣੇ ਮੂਲ ਵਿਚ ਜੁੜ ਕੇ ਸਦਾ-ਮੇਲ ਵਿਚ ਚਲਾ ਜਾਏਗਾ। ਸਤਿਗੁਰੂ ਜੀ ਸਾਨੂੰ ਫੁਰਮਾਇਆ ਕਰਦੇ ਹਨ ਕਿ ਸਾਡਾ ਅੰਦਰਲਾ ਜੀਵ ਤੱਤ ਨਿਰਮਲ ਹੋ ਹੋ ਕੇ ਆਪੇ ਵਿਚ ਟਿਕ-ਟਿਕ ਕੇ ਪਰਮ ਤੱਤ, ਜੋ ਨਿਰੰਕਾਰ ਹੈ ਉਸ ਵਿਚ ਜੁੜੇ, ਇਸ ਦਾ ਨਾਮ ਕਲਿਆਣ ਹੈ। ਹੁਣ ਸੋਚੋ ਕਿ ਕੈਸਾ ਸੌਖਾ ਹਰ ਕਿਸੇ ਦੀ ਸਮਝੇ ਪੈਸ ਜਾਣ ਵਾਲਾ ਤੇ ਹਰੇਕ ਦੇ ਕਰਨ ਵਾਲਾ ਕੰਮ ਹੈ। ਹੈ ਕਿ ਨਹੀਂ?

ਮਨਸੁਖ - ਗੱਲ ਦਿਲ ਲੱਗੀ ਹੈ। ਸੌਖਾ ਹੈ ਸਮਝ ਜੋਗਾ, ਸੌਖਾ ਲਗਦਾ ਹੈ ਕਰਨ ਜੋਗਾ, ਪਰ ਕਰਕੇ ਵੇਖੀਏ ਕਿ ਕਿਵੇਂ ਪ੍ਰਾਪਤੀ ਤਕ ਅਪੜਾਉਂਦਾ ਹੈ?

ਭਗੀਰਥ - ਹਾਂ, ਇਕ ਸਤਿਗੁਰ ਜੀ ਦਾ ਹੋਰ ਵਾਧਾ ਹੈ। ਆਖਦੇ ਹਨ। ਕਰੋ ਇਹ ਕਾਰ, ਏਥੇ ਸੁਖੀ ਹੋ ਜਾਓ ਫਿਰ ਆਸ ਕਰਨੀ ਅੱਗੇ ਬੀ ਸੁਖੀ ਹੋਸਾਂ। ਆਪ ਉਨ੍ਹਾਂ ਸਾਧਨਾਂ ਨੂੰ ਪਸਿੰਦ ਨਹੀਂ ਕਰਦੇ ਜੋ ਏਥੇ ਤਾਂ ਕਰੀ ਚੱਲੋ ਕਰਮ ਮਾਤ੍ਰ ਤੇ ਆਸ ਰੱਖੋ ਕਿ ਅੱਗੇ ਚੱਲ ਕੇ ਫਲ ਮਿਲੇਗਾ। ਨਾ ਉਨ੍ਹਾਂ ਗੱਲਾਂ ਨੂੰ ਪਸਿੰਦ ਕਰਦੇ ਹਨ ਕਿ ਜਿਨ੍ਹਾਂ ਨਾਲ ਏਥੇ ਕੁਛ ਨਾਟਕ ਚੇਟਕ ਵਿਭੂਤੀ ਮਿਲ ਜਾਏ ਤੇ ਆਤਮਾ ਯਾ ਰੂਹ ਸਾਡੀ ਪਰਮਪਦ ਤੇ ਨਾ ਅੱਪੜੇ ਤੇ ਅੱਗੇ ਦੇ ਸੁਖ ਦੀ ਤਸੱਲੀ ਨਾ ਬੱਝੇ। ਆਪ ਦੋਹੀਂ ਜਹਾਨੀ ਸੁਖ ਦਾ ਉਪਰਾਲਾ ਕਰਨਾ ਦਸਦੇ ਹਨ। ਫਿਰ ਨਵੀਂ ਤੇ ਅਨੋਖੀ ਗੱਲ ਇਹ ਹੈ ਕਿ ਕਿਸੇ ਨੂੰ ਮਾੜਾ ਨਹੀਂ ਕਹਿੰਦੇ, ਕਿਸੇ ਦੀ ਨਿੰਦਾ ਨਹੀਂ ਕਰਦੇ। ਹਰ ਗੱਲ ਦੇ, ਹਰ ਸਾਧਨ ਤੇ ਤਜਰਬੇ ਨਾਲ ਜਾਣੂ ਹਨ ਤੇ ਜਦ ਰਾਇ ਦੇਂਦੇ ਹਨ ਤਦ ਆਪਣੇ ਅਨੁਭਵ ਦੀ ਤੇ ਨਿਜ ਦੇ ਤਜਰਬੇ ਦੀ ਦੇਂਦੇ ਹਨ। ਇਹ ਬੀ ਕਈ ਵੇਰ ਕਹਿੰਦੇ ਹਨ ਕਿ ਭਾਈਚਾਰਾ ਦੁਖ ਹੈ। ਚੰਗੇ ਲੋਕ ਸਾਧੂ ਹੋ ਕੇ ਤਿਆਗ ਧਾਰ ਕੇ ਘਰਾਂ ਤੋਂ ਟੁਰ ਜਾਂਦੇ ਹਨ ਪਰ ਸਾਰੇ ਕਿਥੇ ਟੁਰ ਜਾਣ? ਜੇ ਭਲਾ ਸਾਰੇ ਤਿਆਗੀ ਪਸੰਦ ਲੋਕ ਮਨ ਦਾ ਤਿਆਗ ਕਰਨ, ਭਾਈਚਾਰੇ ਦੇ ਵਿਚ ਵੱਸਣ, ਗਰੀਬਾਂ ਲਈ ਧਨ ਦੀ, ਮਨ ਦੀ ਸਹਾਇਤਾ ਕਰਕੇ ਨਿਜ ਨੂੰ ਤਿਆਗ ਵਿਚ ਰੱਖਣ, ਉਹਨਾਂ ਦੀ ਨਿਰਮਲ ਬੁੱਧੀ ਨਾਲ ਭਾਈਚਾਰਾ ਉੱਚਾ ਹੋ ਜਾਵੇ। ਉਹ ਕਸ਼ਟ, ਜੋ ਭਾਈਚਾਰੇ ਨੂੰ ਪਏ ਹਨ, ਜਿਸ ਨੂੰ ਇਕੱਲਾ ਦੁਕੱਲਾ ਦੂਰ ਨਹੀਂ ਕਰ ਸਕਦਾ, ਭਾਈਚਾਰਾ ਹੀ ਉਚੇਰਾ ਹੋ ਕੇ ਦੂਰ ਕਰੇ, ਇਸ ਕਰਕੇ, ਉਹ ਉਹਨਾਂ ਸਾਧਨਾਂ ਨੂੰ ਪਸੰਦ ਨਹੀਂ ਕਰਦੇ, ਜਿਨ੍ਹਾਂ ਨਾਲ ਕਿ ਮਨੁੱਖ ਭਾਈਚਾਰੇ ਨਾਲੋਂ ਅਵੱਸੋਂ ਟੁੱਟ ਕੇ ਅਲੱਗ ਜਾ ਬੈਠੇ। ਉਹ ਚਾਹੁੰਦੇ ਹਨ ਕਿ ਇਕ-ਇਕ ਜੀਵ ਦਾ ਉਧਾਰ ਹੋਵੇ ਤੇ ਐਸੇ ਉਧਾਰੇ ਜੀਵਾਂ ਦੇ ਸਤਿਸੰਗ ਨਾਲ ਭਾਈਚਾਰੇ ਦਾ ਬੀ ਉਧਾਰ ਹੋਵੇ। ਫਿਰ ਸਾਧਨ ਐਸਾ ਹੋਵੇ ਕਿ ਰੋਟੀ ਵਲੋਂ ਬੇਫਿਕਰੀ ਆਦਮੀ ਬੀ ਕਰ ਸਕੇ ਤੇ ਸਾਰਾ ਦਿਨ ਬੌਲਦਾਂ ਦੇ ਮਗਰ ਟੁਰਨ ਵਾਲਾ ਰਾਹਕ ਬੀ ਕਰ ਸਕੇ।

ਮਨਸੁਖ - ਕਿਵੇਂ?

ਭਗੀਰਥ - ਸਾਂਈਂ ਦੀ ਯਾਦ ਨਾਲ। ਹਾਂ, ਉਹ ਕਹਿੰਦੇ ਹਨ ਸਵੇਰੇ ਅੰਮ੍ਰਿਤ ਵੇਲੇ ਉਠ ਕੇ ਸਿਮਰਨ ਕਰੋ। ਇਕ ਪਹਿਰ ਕਰੋ, ਇਕ ਘੜੀ ਕਰੋ, ਅੱਧੀ ਘੜੀ ਕਰੋ, ਅੱਧੀ ਤੋਂ ਅੱਧੀ ਕਰੋ, ਜਿੰਨੀ ਸਰੇ ਕਰੋ। ਦੱਸੋ ਇੰਨਾਂ ਸਮਾਂ ਹਰ ਕੋਈ ਕੱਢ ਸਕਦਾ ਹੈ ਕਿ ਨਹੀਂ? ਫਿਰ ਫੁਰਮਾਉਂਦੇ ਹਨ ਕਿ ਉਠਦੇ, ਬੋਲਦੇ, ਟੁਰਦੇ, ਫਿਰਦੇ, ਉਸ ਦੇ ਨਾਮ ਨੂੰ ਰਸਨਾ ਤੇ ਵਸਾਓ, ਰਸਨਾ ਤੋਂ ਨਾਮ ਸਹਿਜੇ-ਸਹਿਜੇ ਆਪਣੇ ਆਪ ਮਨ ਵਿਚ ਉਤਰ ਜਾਏਗਾ। ਇਕ ਦ੍ਰਿਸ਼ਟਾਂਤ ਹੈ, ਹੈ ਤਾਂ ਹਾਸੇ ਵਾਂਗੂੰ ਪਰ ਸਮਝਣ ਲਈ ਚੰਗਾ ਦ੍ਰਿਸ਼ਟਾਂਤ ਹੈ ਕਿ ਜਿਵੇਂ ਜੀਭ ਤੇ ਰੱਖੀ ਰੋਟੀ ਦੀ ਗ੍ਰਾਹੀ ਚਿੱਥਦਿਆਂ-ਚਿੱਥਦਿਆਂ ਆਪੇ ਹੇਠਾਂ ਉਤਰ ਜਾਂਦੀ ਹੈ, ਕਿਸੇ ਲਕੜੀ ਜਾਂ ਉਂਗਲੀ ਨਾਲ ਹੇਠਾਂ ਨਹੀਂ ਧੱਕੀਦੀ, ਤਿਵੇਂ ਨਾਮ ਰਸਨਾ ਤੋਂ ਆਪੇ ਮਨ ਵਿਚ ਵਸ ਜਾਂਦਾ ਹੈ। ਜਿਵੇਂ ਅੰਦਰ ਲੰਘ ਗਏ ਅੰਨ ਤੋਂ ਸਾਡੇ ਕੁਵੱਤ ਗੈਰ ਇਰਾਦੀ ਵਾਲੇ (ਅੰਦਰਲੇ ਬੇਖਬਰੀ ਚੇਤਨਾ ਵਾਲੇ) ਮਨ ਨੇ ਉਸ ਤੋਂ ਹੀ ਅੰਗ ਪ੍ਰਤਿ ਅੰਗ ਸਰੀਰ ਦੇ ਸਾਰੇ ਸਾਮਾਨ ਬਣਾ ਕੱਢਣੇ ਹਨ, ਤਿਵੇਂ ਰਸਨਾ ਤੇ ਸਦਾ ਵਸਾਇਆ ਨਾਮ ਮਨ ਵਿਚ ਲਹਿ ਜਾਏਗਾ। ਮਨ ਵਿਚ ਜਾ ਕੇ ਮਨ ਦਾ ਸਿਮਰਨ (ਯਾਦ) ਬਣ ਜਾਏਗਾ। ਯਾਦ 'ਪਿਆਰ ਭਾਵ' ਬਣ ਜਾਏਗੀ, ਇਹ 'ਭਾਵ' ਮੇਲ ਵਿਚ ਰੱਖੇਗਾ। ਹੁਣ ਤੱਕੋ, ਹਲ ਵਾਹੁੰਦਾ ਜ਼ਿਮੀਦਾਰ ਤੇ ਹੱਟੀ ਬੈਠਾ ਵਪਾਰੀ ਤੇ ਨੌਕਰੀ ਪੇਸ਼ਾ ਸਾਰੇ ਹੀ ਜੇ ਅੰਦਰੋਂ ਰੁਖ ਯਾਦ ਵੱਲ ਰੱਖਣ ਤਾਂ ਕਿਸੇ ਕਿੱਤੇ ਵਿਚ ਫਰਕ ਪੈਂਦਾ ਹੈ?

ਮਨਸੁਖ - ਜ਼ਿੰਮੀਦਾਰ ਨੂੰ ਤਾਂ ਘੱਟ ਪੈਂਦਾ ਹੈ ਪਰ ਸੋਚ ਵਾਲੇ ਕੰਮਾਂ ਵਿਚ ਕੁਛ ਪਊ। ਕਿਉਂ?

ਭਗੀਰਥ - ਠੀਕ ਕਿਹਾ ਨੇ। ਪਰ ਹਰ ਕਮਾਮ ਵਾਲੇ ਨੂੰ ਕੰਮ ਕਰਦਿਆਂ, ਸੋਚਦਿਆਂ ਸਾਰਾ ਦਿਨ ਵਿਚੋਂ-ਵਿਚੋਂ ਵਿਹਲ ਮਿਲਦੀ ਰਹਿੰਦੀ ਹੈ ਜਿਵੇਂ ਵਪਾਰੀ ਦੇ ਇਕ ਗਾਹਕ ਦੇ ਜਾਣ ਤੇ ਦੂਸਰੇ ਦੇ ਆਉਣ ਵਿਚ ਸਮਾਂ ਮਿਲਦਾ ਹੈ। ਉਹ ਕੰਮਾਂ ਵਾਲੇ ਸਮੇਂ ਵਿਚੋਂ ਵਿਹਲ ਦੀਆਂ ਮਿਲਦੀਆਂ ਵਿੱਥਾਂ ਨੂੰ ਸੰਭਾਲੇ ਤਾਂ ਦੇਖੋ ਕਿੰਨਾਂ ਸਮਾਂ ਮਿਲਦਾ ਹੈ। ਇਸ ਤਰ੍ਹਾਂ ਵਿਹਲ ਵਾਲੇ ਸਮਿਆਂ ਵਿਚ ਸਮ੍ਹਾਲਾ ਕਰਦਿਆਂ ਯਾਦ ਮਨ ਵਿਚ ਲਹਿ ਕੇ ਕਿਸੇ ਸੁਰਤ ਦੇ ਡੂੰਘੇ ਪਰਤਾਂ ਵਿਚ ਬੈਠ ਜਾਂਦੀ ਹੈ। ਜਿਥੇ ਸਾਡੇ ਮਨ ਦੇ ਹੇਠਲੇ ਪਰਤ ਵਿਚ ਸੰਸਕਾਰ ਵਸਦੇ ਹਨ ਉਥੇ ਨਾਮ ਜਾ ਵਸਦਾ ਹੈ ਤੇ ਉਥੇ

ਗਿਆ ਫੇਰ ਆਪੇ ਜਾਰੀ ਰਹਿੰਦਾ ਹੈ। ਫੇਰ ਤਾਂ ਪ੍ਰਾਣਾਂ ਦਾ ਸਰੀਰ ਦਾ ਰੁਖ ਬੀ ਨਾਮ ਵਾਲਾ ਹੋ ਜਾਂਦਾ ਹੈ। ਦਾਤਾ ਜੀ ਕਈ ਵੇਰ ਫੁਰਮਾਇਆ ਕਰਦੇ ਹਨ ਕਿ ਨਾਮ ਪ੍ਰਾਣਾਂ ਵਿਚ ਵਸ ਗਿਆ, ਜਨਮ ਕਟ ਜਾਂਦਾ ਹੈ।

ਮਨਸੁਖ - ਸਮਝਿਆ ਹਾਂ, ਪਰ ਇਕ ਗੱਲ ਫੇਰ ਸਮਝਾਓ ਕਿ ਮਨ ਦਾ ਬੇਖਬਰੀ ਚੇਤਨਤਾ ਵਾਲੇ ਤੇ ਸੰਸਕਾਰਾਂ ਵਾਲੇ ਥਾਉਂ ਤੋਂ ਤੁਸਾਂ ਦਾ ਕੀ ਅਰਥਾਉ ਹੈ?

ਭਗੀਰਥ - ਦੇਖੋ ਨਾ, ਰੋਟੀ ਜੁ ਖਾਈ। ਖਾਂਦਿਆਂ ਸਾਨੂੰ ਪਤਾ ਹੈ ਕਿ ਖਾ ਰਹੇ ਹਾਂ। ਜਦ ਪੇਟ ਵਿਚ ਚਲੀ ਗਈ ਤਾਂ ਪਤਾ ਨਹੀਂ ਕੀ ਹੋ ਰਿਹਾ ਹੈ, ਆਪੇ ਹੀ ਪਚਦੀ ਹੈ ਤੇ ਲਹੂ, ਮਿੱਝ, ਮਾਸ, ਹੱਡੀ, ਮਗਜ਼, ਅੱਖਾਂ ਹੱਥ ਪੈਰ ਪਈ ਬਣਦੀ ਹੈ। ਕੋਈ ਬੇਖਬਰੀ ਚੇਤਨਾ ਦਾ ਪਰਤ ਹੈ ਨਾ ਅੰਦਰ ਜੋ ਇਹ ਕੰਮ ਕਰ ਰਿਹਾ ਹੈ। ਸਾਡੇ ਦਾਨੇ ਆਖਦੇ ਹਨ ਕਿ ਮਨ ਦੀ ਕੁੱਵਤ ਗੈਰ ਇਰਾਦੀ ਵਾਲੀ ਸਤਿਆ ਇਹ ਕੰਮ ਕਰ ਰਹੀ ਹੈ। ਸੋ ਸੋਚ ਲਵੋ ਕਿ ਸਾਡੇ ਮਨ ਦੇ ਪਿਛੇ ਕੋਈ ਮਨ ਦੀ ਹੋਰ ਪਰਤ ਹੈ ਨਾ ਕਿ ਜਿਥੇ ਜੋ ਆਪੇ ਪਿਆ ਕੰਮ ਕਰਦਾ ਹੈ, ਸਾਥੋਂ ਅਨਜਾਣੇ। ਸੋ ਸੱਜਣ ਜੀ! ਨਾਮ ਜਪਦਿਆਂ ਜਦ ਸਿਮਰਨ ਬਣ ਜਾਂਦਾ ਹੈ ਤਾਂ ਸਿਮਰਨ ਹੋ ਕੇ ਮਨ ਦੇ ਇਨ੍ਹਾਂ ਡੂੰਘੇ ਪਰਤਾਂ ਵਿਚ ਚਲਾ ਜਾਂਦਾ ਹੈ, ਫੇਰ ਪ੍ਰਾਣਾਂ ਵਿਚ ਵਸ ਜਾਂਦਾ ਹੈ। ਫਿਰ ਐਉਂ ਭਾਸਦਾ ਹੈ ਕਿ ਸਾਡਾ ਮਨ ਪ੍ਰਾਣ ਤੇ ਸਰੀਰ ਕਿਸੇ ਰੰਗ ਵਿਚ ਹੈਨ। ਹਾਂ ਜੀਓ ਫੇਰ ਕੋਈ 'ਹੈ' ਦਾ ਭਾਵ ਸਾਰੇ ਅੰਦਰ ਵਿਆਪ ਜਾਂਦਾ ਹੈ ਤੇ ਅੰਦਰ ਬੈਠਾ ਸਿਮਰਨ ਆਪੇ ਮਨ ਬੁਧਿ ਨੂੰ ਸਵੱਛ ਤੇ 'ਹੈ' ਦੇ ਭਾਵ ਵਿਚ ਰੰਗ ਲੈਂਦਾ ਹੈ। 'ਹੈ' ਜਿਸ ਨੂੰ ਦਾਨੇ 'ਸਤਿ' ਆਖਦੇ ਹਨ, ਸਤਿ ਦੀ ਲੱਖਤਾ ਹੋ ਆਉਂਦੀ ਹੈ ਐਉਂ। ਠੀਕ ਹੈ?

ਮਨਸੁਖ - ਦਿਲ ਲਗਦੀਆਂ ਹਨ ਗੱਲਾਂ, ਪਰ ਸਵਾਦ ਤਾਂ ਕਰਕੇ ਹੀ ਆਸੀ ਨਾ। ਮੈਨੂੰ ਇਕ ਗੱਲ ਦੱਸੋ ਕਿ ਤੁਸੀਂ ਹੁਣ ਬਰਸਾਂ ਤੋਂ ਕਰਦੇ ਹੋ ਨਾ, ਤੁਸਾਂ ਨੂੰ ਕਿਵੇਂ ਦਾ ਸੁਖ ਭਾਸਿਆ ਹੈ?

ਭਗੀਰਥ - ਹਰ ਜੀਵ ਦੇ ਆਪਣੇ 'ਮੈਂ' ਦੇ ਨੁਕਤੇ ਤੇ 'ਮੈਂ' ਦੇ ਆਪਣੇ ਨਿਜ ਦੇ ਦਾਇਰੇ ਦੇ ਅੰਦਰ ਜੋ ਕੁਛ ਹੋ ਰਿਹਾ ਹੈ ਓਸੇ ਨੂੰ ਪਤਾ ਹੈ, ਦੂਸਰੇ ਨੂੰ ਓਥੇ ਦਖਲ ਨਹੀਂ, ਪਰ ਹਰ ਕੋਈ ਆਪਣੇ ਉਥੇ ਦੀ ਹੋ ਰਹੀ ਤੇ ਵਾਪਰੀ ਨੂੰ ਥੋੜ੍ਹਾ ਬਹੁਤ ਵਰਨਣ ਕਰ ਸਕਦਾ ਹੈ ਤੇ ਅਗਲਾ ਸੁਣਨ ਵਾਲਾ ਉਸ ਤੋਂ ਕੋਈ ਖਿਆਲ ਆਪਣਾ ਬਣਾ ਸਕਦਾ ਹੈ, ਸੋ ਇਉਂ ਚਾਹੋ ਤਾਂ ਦਸਦਾ ਹੈ, ਤੁਸੀਂ ਉਸ ਤੋਂ ਆਪਣਾ ਖਿਆਲ ਬਣਾ ਲੈਣਾ। ਉਹ ਐਉਂ ਹੈ ਕਿ ਮੇਰਾ ਮਨ ਤੇ ਇੰਦ੍ਰੇ ਹੁਣ ਅੱਗੇ ਵਾਂਗੂੰ ਧਾਉਂਦੇ ਨਹੀਂ। ਗੁਰੂ ਬਖਸ਼ੇ, ਹੰਕਾਰ ਨਾ ਹੋ ਜਾਏ, ਗੁਰੂ ਮਿਹਰ ਦਾ ਸਦਕਾ ਕੁਛ ਐਉਂ ਦਾ ਹੋ ਰਿਹਾ ਹੈ ਕਿ ਇੰਦ੍ਰੇ ਭੋਗਾਂ ਵਲ ਭੱਜਦੇ ਘੱਟ ਹਨ। ਮਨ ਫੁਰਨਿਆਂ ਵਲੋਂ ਤੇ ਖਿਆਲੀ ਮਹਲ ਉਸਾਰਨ ਵਲ ਘੱਟ ਜਾਂਦਾ ਹੈ। ਸਿਮਰਨ ਵਿਚ ਲਗਦਾ ਹੈ। ਜੋ ਅੱਖਰ ਹਨ ਨਾਮ ਦੇ, ਜੋ ਉਪਦੇਸ਼ ਹੈ-ਨਾਮ ਹੈ, ਅਰਥਾਤ ਸ਼ਬਦ ਜੋ ਗੁਰਾਂ ਨੇ ਬਖਸ਼ਿਆ ਹੈ ਉਸ ਨੂੰ ਸੁਰਤ ਲਿਪਟਦੀ ਹੈ ਸਾਜ਼ ਦੀ ਸੁਰ ਨੂੰ, ਅੰਦਰ ਇਕ 'ਹੈ' ਦਾ ਭਾਵ ਹਰ ਵੇਲੇ ਰਹਿੰਦਾ ਹੈ ਤੇ ਅੰਦਰ ਇਕ ਸੁਅਸਥਤਾਈ ਉਪਜਦੀ ਹੈ, ਨਿਰਮਲਤਾਈ, ਹਲਕਾਪਨ, ਸੁਆਦ, ਸੁਆਦ। ਫਿਰ ਕੀ ਆਖਾਂ, ਆਖਿਆ ਨਹੀਂ ਜਾਂਦਾ, ਆਪਾ ਸੁਹਣਾ, ਸੁਥਰਾ, ਹਲਕਾ ਤੇ ਸੁਅਸਥ ਲਗਦਾ ਹੈ ਆਪ ਨੂੰ। ਐਉਂ ਕਦੇ-ਕਦੇ ਭਾਸਦਾ ਹੈ ਕਿ ਨਿਰਮਲ ਹੋਇਆ ਹੈ ਆਪਾ ਤੇ ਕਿਸੇ ਪ੍ਰਕਾਸ਼ ਨਾਲ ਮਿਲ ਕੇ ਮਾਨੋਂ ਚਮਕ ਰਿਹਾ ਹੈ। ਹੋਰ ਕੀ ਆਖਾਂ? ਕੁਛ ਅੱਗੋਂ ਕਿਹਾ ਨਹੀਂ ਜਾਂਦਾ। ਚਾਨਣਾ ਮਾਤ੍ਰ ਨਾ ਸਮਝ ਲੈਣਾ। ਜਾਣੇ ਸਤਿਗੁਰੂ ਮੈਨੂੰ ਪਤਾ ਨਹੀਂ ਪਰ ਮੈਂ ਸੁਖੀ ਹਾਂ, ਰਸ ਵਿਚ ਹਾਂ ਤੇ ਚਾਹੁੰਦਾ ਹਾਂ ਕਿ ਮੇਰੇ ਅੰਦਰਲੇ ਦਾ ਉਹ ਸੁਖ ਦਾ ਪ੍ਰਵਾਹ ਬਣਿਆ ਰਹੇ। ਮੈਨੂੰ ਉਸ ਅੰਦਰਲੀ ਨਿਰਮਲਤਾਈ ਵੇਲੇ ਵਿਕਾਰ ਤੇ ਭੋਗ ਮੈਲੇ ਭਾਸਦੇ ਹਨ ਤੇ ਉਹ ਸਵੱਛ ਹਾਲਤ ਬੜੀ ਵਾਂਛਤ ਤੇ ਡਾਢੀ ਲੋੜੀਂਦੀ ਲਗਦੀ ਹੈ। ਹੋਰ ਕੀ ਆਖਾਂ, ਮੈਂ ਦਾਤਾ ਜੀ ਦੀ ਮਿਹਰ ਨਾਲ ਸੁਖੀ ਹਾਂ।

ਮਨਸੁਖ - ਸੁਖੀ ਹੁੰਦਾ ਹੈ ਮਨ ਤੇਰੇ ਬਚਨ ਸੁਣ ਕੇ। ਤੇਰਾ ਦਾਤਾ ਕੋਈ ਅਰਸ਼ੀ ਕੌਤਕ ਵਾਲਾ ਜਾਪਦਾ ਹੈ, ਪਰ ਮੈਂ ਭੇਖੀਆਂ ਕੋਲੋਂ ਥੱਕਾ ਹੋਇਆ ਹਾਂ, ਹਾਂ ਜਿਨ੍ਹਾਂ ਦੇ ਮਗਰ ਲੱਖ-ਲੱਖ ਆਦਮੀ ਹੈ ਤੇ ਜੋ ਹੱਥਾਂ ਤੇ ਸਰ੍ਹੋਂ ਜਮਾ ਦਿੰਦੇ ਹਨ, ਜਿਨ੍ਹਾਂ ਪਰ ਲੋਕੀਂ ਘੋਲੀ ਸਦਕੇ ਹੋ ਰਹੇ ਹਨ ਤੇ ਲੱਖਾਂ ਰੁਪਏ ਚਰਨਾਂ ਵਿਚ ਧਰਦੇ ਹਨ, ਪਰ ਮੈਂ ਉਨ੍ਹਾਂ ਦੇ ਨੇੜੇ ਹੋ ਕੇ ਕੋਲ ਹੀ ਤੱਕ-ਤੱਕ ਕੇ ਮੁੜਿਆ ਹਾਂ। ਮੈਂ ਇਸ ਕਰਕੇ ਇਹ ਧਾਰੀ ਹੈ ਕਿ ਜੇ ਤਾਂ ਉਨ੍ਹਾਂ ਜਾਂਦੇ ਸਾਰ ਕਰਾਮਾਤ ਦਿਖਾਈ ਤਾਂ ਮੰਨਸਾਂ। ਜੋ ਪਤੀਆ ਮੈਂ ਲੈਣਾ ਹੈ ਮੈਂ ਮਨ ਧਾਰ ਲਿਆ ਹੈ, ਜੋ ਮੈਂ ਦਸਣਾ ਨਹੀਂ, ਜਾਂਦੇ ਸਾਰ, ਸਨਮੁਖ ਹੁੰਦੇ ਸਾਰ, ਜੇ ਮੇਰੀ ਮਨ ਦੀ ਮੰਨੀ ਕਰ ਦਿਖਾਈਓ ਨੇ ਤਾਂ ਮੰਨ ਲੈਸਾਂ।

ਭਗੀਰਥ - ਇਹ ਸੋਚਾਂ ਕੋਈ ਗੁਣਕਾਰ ਨਹੀਂ। ਕਰਾਮਾਤ ਉਨ੍ਹਾਂ ਅੱਗੇ ਵੱਡੀ ਗੱਲ ਨਹੀਂ, ਗੁਰ ਅਵਤਾਰ ਹਨ। ਕਰਾਮਾਤ ਸਹਿਜੇ ਹੋ ਜਾਏ, ਸ਼੍ਰਮ ਕਰਕੇ ਮਹਾਂਪੁਰਖ ਨਹੀਂ ਕਰਿਆ ਕਰਦੇ। ਤੂੰ ਸਮੁੰਦਰ ਪਾਸੋਂ ਬੂੰਦ ਦੀ ਮੰਗ ਕੀਤੀ ਹੈ, ਓਥੇ ਤਾਂ ਰਤਨਾਂ ਦੇ ਨਿਧਾਨ ਭਰੇ ਪਏ ਹਨ, ਇਕ ਬੂੰਦ ਦੀ ਕੀਹ ਗੱਲ ਹੈ। ਪਰਤਾਵਾ ਲੈਣਾ ਚੰਗਾ ਨਹੀਂ, ਪਰ ਕਰ ਲੈ ਜੇ ਮਨ ਇਉਂ ਪਤੀਜ ਪਵੇ ਤਾਂ।

ਮਨਸੁਖ - ਚੰਗਾ, ਮੈਂ ਤਾਂ ਏਹੋ ਧਾਰ ਲਈ ਹੈ, ਜੋ ਹੋਇ ਸੋ ਹੋਇ।

*ਚਲਦਾ..........।*

# ਸੱਤਵੇਂ ਰਤਨ - ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-53)*

## ਕਲਾਧਾਰੀ

ਬਾਬਾ ਕਰਮ ਸਿੰਘ ਜੀ ਦਾ ਵਾਸਤਾ ਪਥਰਵਤ ਸਖਤ ਤੇ ਰੋਜ਼ ਹੀ ਖੂਨ ਖਰਾਬੇ ਨਾਲ ਵਾਹ ਰਖਣਹਾਰ ਲੋਕਾਂ ਨਾਲ ਵੀ ਸੀ, ਰੋਜ਼ਾਨਾ ਹੀ ਕੋਈ ਨਾ ਕੋਈ ਨਵਾਂ ਹੀ ਕਰਤੱਬ ਤੱਕਣ ਤੇ ਸੁਣਨ ਵਿਚ ਆਉਂਦਾ ਸੀ। ਕਦੇ ਕੋਈ ਪਠਾਣ ਡੇਰੇ ਦਾ ਸਮਾਨ ਜਾਂ ਡੰਗਰ ਚੋਰੀ ਕਰਨ ਆਇਆ ਅੰਨ੍ਹਾ ਹੋਇਆ, ਕਦੇ ਕਿਸੇ ਮਾਈ ਦਾ ਲਾਲ ਗਵਾਚਾ ਤਦ ਬਾਬੇ ਨੇ ਆਪ ਹਰਕਾਰਾ ਹੋ ਕੇ ਉਸ ਨੂੰ ਸੈਂਕੜੇ ਕੋਹਾਂ ਤੋਂ ਫੜ ਕੇ ਲੈ ਆਂਦਾ, ਇਸ ਦੀ ਮਾਤਾ ਨੇ ਵਾਜੇ ਗਾਜੇ ਤੇ ਢੋਲ ਢਮੱਕਿਆਂ ਸਹਿਤ ਆਪ ਦਾ ਸਵਾਗਤ ਕੀਤਾ, ਕਦੇ ਲੰਗਰ ਦਾ ਘਿਉ ਮੁੱਕ ਗਿਆ ਤਦ ਬਾਬਾ ਜੀ ਨੇ ਨਦੀ ਤੋਂ ਉਧਾਰ ਲੈ ਕੇ ਲੰਗਰ ਵਿਚ ਵਰਤ ਲਿਆ, ਫਿਰ ਉਹ ਘਿਉ ਆਉਣ ਪਰ ਨਦੀ ਨੂੰ ਦੇ ਦਿਤਾ।

ਇਕ ਦਿਨ ਇਕ ਅਜੀਬ ਕੌਤਕ ਹੋਇਆ। ਸੰਤ ਜੀ ਮਹਾਰਾਜ ਨਦੀ ਕੰਢੇ ਸਮਾਧੀ ਸਥਿਤ ਬੈਠੇ ਸਨ ਕਿ ਨਜ਼ਦੀਕ ਦੇ ਨਗਰੋਂ ਇਕ ਪਰਿਵਾਰ ਇਕ ਨੌਜਵਾਨ ਨੂੰ ਮੰਜੇ ਪਰ ਪਾ ਕੇ ਲੈ ਆਏ, ਉਸ ਸਮੇਂ ਕਾਫੀ ਦਵਾਈਆਂ ਸਨ ਫਿਰ ਵੀ ਅੱਜ ਵਰਗੀ ਰੇਲ ਪੇਲ ਨਹੀਂ ਸੀ। ਸੋ ਇਹ ਵੀ ਲਾ ਇਲਾਜ ਸੀ, ਡਾਕਟਰਾਂ ਨੇ ਜਵਾਬ ਦੇ ਦਿਤਾ ਸੀ, ਮਰਜ਼ ਵਧਦਾ ਹੀ ਗਿਆ ਸੀ, ਕਿਧਰੋਂ ਵੀ ਕੋਈ ਮੋੜ ਨਹੀਂ ਪੈ ਰਿਹਾ ਸੀ, ਪੀੜਾ ਇਤਨੀ ਸੀ ਕਿ ਹਰ ਸਮੇਂ ਚੀਸਾਂ ਪੈਣ ਕਰਕੇ ਉਹ ਹੂੰਗਣ ਤੋਂ ਵੀ ਰੁਕ ਗਈ ਸੀ, ਇਸ ਦੇ ਚਿਹਰੇ ਤੋਂ ਇਸ ਦੇ ਮਨ ਦੀ ਪੀੜਾਂ ਨੂੰ ਪੜ੍ਹਿਆ ਜਾ ਸਕਦਾ ਸੀ, ਇਸ ਦਾ ਸਾਰਾ ਪਰਿਵਾਰ ਵੀ ਜਾਣੋ ਇਸੇ ਦੀ ਪੀੜਾ ਦਾ ਸਾਥੀ ਹੋ ਗਿਆ ਸੀ। ਸਾਰੇ ਹੀ ਟੱਬਰ ਦੀਂ ਕਈ ਦਿਨਾਂ ਤੋਂ ਨੀਂਦ ਹਰਾਮ ਹੋ ਚੁੱਕੀ ਸੀ, ਦਿਨੇ ਡਾਕਟਰਾਂ ਮਗਰ ਫਿਰਨਾ ਤੇ ਰਾਤ ਨੂੰ ਇਸ ਚੀਕਾਂ ਮਾਰ ਕੇ ਅੱਬੜਵਾਹ ਉੱਠ-ਉੱਠ ਬੈਠਣਾ। ਇਹ ਵਿਉਹਾਰ ਹੀ ਬਣਿਆ ਹੋਇਆ ਸੀ। ਬਾਬੇ ਦਾ ਦਰਬਾਰ ਇਨ੍ਹਾਂ ਲਈ ਦਰਦੀ ਤੇ ਦਰਦਾਂ ਵਾਲਾ ਦੋਹਾਂ ਲਈ ਹੀ ਸਾਂਝਾ ਸੀ, ਉਹ ਦਰਦੀ ਸੀ, ਸਰਬ ਦੀਆਂ ਪੀੜਾਂ ਦਾ ਸਾਂਝੀ ਸੀ। ਦੂਸਰੇ ਦੇ ਦਰਦ ਨੂੰ ਆਪਣਾ ਅਨੁਭਵ ਕਰਨਹਾਰ ਸੀ, ਸੋ ਉਸ ਕੋਲ ਲਿਆ ਕੇ ਜਿਸ ਤਰ੍ਹਾਂ ਘਰ ਵਾਲਿਆਂ ਨੇ ਆਪਣਾ ਸਾਰਾ ਹੀ ਬੋਝ ਬਾਬੇ ਦੇ ਜ਼ਿੰਮੇ ਪਾ ਦਿਤਾ ਸੀ, ਇਸ ਦਾ ਮੰਜਾ ਡੇਰੇ ਤੋਂ ਬਾਹਰ ਹੀ ਪਿਆ ਸੀ ਤੇ ਬਾਬਾ ਸਮਾਧੀ ਤੋਂ ਉੱਠ ਕੇ ਹਰ ਪਾਸੇ ਪ੍ਰਭੂ ਦਾ ਵਾਸਾ ਤਕਦਾ ਹੋਇਆ ਤੁਰਿਆ ਆ ਰਿਹਾ ਸੀ, ਅੱਗੋਂ ਇਹ ਦੁਖੀ ਪਰਿਵਾਰ ਆ ਚਰਨੀਂ ਢੱਠਾ, ਬਾਬਾ ਜੀ ਨੇ ਆਉਣ ਦਾ ਕਾਰਨ ਪੁੱਛਿਆ ਤਦ ਇਸ ਪਰਿਵਾਰ ਨੇ ਰਜ਼ਾਈ ਨਾਲ ਮੂੰਹ ਢਕੀਂ ਪਏ ਹੋਏ ਜਵਾਨ ਬੱਚੇ ਦੀ ਕਹਾਣੀ ਦੱਸੀ।

ਬਾਬਾ ਜੀ ਮਿਹਰ ਕਰਕੇ ਦੋ ਮਿੰਟ ਇਧਰ ਨੂੰ ਤੱਕਿਆ ਤੇ ਫਿਰ ਮੁਸਕਰਾ ਪਏ ਤੇ ਫੁਰਮਾਇਆ, ਤੁਹਾਨੂੰ ਇਹ ਪਤਾ ਹੀ ਹੈ ਕਿ ਅਸੀਂ ਕੋਈ ਵੈਦਕ ਡਾਕਟਰੀ ਤਾਂ ਪੜ੍ਹੇ ਹੀ ਨਹੀਂ, ਅਸੀਂ ਤਾਂ ਸਿੱਧੇ ਸਾਧ ਹਾਂ, ਨੌਕਰੀ ਕੀਤੀ ਹੈ ਪਹਿਲਾਂ ਦੁਨੀਆਂ ਦੀ ਝੂਠੀ ਤੇ ਨਾ ਰਹਿਣਹਾਰ ਸਰਕਾਰ ਦੀ, ਫਿਰ ਹੁਣ ਉਸਨੂੰ ਛੱਡ ਕੇ ਜਦੋਂ ਸੱਚ ਦੀ ਸੋਝੀ ਹੋ ਪਈ ਤਦ ਸੱਚੀ ਤੇ ਸਥਿਰ ਸਰਕਾਰ ਨੇ ਦਰ ਦੀ ਪਹਿਰੇਦਾਰੀ ਸੰਭਾਲ ਦਿਤੀ। ਸੋ ਸਾਡੇ ਇਲਾਜ ਵੀ ਕੁਦਰਤੀ ਹੀ ਹਨ, ਜਿਸ ਤਰ੍ਹਾਂ ਬਹੁਤੇ ਬੁਖਾਰ ਨੂੰ ਪਾਣੀ ਪੱਟੀ ਨਾਲ ਸਾਫ ਕੀਤਾ ਜਾਂਦਾ ਹੈ, ਬੁਖਾਰ ਘਟਦਾ ਵੀ ਹੈ, ਇਸੇ ਹੀ ਤਰ੍ਹਾਂ ਸਾਡਾ ਤਾਂ ਹਰ ਇਕ ਇਲਾਜ ਮਿੱਟੀ ਤੇ ਪਾਣੀ ਨਾਲ ਹੀ ਹੋ ਸਕਦਾ ਹੈ, ਤੁਸੀਂ ਇਸ ਨੂੰ ਨਦੀ ਦੇ ਕਿਨਾਰੇ ਰਖ ਕੇ ਇਸ ਪਰ ਪਾਣੀ ਪਾਉਣਾ ਆਰੰਭ ਕਰੋ, ਇਸ ਨਾਲ ਰੋਗ ਧੁੱਪ ਕੇ ਨੌਂ ਬਰ ਨੌਂ ਬਰ ਹੋ ਜਾਏਗਾ। ਘਰਦਿਆਂ ਦੇ ਹੱਥੋਂ ਤੋਤੇ ਉਡ ਗਏ, ਪਾਣੀ ਠੰਡਾ ਬਰਫ ਵਰਗਾ ਤੇ ਫਿਰ ਉਹ ਵੀ ਨਮੂਨੀਏ ਦੇ ਮਰੀਜ਼ ਪਰ ਪਾਣਾ ਇਹ ਐਸਾ ਇਲਾਜ ਸੀ ਜੋ ਕੋਈ ਵੀ ਮਨੁੱਖ ਮੰਨ ਹੀ ਨਾ ਸਕੇ। ਬੁੱਧੀ ਇਸ ਇਲਾਜ ਨੂੰ ਕਦੇ ਵੀ ਪ੍ਰਵਾਨ ਨਹੀਂ ਕਰ ਸਕਦੀ ਸੀ। ਪਰ ਫਿਰ ਵੀ ਉਹ ਡਾਕਟਰ ਤੇ ਵੈਦਾਂ ਪਾਸੋਂ ਤਾਂ ਨਿਰਾਸ਼ ਹੋ ਕੇ ਹੀ ਮੁੜੇ ਸਨ। ਹੁਣ ਹੋਰ ਕੀ ਕਰਨਾ ਸੀ, ਕਿਧਰੇ ਜਾਣਾ ਵੀ ਜਾਇਜ਼ ਨਹੀਂ ਸੀ। ਸੋ ਸਰੀਰ ਨੂੰ ਮਹਾਂਪੁਰਖਾਂ ਦੀ ਆਗਿਆ ਵਿਚ ਭੇਂਟ ਕਰਨ ਤੇ ਅੰਤਮ ਸਵਾਸ ਗੁਰੂ ਦੀ ਯਾਦ ਅੰਦਰ ਬਤੀਤ ਕਰਨ ਦੀ ਗੱਲ ਯਾਦ ਕਰਕੇ ਇਹ ਹੁਕਮ ਮੰਨਣ ਲਈ ਤਿਆਰ ਹੋ ਗਏ। ਹੱਥ ਬੰਨ੍ਹ ਕੇ ਕਾਰਵਾਈ ਕਰਨ ਦੀ ਆਗਿਆ ਚਾਹੀ। ਮਹਾਂਪੁਰਖ ਨੇ ਫਿਰ ਦੁਬਾਰਾ ਉਹੀ ਹੁਕਮ ਕੀਤਾ। ਇਹ ਨਦੀ ਕਈ ਸਾਲਾਂ ਤੋਂ ਸਿਮਰਨ ਦੀਆਂ ਲਹਿਰਾਂ ਸੁਣਦੀ ਆ ਰਹੀ ਹੈ, ਇਹ ਜਾਣਦੀ ਹੈ ਕਿਸ ਤਰ੍ਹਾਂ ਲਿਵ ਅੰਦਰ ਲਹਿਰਾਂ ਤੋਂ ਲਹਿਰਾਂ ਪੈਦਾ ਹੋ ਕੇ ਸੰਸਾਰ ਮਾਤਰ ਦੇ ਉਧਾਰ ਦੀ ਮਹਾਨ ਸਤਾ ਮਹਾਂਪੁਰਸ਼ਾਂ ਵਿਚ ਪੈਦਾ ਹੁੰਦੀ ਹੈ, ਕਿਵੇਂ ਆਪਾ ਠਾਰ ਕੇ ਆਪਾ ਗੰਦਾ ਕਰਕੇ ਲੋਕਾਂ ਦੇ ਕੱਪੜੇ ਮੈਲੇ ਸਰੀਰ ਤੇ ਮਲ ਧੋਈਦੀ ਹੈ। ਇਹ ਇਸ ਨੂੰ ਕੁਦਰਤ ਵਲੋਂ ਦਿਤਾ ਹੋਇਆ ਆਗਿਆ ਵਿਚ ਚਲਣਹਾਰ ਨਦੀ ਨੂੰ ਉਸ ਦੇ ਸਪੁਰਦ ਕਰਨ ਲੱਗੇ ਹਾਂ। ਫਿਰ ਤਦੋਂ ਇਹ ਠੰਡਾ ਤੇ ਨਿਰਮਲ ਜਲ ਕੀ ਕਰਾਮਾਤ ਆਪਣੇ ਅੰਦਰ ਰਖਦਾ ਹੈ?

ਨੌਜਵਾਨ ਦੇ ਘਰਦਿਆਂ ਨੇ ਆਸ਼ਾ ਤੇ ਨਿਰਾਸ਼ਾ ਦੇ ਦਰਮਿਆਨ ਖਲ੍ਹੋ ਕੇ ਦਿਲ ਦੇ ਨਾ ਚਾਹੁੰਦਿਆਂ ਹੋਇਆਂ

ਵੀ ਨੌਜਵਾਨ ਨੂੰ ਚੁੱਕ ਕੇ ਨਦੀ ਦੇ ਕੰਢੇ ਪਾ ਦਿਤਾ, ਇਥੇ ਉਹ ਕਾਫੀ ਦੁੱਖ ਅਨੁਭਵ ਕਰਨ ਲੱਗਾ ਕਿਉਂਕਿ ਉਸ ਨੂੰ ਬਗੈਰ ਕੱਪੜੇ ਤੋਂ ਨੰਗੇ ਪਾ ਦਿਤਾ ਸੀ। ਉਪਰੋਂ ਪਾਣੀ ਦੀਆਂ ਬਾਲਟੀਆਂ ਭਰ-ਭਰ ਪਾਣ ਲੱਗੇ। ਉਹ ਪਹਿਲਾਂ ਘਬਰਾਇਆ ਫਿਰ ਉਹ ਬੇਹੋਸ਼ ਹੋ ਗਿਆ, ਪਰ ਪਾਣੀ ਵਾਲਿਆਂ ਨੇ ਪਾਣੀ ਪਾਉਣਾ ਬੰਦ ਨਹੀਂ ਕੀਤਾ ਤੇ ਨਾ ਹੀ ਉਸ ਦੇ ਬੇਹੋਸ਼ ਹੋ ਜਾਣ ਦਾ ਕੋਈ ਫਿਕਰ ਹੀ ਕੀਤਾ, ਉਨ੍ਹਾਂ ਵਿਚੋਂ ਕਈ ਇਸੇ ਹੀ ਨਿਸ਼ਚੇ ਦੇ ਸਨ ਕਿ ਇਸ ਦੀ ਮੌਤ ਯਕੀਨੀ ਹੈ, ਨਮੂਨੀਏ ਵਿਚ ਤਾਂ ਸਵਾਏ ਜ਼ਹਿਰੀਲੀਆਂ ਚੀਜ਼ਾਂ ਖਵਾ ਕੇ ਉਸ ਕਿਸੇ ਵੀ ਤਰ੍ਹਾਂ ਪਾਣੀ ਪਿਲਾਇਆ ਹੀ ਨਹੀਂ ਜਾਂਦਾ, ਸਲਫਾ ਦੀ ਵਰਤੋਂ ਕਰਕੇ ਆਮ ਪਾਣੀ ਦਿਤਾ ਜਾਂਦਾ ਹੈ। ਪਰ ਇਹ ਵੀ ਜ਼ਰੂਰੀ ਨਹੀਂ ਕਿ ਉਹ ਪਾਣੀ ਪੀਣ ਦੀ ਜਗ੍ਹਾ ਉਪਰ ਪਾਇਆ ਹੋਇਆ ਸਲਫਾ ਵੀ ਕੰਮ ਦੇ ਸਕੇ?

ਪਾਣੀ ਸੁਟਦਿਆਂ ਕਾਫੀ ਦੇਰ ਹੋ ਗਈ। ਉਸ ਦਾ ਸਰੀਰ ਤੜਪ ਕੇ ਫਿਰ ਸਮਾਂ ਹੋਣ ਪਰ ਹਿਲਿਆ ਤੇ ਆਖਰ ਕਾਫੀ ਸਮੇਂ ਪਿਛੋਂ ਉਹ ਉਠ ਕੇ ਬੈਠ ਗਿਆ। ਬਾਬਾ ਜੀ ਨੇ ਉਸ ਨੂੰ ਕੱਪੜੇ ਪਵਾਏ, ਪਿੰਡਾ (ਸਰੀਰ) ਪਹਿਲਾਂ ਚੰਗੀ ਤਰ੍ਹਾਂ ਸਾਫ ਕਰਵਾਇਆ ਤੇ ਆਖਰ ਧੁੱਪੇ ਬਿਠਾ ਕੇ ਗਰਮ-ਗਰਮ ਚਾਹ ਪੀਣ ਨੂੰ ਦਿਤੀ। ਦੋ ਚਿੱਟੀਆਂ ਗੋਲੀਆਂ ਜੋ ਪਤਾ ਨਹੀਂ ਕੁਨੈਨ ਸੀ ਕਿ ਕੋਈ ਹੋਰ ਦਿਤੀਆਂ ਤੇ ਉਸ ਨੂੰ ਘਰ ਜਾ ਕੇ ਗੁਰੂ-ਗੁਰੂ ਜਪਣ ਦੀ ਆਗਿਆ ਕਰਕੇ ਘਰ ਨੂੰ ਤੋਰਿਆ। ਇਸ ਘਟਨਾ ਨੇ ਬਾਬਾ ਜੀ ਦੀ ਮਹਿਮਾ ਅਤਿਅੰਤ ਕਰ ਦਿਤੀ। ਹਰ ਪਾਸੇ ਲੋਕ ਕ੍ਰਿਤਗਯ ਤੇ ਗਦ-ਗਦ ਹੋਏ ਮਨ ਨਾਲ ਮਹਾਂਪੁਰਸ਼ਾਂ ਦੀ ਸੰਗਤ ਕਰਨ ਆਉਂਦੇ ਸਨ। ਬਾਬਾ ਜੀ ਦਾ ਵਰਤਾਉ ਹਰ ਸਮੇਂ ਹਰ ਮਨੁੱਖ ਨਾਲ ਉਸ ਦੀ ਮਨੋ ਕਾਮਨਾ ਤੇ ਮਨੋ ਬਿਰਤੀ ਵਾਲਾ ਹੀ ਹੁੰਦਾ ਸੀ। ਜੋ ਮਨੁੱਖ ਉੱਚੀਆਂ ਮਾਨਸਿਕ ਗੱਲਾਂ ਨਹੀਂ ਸਨ ਕਰਦੇ, ਬਾਬਾ ਜੀ ਉਹਨਾਂ ਨੂੰ ਕਦੇ ਵੀ ਘਰੇਲੂ ਲੋੜਾਂ ਬੱਚਿਆਂ ਦੀ ਸਿਹਤ ਤੇ ਮੁਕੱਦਮੇ ਆਦਿ ਤੋਂ ਅੱਗੇ ਨਹੀਂ ਸੋਚਣ ਦਿੰਦੇ ਸਨ, ਉਹ ਮਨ ਦੀਆਂ ਕਹਾਣੀਆਂ ਨਾਲ ਹੀ ਮਨੁੱਖ ਨੂੰ ਤੋਰਦੇ, ਉਹ ਉਸ ਦੇ ਵਿਚਾਰਾਂ ਵਿਚ ਉਸ ਨੂੰ ਪਾਈ ਰਖਦੇ ਸਨ, ਉਹ ਕੱਚ ਦੇ ਵਿਉਪਰੀ ਨੂੰ ਕਦੇ ਸੁੱਚੇ ਮੋਤੀ ਨਹੀਂ ਵਿਖਾਉਂਦੇ ਸਨ, ਕਿਉਂਕਿ ਇਸ ਤਰ੍ਹਾਂ ਉਸ ਪਦਾਰਥ ਦਾ ਮੁੱਲ ਘਟਦਾ ਹੀ ਨਹੀਂ, ਮਰ ਜਾਂਦਾ ਹੈ।

## ਮਾਨਸਰੋਵਰ ਹੰਸਲਾ

